# ਸਮਤਾ

ਅਗਸਤ 1980 (ਅੰਕ 03)

ਸੰਪ਼ਾਦਕ: ਗੁਰਸ਼ਰਨ ਸਿੰਘ (1929-2011)


ਇਸ ਅੰਕ ਦੇ ਸੰਪਾਦਕ: ਅਮਰਜੀਤ ਚੰਦਨ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿਚੋਂ।

# ਸਮਤਾ

ਅਗਸਤ 1980



ਮੁੱਲ ਦੋ ਰੁਪਏ

# ਐਡੀਟਰੀ

'ਸਮਤਾ' ਦਾ ਤੀਜਾ ਅੰਕ ਪਾਠਕਾਂ ਦੇ ਹੱਥਾਂ ਵਿਚ ਹੈ ।

ਪ੍ਰਗਤੀਵਾਦੀ ਸਾਹਿਤ ਦੀਆਂ ਸਮੱਸਿਆਵਾਂ ਬਾਰੇ ਗੰਭੀਰਤਾ ਨਾਲ ਸੋਚਣ ਤੇ ਉਨ੍ਹਾਂ ਨੂੰ ਨਜਿੱਠਣ ਲਈ 'ਸਮਤਾ' ਸਦਾ ਯਤਨਸ਼ੀਲ ਰਹੇਗਾ । ਇਨ੍ਹਾਂ ਮਸਲਿਆਂ ਨੂੰ ਵੱਖ ਵੱਖ ਪਹਿਲੂਆਂ ਤੋਂ ਵੇਖਣ ਦੀ ਲੋੜ ਹੈ, ਸੋ ਵਿਚਾਰਾਂ ਦਾ ਟਕਰਾਅ ਜ਼ਰੂਰੀ ਹੈ । ਸਮਤਾ ਵਿਚ ਪ੍ਰਕਾਸ਼ਿਤ ਰਚਨਾਂਵਾਂ ਦੀ ਚੋਣ ਪਿਛੇ ਵੀ ਇਹੀ ਤਰਕ ਕੰਮ ਕਰਦਾ ਹੈ ।

ਹਥਲੇ ਅੰਕ ਵਿਚ ਬੰਗਾਲੀ ਦੀ ਪ੍ਰਸਿੱਧ ਲੇਖਕਾ ਮਹਾਸ਼ਵੇਤਾ ਦੇਵੀ ਦਾ ਲੇਖ ਅਜੋਕੇ ਸਾਹਿਤ ਦੀਆਂ ਸਮਸਿਆਵਾਂ ਬਾਰੇ ਹੈ । ਲੇਖਿਕਾ ਦੀਆਂ ਬਹੁਤੀਆਂ ਰਚਨਾਵਾਂ ਦਾ ਸਬੰਧ ਲੋਕ-ਲਹਿਰਾਂ ਨਾਲ ਹੈ । ਉਸ ਦੇ ਨਾਵਲਾਂ ਵਿਚੋਂ 1084ਵੇਂ ਦੀ ਮਾਂ, ਅਗਨੀ ਗਰਭ, ਜੰਗਲ ਦੇ ਦਾਵੇਦਾਰ, ਤੇ ਮਾਸਟਰ ਜੀ ਆਦਿ ਪ੍ਰਮੁੱਖ ਹਨ । ਪਿਛਲੇ ਅੰਕ ਵਿਚ ਉਨ੍ਹਾਂ ਨਾਲ ਕੀਤੀ ਗਈ ਮੁਲਾਕਾਤ ਪ੍ਰਕਾਸ਼ਿਤ ਕੀਤੀ ਸੀ ।

ਇਸ ਲੇਖ ਵਿਚ ਉਨ੍ਹਾਂ ਨੇ ਕੁਝ ਅਹਿਮ ਨੁਕਤਿਆਂ ਵੱਲ ਸਾਡਾ ਧਿਆਨ ਦਵਾਇਆ ਹੈ । ਭਾਵੇਂ ਉਨ੍ਹਾਂ ਦੀ ਚਰਚਾ ਦਾ ਧੁਰਾ ਨਕਸਲਵਾਦੀ-ਲਹਿਰ ਹੈ, ਪਰ ਦਸਣਾ ਉਹ ਦਰਅਸਲ ਇਹ ਚਾਹੁੰਦੇ ਹਨ ਕਿ ਅਜੋਕੀ ਸਥਿਤੀ ਵਿਚ ਅਜ ਦੇ ਲੇਖਕ ਦਾ ਕੀ ਫ਼ਰਜ਼ ਹੈ ? ਕਿਸੇ ਲੋਕ ਲਹਿਰ ਨੂੰ ਸਮਝਣ ਲਈ ਉਸ ਸੰਬੰਧੀ ਭਰਮਪਾਊ ਤੇ ਗ਼ਲਤ ਸਾਹਿਤ ਦੀ ਅਸਲੀਅਤ ਨੂੰ ਸਮਝਣਾ ਜ਼ਰੂਰੀ ਹੈ । ਇਸ ਲਈ ਸਹੀ ਪਰਿਪੇਖ ਵਿਚ ਰੱਖ ਕੇ ਉਸ ਦੇ ਮੁੱਲ-ਅੰਕਣ ਦੀ ਲੋੜ ਹੈ । ਕਿਸੇ ਵਿਸ਼ੇ ਦਾ ਲੋਕ ਲਹਿਰ ਨਾਲ ਸੰਬੰਧਿਤ ਹੋਣਾ ਹੀ ਉਸ ਦਾ ਪ੍ਰਗਤੀਵਾਦੀ ਪੱਖ ਨਹੀਂ ਹੈ । ਉਸ ਦਾ ਪ੍ਰਗਤੀਵਾਦੀ ਹੋਣਾ ਉਸ ਦੇ ਮੰਤਵ ਤੇ ਉਸਦੀ ਸਫਲ ਪੇਸ਼ਕਾਰੀ ਵਿਚ ਹੈ । ਇਨ੍ਹਾਂ ਮੁੱਢਲੀਆਂ ਲੋੜਾਂ ਪ੍ਰਤੀ ਸਮਝ ਦੀ ਘਾਟ ਕਰਕੇ ਹੀ ਕਈ ਪ੍ਰਗਤੀਵਾਦੀ ਲੇਖਕ ਗਲਤ ਰੁਚੀਆਂ ਦਾ ਸ਼ਿਕਾਰ ਹੋ ਕੇ ਕੁਰਾਹੇ ਪਏ ਨਜ਼ਰ ਆਉਂਦੇ ਹਨ ।

ਲੇਖਕ ਕੇਵਲ ਅਨੁਭਵ ਤੇ ਹੀ ਨਿਰਭਰ ਨਹੀਂ ਕਰ ਸਕਦਾ । ਉਸ ਨੂੰ ਦਰਸ਼ਨ ਦੀ ਵੀ ਲੋੜ ਹੈ ਜੋ ਉਸ ਦੇ ਅਨੁਭਵ ਨੂੰ ਵਿਸ਼ਾਲ ਤੇ ਪਕਿਆਈ ਦਿੰਦਾ ਹੈ । ਪ੍ਰੇਮ ਚੰਦ ਦੇ ਸਾਹਿੱਤਕ ਜੀਵਨ ਦੇ ਵਿਕਾਸ ਤੋਂ ਇਹ ਗੱਲ ਸਪਸ਼ਟ ਹੈ ਕਿ ਉਸ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਉਸ ਦੇ ਅਨੁਭਵ ਨਾਲ ਹੀ ਜੁੜੇ ਹੋਣਾ ਹੈ । ਉਨ੍ਹਾਂ ਦੀਆਂ ਵਿਚਾਰਧਾਰਕ ਸੀਮਾਵਾਂ ਦੀ ਜਾਣਕਾਰੀ ਉਨ੍ਹਾਂ ਦੇ ਲੇਖ 'ਮਹਾਜਨੀ ਸਭਿਅਤਾ' ਤੋਂ ਮਿਲਦੀ ਹੈ । ਵਿਚਾਰਧਾਰਕ ਪਕਿਆਈ ਦੀ ਘਾਟ ਕਰਕੇ ਉਹ ਇਤਿਹਾਸ ਨੂੰ ਸਮਝਣ ਵਿਚ ਗਲਤੀ ਖਾ ਜਾਂਦੇ ਹਨ । ਉਨ੍ਹਾਂ ਦਾ ਅਨੁਭਵ ਵਰਤਮਾਨ ਦੇ ਯਥਾਰਥ ਤਕ ਹੀ ਸੀਮਿਤ ਰਹਿ ਜਾਂਦਾ ਹੈ ।

ਵਿਚਾਰਧਾਰਾ ਦੀ ਸਾਹਿਤਕ ਪੇਸ਼ਕਾਰੀ ਤੇ ਉਸਦੀ ਨਵੇਕਲੀ ਜਗਤ ਇਨ੍ਹਾਂ ਅਹਿਮ ਨੁਕਤਿਆਂ ਬਾਰੇ ਸੁਰਜੀਤ ਹਾਂਸ ਨੇ ਵਿਸਤਾਰ ਨਾਲ ਚਰਚਾ ਕੀਤੀ ਹੈ । ਉਨ੍ਹਾਂ ਅਨੁਸਾਰ ਇਸ ਮਸਲੇ ਨੂੰ ਸਿਖ ਸਾਹਿਤ ਵਿਚ ਨਜਿੱਠਿਆ ਜਾ ਚੁਕਿਆ ਹੈ । ਲੋੜ ਇਸ ਤੋਂ ਸਿੱਖਣ ਦੀ ਹੈ ।

ਇਸ ਅੰਕ ਤੋਂ ਨਵਾਂ ਕਾਲਮ 'ਪਾਠਕੀ' ਸ਼ੁਰੂ ਕੀਤਾ ਜਾ ਰਿਹਾ ਹੈ । ਜਿਥੇ ਪਾਠਕਾਂ ਦੀਆਂ ਰਾਵਾਂ ਰਸਾਲੇ ਨੂੰ ਇਸ ਦੀ ਵਿਚਾਰਧਾਰਕ ਸੇਧ ਪ੍ਰਤੀ ਸੁਚੇਤ ਰੱਖਣ ਵਿਚ ਸਹਾਈ ਹੁੰਦੀਆਂ ਹਨ, ਉਥੇ ਸਿਹਤਮੰਦ ਵਿਚਾਰਾਂ ਦੇ ਵਿਕਾਸ ਲਈ ਵੀ ਅਹਿਮ ਹੁੰਦੀਆਂ ਹਨ । ਪਰ ਇਸ ਲਈ ਇਹ ਜ਼ਰੂਰੀ ਹੈ ਕਿ ਵਿਚਾਰਾਂ ਦੀ ਇਸ ਪਿੜ ਵਿਚ ਗੰਭੀਰਤਾ ਨਾਲ ਸ਼ਾਮਿਲ ਹੋਇਆ ਜਾਵੇ । ਅੱਗੇ ਤੋਂ ਉਹੀ ਚਿੱਠੀ ਪ੍ਰਕਾਸ਼ਿਤ ਕੀਤੀ ਜਾਵੇਗੀ, ਜਿਸ ਵਿਚ ਕੋਈ ਗੰਭੀਰ ਮਸਲੇ ਬਾਰੇ ਚਰਚਾ ਕੀਤੀ ਗਈ ਹੋਵੇ ।

ਬਹੁਤ ਸਾਰੇ ਪਾਠਕਾਂ ਨੇ ਗਿਲਾ ਕੀਤਾ ਹੈ ਕਿ ਬਹੁਤੀਆਂ ਰਚਨਾਵਾਂ ਅਨੁਵਾਦਿਤ ਹੁੰਦੀਆਂ ਤੇ ਮੌਲਿਕ ਰਚਨਾਵਾਂ ਦੀ ਘਾਟ ਹੈ ਪਰ ਇਸ ਵਿਚ ਸਾਡੀ ਅਸਮਰੱਥਾ ਹੈ । ਚੰਗੀਆਂ ਮੌਲਿਕ ਰਚਨਾਵਾਂ ਬਹੁਤ ਘੱਟ ਪ੍ਰਾਪਤ ਹੁੰਦੀਆਂ ਹਨ । ਚੰਗੀ ਮੌਲਿਕ ਰਚਨਾ ਲਈ ਅਸੀਂ ਹਮੇਸ਼ਾਂ ਕੋਸ਼ਿਸ਼ ਕਰਦੇ ਰਹਿੰਦੇ ਹਾਂ । ਹਰ ਚੰਗੀ ਮੌਲਿਕ ਰਚਨਾ ਨੂੰ ਪ੍ਰਕਾਸ਼ਿਤ ਕਰਨਾ ਸਾਡਾ ਫਰਜ਼ ਹੈ ਭਾਵੇਂ ਉਸਦਾ ਲਿਖਾਰੀ ਨਵਾਂ ਹੀ ਕਿਉਂ ਨਾ ਹੋਵੇ । ਪਰ ਇਸ ਦੇ ਨਾਲ ਹੀ ਅਸੀਂ ਇਸ ਗੱਲ ਬਾਰੇ ਵੀ ਸਪਸ਼ਟ ਹਾਂ ਕਿ ਮੌਲਿਕਤਾ ਦੇ ਨਾਂ ਤੇ ਘਟੀਆ ਰਚਨਾਵਾਂ ਪ੍ਰਕਾਸ਼ਿਤ ਕਰਨ ਨਾਲੋਂ ਅਨੁਵਾਦ ਛਾਪਣਾ ਕਿਤੇ ਵੱਧ ਚੰਗਾ ਹੈ ।

ਇਸ ਅੰਕ ਵਿਚ ਪੁਸਤਕ ਰਿਵੀਊ ਵਾਲਾ ਕਾਲਮ 'ਕਿਤਾਬਾਂ' ਤੇ ਸਿਆਸੀ ਥੀਏਟਰ ਬਾਰੇ ਚਰਚਾ ਦਿਤੀ ਨਹੀਂ ਜਾ ਸਕੀ । ਅਗਲੇ ਅੰਕ ਵਿਚ ਇਹ ਪਹਿਲਾਂ ਵਾਂਗ ਹੀ ਦਿਤੀ ਜਾਵੇਗੀ ।

ਉਮੀਦ ਹੈ 'ਸਮਤਾ' ਨੂੰ ਸੁਲਝੇ ਹੋਏ ਵਿਚਾਰਾਂ ਵਾਲੇ ਪਾਠਕਾਂ ਦਾ ਹੁੰਗਾਰਾ ਮਿਲਦਾ ਰਹੇਗਾ । ○

ਜੁਲਾਈ 1980

ਸਰਵਰਕ ਡੀਜ਼ਾਈਨ : ਪ੍ਰੀਯੇਲੀਨ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ


ਮਹਾਸਵੇਤਾ ਦੇਵੀ 2 ਅਜੋਕਾ ਲੇਖਨ

ਨਸੀਮ ਅਹਿਮਦ ਖਰਲ 9 ਚੌਤੀਵਾਂ ਦਰਵਾਜ਼ਾ (ਕਹਾਣੀ)

ਅਵਤਾਰ ਜੰਡਿਆਲਵੀ 14 ਬੱਬਰਾਂ ਦੇ ਨਾਂ (ਕਵਿਤ)

ਕੇਦਾਰ ਨਾਥ 15 ਆਵਾਜ਼ (ਹਿੰਦੀ ਕਵਿਤਾ)

ਕੁਮਾਰ ਵਿਕਲ 16 ਖਿੜਕੀਆਂ (ਕਵਿਤਾ)

ਰਮੇਸ਼ ਉਪਾਧਿਆਏ 18 ਹਰੀਜਨ-ਦਹਨ (ਨਾਟਕ)

ਚਮਨ ਲਾਲ 27 ਪ੍ਰੇਮ ਚੰਦ—ਲੋਕ ਸਭਿਆਚਾਰ ਦੀ ਵਿਰਾਸਤ

ਪ੍ਰੇਮ ਚੰਦ 29 ਮਹਾਜਨੀ ਸਭਿਅਤਾ

ਸ਼ੇਖਰ ਜੋਸ਼ੀ 34 ਬਦਬੂ

ਸੁਰਜੀਤ ਹਾਂਸ 40 ਪ੍ਰਗਤੀਵਾਦੀ ਅਨੁਭਵ ਤੇ ਜੁਗਤ

ਗੁਰਸ਼ਰਨ ਸਿੰਘ 44 ਇਹ ਹਮਾਰਾ ਜੀਵਨਾ

49 ਪਾਠਕੀ

ਸੰਤ ਸਿੰਘ ਸੇਖੋਂ ਦੇ ਸ਼ਹੀਦ ਭਗਤ ਸਿੰਘ ਬਾਰੇ

ਅਨਮੋਲ ਬਚਨ (ਟਾਈਟਲ ਦੇ ਪਿੱਛੇ)



ਸੰਪਾਦਕ : ਅਮਰਜੀਤ ਚੰਦਨ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਰਜ਼, 14 ਭਾਈ ਵੀਰ ਸਿੰਘ ਮਾਰਕੀਟ, ਪੁਤਲੀਘਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਮਾ : ਗੁਰੂ ਖ਼ਾਲਸਾ ਨਿਵਾਸ, ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ 143002

ਵਾਰਸ਼ਿਕ ਚੰਦਾ : ਦੇਸ਼ 20 ਰੁਪਏ, ਵਿਦੇਸ਼ 60 ਰੁਪਏ

# ਅਜੋਕਾ ਲੇਖਨ : ਕੁਝ ਸਵਾਲ

ਮਹਾਸ਼ਵੇਤਾ ਦੇਵੀ

ਪਿਛਲੀ ਬਿਮਾਰੀ ਮਗਰੋਂ ਇਧਰ ਮੇਰੇ ਸਿਰ 'ਚ ਅਜ਼ੀਬ ਜਿਹਾ ਦਰਦ ਰਹਿੰਦਾ ਹੈ—ਦਿਮਾਗ 'ਚ ਅਜੇਹੀ ਚੋਭ ਰਹਿੰਦੀ ਹੈ ਕਿ ਮੈਂ ਪਰੇਸ਼ਾਨ ਹੋ ਜਾਂਦੀ ਹਾਂ। ਕਿਉਂਕਿ ਇਸ ਦਰਦ ਨੂੰ ਮੈਂ ਬਿਆਨ ਨਹੀਂ ਕਰ ਸਕਦੀ, ਇਸ ਲਈ ਅਕਸਰ ਚਿੰਤਾ ਤੇ ਡਰ 'ਚ ਰਹਿੰਦੀ ਹਾਂ। ਮੁਸ਼ਕਲ ਨਾਲ ਸਮਝ ਆਉਣ ਵਾਲੀ ਕਿਸੇ ਵੀ ਚੀਜ਼ ਬਾਰੇ ਮੈਂ ਬੇਹੱਦ ਚੌਕਸ ਹਾਂ ਅਤੇ ਇਸੇ ਹੀ ਤੀਬਰਤਾ ਨਾਲ ਮੈਨੂੰ ਹੋਰ ਵੀ ਚਿੰਤਾ ਖਾਈ ਜਾਂਦੀ ਹੈ। ਮੈਂ ਬੇ-ਆਸਰਾ ਮਹਿਸੂਸ ਕਰਦੀ ਹਾਂ ਤੇ ਕਿਸੇ ਭੁੱਲੇ ਗੀਤ ਦੀਆਂ ਲਾਈਨਾਂ ਵਾਂਗ ਕੁਝ ਸ਼ਬਦ ਬੇਚੈਨ ਕਰਦੇ ਰਹਿੰਦੇ ਹਨ। ਮੇਰੇ ਇਕ ਨੌਜਵਾਨ ਲੇਖਕ ਮਿਤਰ ਨੇ ਇਕ ਵੇਰ ਅੱਖਾਂ ਤੋਂ ਐਨਕ ਲਾਹ ਕੇ ਹੌਲੀ ਆਵਾਜ਼ ਵਿਚ ਗੰਭੀਰਤਾ ਨਾਲ ਕਿਹਾ ਸੀ—'ਮਹਾਸ਼ਵੇਤਾ ਦੀਦੀ, ਮਨੁੱਖ ਤੇ ਮੱਛੀ ਦੋਨਾਂ ਦੇ ਸੜਨ ਦੀ ਪ੍ਰਕ੍ਰਿਆ ਸਿਰ ਤੋਂ ਸ਼ੁਰੂ ਹੁੰਦੀ ਹੈ।' ਅਕਸਰ ਇਹ ਸ਼ਬਦ ਮੇਰੇ ਦਿਮਾਗ ਵਿਚ ਗੂੰਜਣ ਲਗ ਪੈਂਦੇ ਹਨ ਤੇ ਮੈਂ ਕੰਬ ਜਾਂਦੀ ਹਾਂ।

ਅੱਜ ਮਨੁੱਖ ਨੂੰ ਆਪਣੇ ਸਮੇਂ ਦੇ ਕੁਝ ਪ੍ਰਸੰਗਿਕ, ਮਵਤਵ ਪੂਰਨ ਅਤੇ ਕੌੜੇ ਸੱਚ ਵਲੋਂ ਬੇਹੱਦ ਉਪਰਾਮ ਕਰਨ ਦਾ ਕੰਮ ਬੜੇ ਆਧੁਨਿਕ ਤੇ ਨਿਪੁੰਨ ਢੰਗ ਨਾਲ ਕੀਤਾ ਜਾਂਦਾ ਹੈ। ਕੁਝ ਚੰਗੀ ਨਾ ਲਗਣ ਵਾਲੀ ਸੱਚਾਈ ਦੀ ਪ੍ਰਤੱਖ ਪੇਸ਼ਕਾਰੀ ਨਾਲ ਮਾਨਸਿਕ ਵਿਘਨ ਪੈਦਾ ਹੁੰਦਾ ਹੈ। ਇਸ ਨਿਸ਼ਾਨੇ ਲਈ ਫ਼ਿਲਮ ਬੜਾ ਹੀ ਉਪਯੋਗੀ ਸਾਧਨ ਹੈ। ਇਸ ਦਾ ਇਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਬੜੀ ਈਮਾਨਦਾਰੀ ਨਾਲ ਬਣਾਈਆਂ ਗਈਆਂ ਫ਼ਿਲਮਾਂ ਵੀ ਅਕਸਰ ਉਲਟਾ ਅਸਰ ਪਾਉਂਦੀਆਂ ਹਨ। ਕੁਝ ਸਾਲ ਪਹਿਲਾਂ ਸਾਰੀਆਂ ਅਜੇਹੀਆਂ ਫ਼ਿਲਮਾਂ ਬਣਾਈਆਂ ਗਈਆਂ ਸਨ, ਜਿਹੜੀਆਂ ਨਾਜ਼ੀ ਜਰਮਨੀ ਦੇ ਜ਼ੁਲਮਾਂ ਨੂੰ ਪੇਸ਼ ਕਰਦੀਆਂ ਸਨ, ਯਹੂਦੀਆਂ ਦੀ ਵਿਆਪਕ ਵੱਡ ਟੁੱਕ ਨੂੰ ਦਰਸਾਉਂਦੀਆਂ ਸਨ, ਅਤੇ ਹਿਟਲਰ ਸਮਰਥਕ ਦੇਸ਼ਾਂ ਦੀ ਤੁਲਨਾ ਵਿਚ ਹਿਟਲਰ ਵਿਰੋਧੀ ਦੇਸ਼ਾਂ ਦੀ ਵਡਿੱਤਣ ਨੂੰ ਪ੍ਰਗਟਾਉਂਦੀਆਂ ਸਨ। ਸ਼ੁਰੂ ਵਿਚ ਦਰਸ਼ਕਾਂ ਦਾ ਪ੍ਰਤੀਕਰਮ ਕਾਫ਼ੀ ਚੰਗਾ ਸੀ। ਫੇਰ ਦਰਸ਼ਕਾਂ ਦੇ ਮਨ ਉਚਾਟ ਤੇ ਉਪਰਾਮ ਹੋ ਗਏ ਤੇ ਅੰਤ ਵਿਚ ਇਹਨਾਂ ਫਿਲਮਾਂ ਨੇ ਵਿਰੋਧੀ ਖੇਮੇ ਅਰਥਾਤ ਪਿਛਾਂਹਖਿੱਚੂਆਂ ਦਾ ਹਿਤ ਪੂਰਿਆ। ਜਿਨ੍ਹਾਂ ਦਿਨਾਂ ਵਿਚ ਦੁਨੀਆਂ ਭਰ ਦੇ ਫਿਲਮ ਦਰਸ਼ਕ ਨਾਜ਼ੀਆਂ ਦੀ ਨਿੰਦਿਆ ਕਰਨ ਬਾਰੇ ਬਹੁਤੇ ਉਤਸਾਹੀ ਨਜ਼ਰ ਨਹੀਂ ਆ ਰਹੇ ਸਨ, ਅਣ-ਪਛਾਣੇ ਨਾਜ਼ੀ ਯੁੱਧ ਦੇ ਅਪਰਾਧੀਆਂ ਨੂੰ ਇਥੇ ਉਥੇ ਚੁਪ ਚਪੀਤੇ ਰਾਜਤੰਤਰ ਵਿਚ ਸ਼ਾਮਿਲ ਕੀਤਾ ਜਾਣ ਲਗਾ। ਉਨ੍ਹਾਂ ਨੂੰ ਇਸ ਲਈ ਸ਼ਾਮਿਲ ਕੀਤਾ ਗਿਆ ਕਿਉਂਕਿ ਉਹ ਨਾਜੀ ਸਨ। ਉਨ੍ਹਾਂ 'ਚ ਜ਼ੁਲਮ, ਕਠੋਰਤਾ, ਬਦਮਾਸ਼ੀ ਤੇ ਸਮਰੱਥਾ ਦਾ ਅਜੀਬ ਮੇਲ ਸੀ, ਇਸੇ ਲਈ ਵੱਡੀਆਂ ਤਾਕਤਾਂ ਦੇ ਬੇਰਹਿਮ ਕੌਮੀ ਚਰਿਤਰ ਦੇ ਨਿਰਮਾਣ ਲਈ ਇਹਨਾਂ ਦੀ ਲੋੜ ਸੀ।

ਵੀਅਤਨਾਮ ਦੀ ਜੰਗ ਵਿਚ ਅਮਰੀਕਾ ਦੀ ਵਹਿਸ਼ੀ ਭੂਮਿਕਾ ਦੇ ਸ਼ੰਦਰਭ ਵਿਚ ਕੀ ਉਹੋ ਗੱਲ ਨਹੀਂ ਵੇਖਣ ਨੂੰ ਮਿਲਦੀ? ਹੋਰਨਾਂ ਦੇਸ਼ਾਂ ਦੀ ਗੱਲ ਛੱਡੋ, ਖੁਦ ਅਮਰੀਕਾ ਵਿਚ ਵੀਅਤਮਾਨ ਜੰਗ ਦੇ ਖ਼ਿਲਾਫ ਲਹਿਰ ਚਲੀ। ਇਸ ਲਹਿਰ ਨੇ ਨਹੀਂ, ਸਗੋਂ ਬਾਅਦ ਵਿਚ ਹੋਰਨਾਂ ਕਾਰਨਾਂ ਨੇ ਇਸ ਜੰਗ ਨੂੰ ਰੋਕਿਆ। ਕੀ ਅਗੇ ਜਾ ਕੇ ਇਹ ਵਿਰੋਧ ਦਾ ਪ੍ਰਦਰਸ਼ਨ ਅਮਰੀਕਾ ਦੀ ਸੋਚ ਦੇ ਪ੍ਰਤੀ ਬੜਾ ਪ੍ਰਸੰਗਿਕ ਬਣਿਆ? ਅਮਰੀਕੀ ਫੌਜ ਨੇ ਅਫ਼ਸਰਾਂ ਨੂੰ ਵੀਅਤਨਾਮ ਜੰਗ ਵਿਚ ਜਿਹੜਾ ਸਨਮਾਨ ਮਿਲਿਆ ਸੀ ਉਸ ਵਿਚ ਵੀ ਕੋਈ ਕਮੀ ਨਹੀਂ ਆਈ।

ਹਿੰਦੋਸਤਾਨ ਦੇ ਸੰਦਰਭ ਵਿਚ ਕਿਹਾ ਜਾਵੇ ਤਾਂ ਮੇਰੇ ਰਾਜ (ਬੰਗਾਲ) ਨੂੰ ਇਸ ਦਹਾਕੇ ਵਿਚ ਜੋ ਅਨੁਭਵ ਹੋਇਆ ਉਹ ਬੜਾ ਮਹਤੱਵ ਪੂਰਨ ਸੀ। ਨਕਸਲਵਾਦੀ ਲਹਿਰ ਨੇ ਮੱਧ ਵਰਗ ਦੇ ਉਹਨਾਂ ਲੋਕਾਂ ਤੇ ਗਹਿਰਾ ਅਸਰ ਪਾਇਆ ਜਿਨ੍ਹਾਂ ਦੀ ਇਸ ਲਹਿਰ ਵਿਚ ਭਾਈਵਾਲੀ ਨਹੀਂ ਸੀ। ਪਹਿਲੀ ਵੇਰ ਸ਼ਹਿਰੀ ਮੱਧ ਵਰਗ ਨੇ ਇਸ ਦੇ ਬਾਰੇ ਪ੍ਰਤੀ ਕਰਮ ਪ੍ਰਗਟਾਇਆ। ਇਹ ਸ਼ਹਿਰੀ ਛਾਪਾਮਾਰ ਲੜਾਈ ਅਤੇ ਹਾਕਮ ਕੇਂਦਰ ਤੇ ਰਾਜ ਸਰਕਾਰ ਦੀ ਪੂਰੀ ਰਜ਼ਾ ਮੰਦੀ ਨਾਲ ਪੁਲਸ ਨੇ ਬੇਰਹਿਮੀ ਨਾਲ ਦਮਨ ਕੀਤਾ। ਮੱਧ ਵਰਗ ਦੇ ਨੌਜਵਾਨ ਇਸ ਲਹਿਰ ਵਿਚ ਸ਼ਾਮਿਲ ਸਨ ਇਸੇ ਲਈ ਇੰਜ ਹੋਇਆ। ਜੇ ਇਹ ਲਹਿਰ ਪੱਛਮੀ ਬੰਗਾਲ ਦੇ ਪਿੰਡਾਂ ਤੱਕ ਹੀ ਰਹਿੰਦੀ ਤਾਂ ਸ਼ਹਿਰ ਦੇ ਬਾਬੂ ਜਮਾਤ ਨੂੰ ਕੋਈ ਬੇਚੈਨੀ ਨਹੀਂ ਹੋਣੀ ਸੀ। ਪੇਂਡੂ ਸੰਘਰਸ਼ਾਂ ਨੇ ਉਨ੍ਹਾਂ ਤੇ ਕੋਈ ਅਸਰ ਨਹੀਂ ਪਾਇਆ। ਕਾਕਦਵੀਪ ਲਹਿਰ, ਅੰਨ ਲਹਿਰ, ਜ਼ਮੀਨ-ਦਖਲ ਲਹਿਰ—ਇਸ ਤਰ੍ਹਾਂ ਦੀਆਂ ਪੇਂਡੂ ਲਹਿਰਾਂ ਵੱਲ ਰਾਜਨੀਤਕ ਘੇਰੇ ਤੋਂ ਬਾਹਰ ਦੇ ਮਧ ਵਰਗ ਵਾਲਿਆਂ ਦੀ ਕੋਈ ਦਿਲਚਸਪੀ ਨਹੀਂ ਰਹੀ। ਅਜ ਵੀ ਇਹੋ ਹਾਲ ਹੈ। ਪਰ ਨਕਸਲਵਾਦੀ ਲਹਿਰ 'ਚ ਸਾਡੇ ਆਪਣੇ ਮੁੰਡਿਆਂ ਨੇ ਸੰਘਰਸ਼ ਕੀਤਾ ਅਤੇ ਮਾਰੇ ਗਏ ਹਨ। ਇਸ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨਾ ਸੰਭਵ ਨਹੀਂ ਸੀ। ਪਰ 1979 ਆਉਂਦਿਆਂ ਆਉਂਦਿਆਂ ਇਸ ਵਲੋਂ ਪੂਰੀ ਤਰ੍ਹਾਂ ਉਪਰਾਮਤਾ ਪੈਦਾ ਹੋ ਗਈ। ਕਿਉਂਕਿ ਉਪਰਾਮਤਾ ਜਾਣ ਬੁੱਝ ਕੇ ਪੈਦਾ ਕੀਤੀ ਗਈ ਸੀ ਇਸ ਲਈ ਮੇਰਾ ਚੌਂਕਨੇਹੋਣਾ ਸੁਭਾਵਿਕ ਹੈ।

ਬੰਗਾਲੀ ਮੱਧ ਵਰਗ ਲਈ ਨਕਸਲਵਾਦੀ ਲਹਿਰ ਦਾ ਅਰਥ ਪੜ੍ਹੇ ਲਿਖੇ ਨੌਜਵਾਨਾਂ, ਕੇਵਲ ਸ਼ਹਿਰੀ ਉਪਰਲੇ ਵਰਗ ਦਾ ਇਸ ਵਿਚ ਸ਼ਮੂਲੀ ਸੀ। ਪਰ ਨਕਸਲਵਾਦੀ ਲਹਿਰ ਕੋਈ ਅੱਡਰੀ ਘਟਨਾ ਨਹੀਂ ਹੈ। ਇਹ ਨਿਸ਼ਚੇ ਹੀ ਇਤਿਹਾਸ ਦਾ ਹਿਸਾ ਹੈ ਅਤੇ ਇਸ ਦੇ ਪਿਛੇ ਇਕ ਪਰੰਪਰਾ ਹੈ। ਨਕਸਲਵਾਦੀ ਲਹਿਹ ਹੇਠਾਂ ਕਈ ਕਿਰਸ਼ਾਣ ਲਹਿਰਾਂ ਤੇ ਆਦਿਵਾਸੀਆਂ ਦੀਆਂ ਲਹਿਰਾਂ ਦਾ ਇਤਿਹਾਸ ਹੈ। ਆਜ਼ਾਦ ਭਾਰਤ 'ਚ ਕਾਨੂੰਨ ਤੇ ਜਨਤੰਤਰ ਦੀ ਪਵਿਤ੍ਰਤਾ ਦੇ ਨਾਂ 'ਤੇ ਚਲ ਰਹੇ ਅਣ-ਮਨੁੱਖੀ ਲੁੱਟ ਤੇ ਦਮਨ ਦਾ ਇਹ ਤਰਕ ਸੰਗਤ ਸਿੱਟਾ ਸੀ। ਜੇ ਸਾਡੇ ਮੱਧ ਵਰਗ ਦੀ,ਸਿਖਿਅਤ ਮੱਧ ਵਰਗ ਦੀ ਇਸ ਦੇਸ਼ 'ਚ ਅਤੇ ਇਥੋਂ ਦੀ ਜਨਤਾ ਵਿਚ ਦਿਲਚਸਪੀ ਹੁੰਦੀ ਤਾਂ ਉਹਨਾਂ ਨੂੰ ਇਹਨਾਂ ਸਚਾਈਆਂ ਦਾ ਪਤਾ ਜ਼ਰੂਰ ਚਲ ਜਾਂਦਾ ਤਾਂ ਫੇਰ ਉਹ ਇਸ ਨੂੰ ਵਿਆਪਕ ਪਰਿਪੇਖ ਵਿਚ ਵੇਖ ਸਕਦੇ। ਪਰ ਉਹ ਇੰਝ ਨਹੀਂ ਕਰ ਸਕੇ। ਜਿਨ੍ਹਾਂ ਅਖਬਾਰਾਂ ਨੂੰ ਉਹ ਪੜ੍ਹਦੇ ਸਨ, ਉਹਨਾਂ ਵਿਚ ਦੇਸ਼ ਅਤੇ ਜਨਤਾ ਬਾਰੇ ਕੁਝ ਨਹੀਂ ਹੁੰਦਾ ਸੀ। ਫੇਰ ਭਲਾ ਉਹ ਕਿਵੇਂ ਇਹ ਸਭ ਕੁਝ ਜਾਣ ਸਕਦੇ ? ਲਹਿਰ ਬਾਰੇ ਹਮਦਰਦੀ ਰੱਖਣ ਵਾਲੇ ਬੁੱਧੀਜੀਵੀਆਂ ਦਾ ਪ੍ਰਤੀਕਰਮ ਸੀ–'ਆਹ ! ਕਿੰਨੀ ਵਧੀਆ ਆਪਾ-ਬਲਦਾਨ ਦੀ ਭਾਵਨਾ ਹੈ। ਭਾਵੇਂ ਕੁਝ ਵੀ ਹੋਵੇ, ਇਹਨਾਂ ਨੌਜਵਾਨਾਂ ਨੇ ਇਹ ਤਾਂ ਵਿਖਾ ਦਿਤਾ ਕਿ ਕਿਵੇਂ ਨਿਡਰਤਾ ਨਾਲ ਮਰਿਆ ਜਾ ਸਕਦਾ ਹੈ।' ਕੁਝ ਐਨੇ ਬੇਰੋਨ ਸਨ ਕਿ ਉਹਨਾਂ ਤੋਂ ਇਹ ਸ਼ਬਦ ਵੀ ਮੂੰਹੋਂ ਨਹੀਂ ਨਿਕਲਦੇ ਸਨ। ਮੱਧ ਵਰਗ ਦੇ ਬੁੱਧੀਜੀਵੀਆਂ ਨੇ ਕਦੀਂ ਵੀ ਅਜੇਹਾ ਕੁਝ ਨਹੀਂ ਲਿਖਿਆ ਅਤੇ ਕਿਹਾ ਜਿਸ ਤੋਂ ਹਾਕਮਾਂ ਦੀ ਨਰਾਜਗੀ ਲੈ ਲਈ ਜਾਵੇ। ਬਧੁਤੇ ਉਤਸ਼ਾਹੀ ਲੋਕਾਂ ਦਾ ਪ੍ਰਤੀਕਰਮ ਸੀ–'ਆਹ ! ਇਹਨਾਂ ਲੋਕਾਂ ਨੇ ਤਾਂ ਇਨਕਲਾਬ ਨੂੰ ਸਾਡੇ ਬੂਹੇ ਤਕ ਹੀ ਲੈ ਆਂਦਾ ਸੀ।' ਪਰ ਇਹ ਲੋਕਾਂ ਆਪਣੇ ਆਪ ਨੂੰ ਹਮੇਸ਼ਾ ਸੁਰੱਖਿਆਤ ਥਾਂ 'ਤੇ ਰੱਖ ਕੇ ਅਜੇਹੇ ਪ੍ਰਤੀਕਰਮ ਪ੍ਰਗਟਾਉਂਦੇ ਹਨ। ਉਹਨਾਂ ਦਾ ਮਾਧਿਅਮ ਜੋ ਵੀ ਰਿਹਾ ਹੋਵੇ, ਉਹਨਾਂ ਲਈ ਇਨਕਲਾਬ ਇਕ ਵਿਕਣ ਵਾਲੀ ਚੀਜ਼ ਸੀ ਤੇ ਅਜ ਵੀ ਕਾਫੀ ਹੱਦ ਤਕ ਉਹੀ ਹਾਲਤ ਹੈ। ਇਹਨਾਂ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਹਕੂਮਤ ਦੇ ਹਿਤਾਂ ਦੀ ਰਾਖੀ ਕੀਤੀ। ਉਹਨਾਂ ਨੇ ਆਪਣੀਆਂ ਫਿਲਮਾਂ, ਨਾਟਕਾਂ, ਕਹਾਣੀਆਂ ਵਿਚ ਸਿਰਫ ਸ਼ਹਿਰੀ ਨਕਸਲਵਾਦੀਆਂ ਨੂੰ ਪੇਸ਼ ਕੀਤਾ। ਉਹਨਾ ਦੀ ਅਸਲੀਅਤ ਨੂੰ ਜਾਣਿਆਂ ਬਗੈਰ, ਇਹਨਾਂ ਨੇ ਉਹਨਾਂ ਨੂੰ ਬੇਮਿਸਾਲ ਹੌਸਲੇ ਵਾਲੇ ਰੋਮਾਨੀ ਰੂਪ 'ਚ ਚਿਤਰਿਆ ਹੈ। ਇਹ ਨਕਸਲਵਾਦੀ ਹਮੇਸ਼ਾ ਮਰਨ ਦੀ ਕਾਹਲ ਵਿਚ ਰਹਿੰਦੇ ਹਨ। ਦਰਅਸਲ ਇਹਨਾਂ ਤੇ ਮਰਨ ਦੀ ਸਨਕ ਸਵਾਰ ਰਹਿੰਦੀ ਹੈ। ਇਹਨਾ ਬੁਧੀਜੀਵੀਆਂ ਵਲੋਂ ਬਣਾਈਆਂ ਗਈਆਂ ਫਿਲਮਾਂ ਤੇ ਲਿਖੀਆਂ ਗਈਆਂ ਕਿਤਾਬਾਂ ਮੱਧ ਵਰਗ ਦੇ ਦਰਸ਼ਕਾਂ ਤੇ ਪਾਠਕਾਂ ਲਈ ਹੁੰਦੀਆਂ ਹਨ। ਇਸ ਦਾ ਸੁਭਾਵਕ ਪ੍ਰਤੀਕਰਮ ਇਹੀ ਹੁੰਦਾ ਹੈ ਕਿ ਜਿਹੜੇ ਜੀਉਂਦੇ ਰਹਿਣਾ ਨਹੀਂ ਜਾਣਦੇ ਤੇ ਹਿੰਸਾ ਦੀ ਰਾਜਨੀਤੀ ਵਿਚ ਵਿਸ਼ਵਾਸ ਰੱਖਦੇ ਹਨ, ਦੂਸਰਿਆਂ ਨੂੰ ਚੰਗੀ ਜ਼ਿੰਦਗੀ ਦੇਣ ਲਈ ਸੰਘਰਸ਼ ਕਰ ਸਕਦੇ ਹਨ ?'

ਇਸ ਤਰ੍ਹਾਂ ਮੱਧ ਵਰਗ ਦੇ ਲਈ ਨਕਸਲਵਾਦੀ ਲਹਿਰ ਕਲਕੱਤਾ ਤੇ ਹੋਰਨਾਂ ਸ਼ਹਿਰਾਂ 'ਚ ਚੱਲ ਰਹੀ ਲਹਿਰ ਤਕ ਹੀ ਸੀਮਤ ਸੀ। ਉਹ ਖ਼ਤਰਨਾਕ ਲੜਾਈਆਂ ਲੜਦੇ ਸਨ, ਮਾਰਦੇ ਸਨ ਤੇ ਮਰ ਜਾਂਦੇ ਸਨ। ਜੇਲ੍ਹ-ਹਤਿਆਵਾਂ 'ਤੇ ਵੀ ਧਿਆਨ ਦਿਤਾ ਜਾਂਦਾ ਸੀ ਕਿਉਂਕਿ ਜੇਲ੍ਹ ਵੀ ਸ਼ਹਿਰ ਵਿਚ ਸਨ। ਕਿਉਂਕਿ ਲਹਿਰ ਦਾ ਸ਼ਹਿਰੀ ਅਧਿਆਏ ਖਤਮ ਹੋ ਗਿਆ ਸੀ, ਇਸ ਲਈ ਉਹ ਇਹ ਵੀ ਮੰਨਣ ਲਗ ਪਏ ਸਨ ਕਿ ਲਹਿਰ ਖ਼ਤਮ ਹੋ ਗਈ ਹੈ। ਉਹਨਾਂ ਲਈ ਪਿੰਡਾਂ ਦੀ ਕੋਈ ਹੋਂਦ ਨਹੀਂ ਹੈ। ਉਹਨਾ ਦਾ ਸਾਰਾ ਸਰੋਕਾਰ ਕਲਕੱਤਾ ਤੇ ਹੋਰਨਾਂ ਸ਼ਹਿਰਾਂ ਨਾਲ ਹੈ। ਸਚਾਈ ਤਾ ਇਹ ਹੈ ਕਿ ਤੇਭਾਗਾ ਤੇ ਤੇਲੰਗਾਨਾਂ ਦੇ ਵੀਰਤਾ ਪੂਰਨ ਕਿਰਸਾਣ ਸੰਘਰਸ਼ ਸਾਡੇ ਬਹੁਤ ਸਾਰੇ ਲੇਖਕਾਂ ਤੇ ਫਿਲਮ ਨਿਰਮਾਤਾਵਾਂ ਦੇ ਜੀਵਨ 'ਚ ਹੀ ਹੋਏ, ਪਰ ਉਹ ਇਹਨਾਂ ਤੋਂ ਪੂਰੀ ਤਰ੍ਹਾਂ ਵੱਖਰੇ ਰਹੇ।

ਇਸ ਖ਼ੂਨੀ ਦਹਾਕੇ ਦਾ ਮੂਲ ਕਾਰਨ ਛੋਟੇ ਕਿਰਸਾਣਾ, ਖੇਤ ਮਜ਼ਦੂਰਾਂ, ਬਟਾਈਦਾਰਾਂ, ਆਦਿਵਾਸੀਆਂ ਅਤੇ ਨੰਗੇ ਭੁੱਖੇ ਲੋਕਾਂ ਦੀ ਸ਼ਰਮਨਾਕ ਲੁੱਟ ਹੈ ਅਤੇ ਲੁੱਟ ਦੀ ਇਹ ਪ੍ਰਕਿਆ ਅਜ ਵੀ ਬਿਨਾਂ ਕਿਸੇ ਰੋਕ ਤੋਂ ਚਲ ਰਹੀ ਹੈ। ਇਸ ਖ਼ੂਨੀ ਦਹਾਕੇ ਦਾ ਮੁੱਖ ਕਾਰਨ ਭਾਰਤ ਦੇ ਨਵੇਂ ਜ਼ਮੀਂਦਾਰਾਂ, ਜੋਤਦਾਰਾਂ ਨੂੰ ਰਾਜ ਕੇਂਦਰ ਵਲੋਂ ਮਿਲਣ ਵਾਲੀ ਹਿਫ਼ਾਜਤ ਹੈ। ਉਹਨਾਂ ਨੂੰ ਫੌਜੀ ਤੇ ਪੁਲਸ ਦੀ ਸੁਰਖਿਆ ਪ੍ਰਾਪਤ ਹੈ—ਇਹਨਾਂ ਕੋਲ ਲਾਈਸੈਂਸ ਵਾਲੀਆਂ ਤੇ ਬਿਨਾਂ ਲਾਈਸੈਂਸ ਵਾਲੀਆਂ ਬੰਦੂਕਾਂ ਹਨ। ਬੰਗਾਲੀ ਫਿਲਮਾਂ ਵਿਚ ਕਦੀ ਵੀ ਬੁਨਿਆਦੀ ਕਾਰਨਾਂ ਨੂੰ ਨਹੀਂ ਵਖਾਇਆ ਜਾਂਦਾ। ਅੱਵਲ ਤਾਂ ਪਰਦੇ 'ਤੇ ਬੜੇ ਥੋੜੇ ਸਮੇਂ ਲਈ ਕੋਈ ਨਕਸਲਵਾਦੀ ਪਾਤਰ ਆਉਂਦਾ ਹੈ। ਉਹ ਵੇਖਣ ਵਿਚ ਖ਼ੂਬਸੂਰਤ ਤੇ ਪੜਿਆ ਲਿਖਿਆ ਨੌਜਵਾਨ ਹੁੰਦਾ ਹੈ ਜਿਸ 'ਚ ਆਦਰਸ਼ ਹਿਲੋਰੇ ਲੈ ਰਿਹਾ ਹੁੰਦਾ ਹੈ ਤੇ ਜਿਹੜਾ ਹਮੇਸ਼ਾ ਅਸੰਭਵ ਸੁਪਨਿਆਂ ਵਿਚ ਡੁੱਬਾ ਰਹਿੰਦਾ ਹੈ। ਉਹ ਜਾਂ ਤਾਂ ਕਿਸੇ ਕੋਲ ਲੁਕਣ ਦੀ ਥਾਂ ਚਾਹ ਰਿਹਾ ਹੁੰਦਾ ਹੈ ਜਾਂ ਪੁਲਸ ਦੀ ਗੋਲੀ ਦਾ ਸ਼ਿਕਾਰ ਹੁੰਦਾ ਹੈ। ਜੰਗਲ ਵਿਚ ਪੁਲਸ ਨਾਲ ਟੱਕਰ 'ਚ ਉਸ ਨਾਲ ਇਕ ਵੀ ਆਦਿਵਾਸੀ ਜਾਂ ਸਥਾਨੀ, ਪੇਂਡੂ ਬੰਦਾ ਨਹੀਂ ਵਖਾਇਆ ਜਾਂਦਾ, ਜਦ ਕਿ ਜੰਗਲ ਦੇ ਇਲਾਕਿਆਂ ਵਿਚ ਨਕਸਲਵਾਦੀਆਂ ਨੂੰ ਅਕਸਰ ਉਥੋਂ ਦੇ ਵਸਨੀਕਾਂ ਦਾ ਸਮਰਥਨ ਮਿਲਿਆ। ਕਿਰਸਾਣਾਂ ਤੇ ਆਦਿਵਾਸੀਆਂ ਨੇ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਾਈ 'ਚ ਹਿੱਸਾ ਲਿਆ ਤੇ ਉਹਨਾਂ ਨਾਲ ਹੀ ਜਾਨਾ ਵਾਰੀਆਂ।

ਮੈਂ ਉਹਨਾਂ ਰਚਨਾਵਾਂ ਦਾ ਜ਼ਿਕਰ ਕਰ ਰਹੀ ਹਾਂ ਜਿਨ੍ਹਾਂ ਦੀ ਰਚਨਾ ਅਨੁਭਵ ਸੱਖਣੇ ਲੋਕਾਂ ਨੇ ਕੀਤੀ ਹੈ। ਅਜ ਬੰਗਾਲੀ ਸਾਹਿਤ ਦਾ ਲਗਭਗ ਹਰ ਸੁਚੇਤ ਪਾਠਕ ਪੇਸ਼ਾਵਰ ਲੇਖਕਾਂ ਵਲੋਂ ਪਿਛਲੇ ਤਿੰਨਾਂ ਸਾਲਾਂ ਵਿਚ (1970–72) ਨਿਭਾਈ ਗਈ ਸ਼ੱਕੀ ਭੂਮਿਕਾ ਤੋਂ ਪੂਰੀ ਤਰ੍ਹਾਂ ਵਾਕਿਫ ਹੈ, ਜਦ ਕਲਕੱਤਾ ਜਾਂ ਪੱਛਮੀ ਬੰਗਾਲ ਰੋਜ ਕਸਾਈ-ਖਾਨਾ ਬਣਿਆ ਹੋਇਆ ਸੀ। ਇਹ ਹਾਲਤ ਸਾਰਿਆਂ ਲੇਖਕਾਂ ਦੀ ਨਹੀਂ, ਪਰ ਲਗਭਗ ਸਾਰੇ ਲੇਖਕਾਂ ਦੀ ਸੀ। ਮੈਂ ਬਾਰ ਬਾਰ ਕਿਹਾ ਕਿ ਜਾਣ-ਬੁੱਝ ਕੇ ਆਪਣੇ ਆਪ ਨੂੰ ਸੰਬੰਧਿਤ ਨਾ ਰੱਖਣਾ ਇਕ ਲੇਖਕ ਲਈ ਸਭ ਤੋਂ ਵੱਡਾ ਅਪਰਾਧ ਹੈ। ਲੇਖਕਾਂ ਨੇ ਉਸ ਵੇਲੇ ਜਬਾਨ ਬੰਦ ਰੱਖੀ ਜਦ ਫੌਜ, ਸੀ. ਆਰ. ਪੀ. ਤੇ ਸਰਕਾਰੀ, ਸਰਪਰਸਤੀ ਪ੍ਰਾਪਤ ਗੁੰਡਿਆਂ ਨੇ ਕਨੂੰਨ ਤੇ ਵਿਵਸਥਾ ਬਣਾਏ ਰੱਖਣ ਲਈ ਪੱਛਮੀ ਬੰਗਾਲ ਨੂੰ ਕਸਾਈ-ਖਾਨਾ ਬਣਾ ਦਿਤਾ ਸੀ। ਬਿਹਾਰ ਤੇ ਆਂਧਰਾ ਦੇ ਖੇਤਾਂ ਤੇ ਜੰਗਲਾਂ 'ਚ ਸੰਘਰਸ਼ ਜਾਰੀ ਰਿਹਾ, ਪਰ ਉਹ ਦੂਸਰੇ ਗਾਜ ਸਨ। ਸਾਹਿਤ ਵਿਚ ਨਕਸਲਵਾਦੀ ਲਹਿਰ ਨੂੰ ਥਾਂ ਉਦੋਂ ਮਿਲਣਾ ਸ਼ੁਰੂ ਹੋਇਆ ਜਦੋਂ ਇਸਤਰਾਂ ਕਰਨ ਵਿਚ ਕੋਈ ਖਤਰਾ ਨਹੀਂ ਸੀ। ਕਈ ਲੇਖਕਾਂ ਨੇ ਆਪਣੇ ਪ੍ਰਤੀਕਰਮ ਪ੍ਰਗਟਾਏ। ਲੀਡਰਾਂ ਤੇ ਕਾਰਕੁਨਾਂ ਦੇ ਕਤਲ ਹੋ ਗਏ ਸਨ ਜਾਂ ਉਹ ਲਹਿਰ ਤੋਂ ਅੱਡ ਹੋ ਚੁਕੇ ਸਨ, ਜਾਂ ਜੇਲ੍ਹਾਂ ਵਿਚ ਸਨ। ਹੁਣ ਲੇਖਕਾਂ ਲਈ ਕੁਝ ਵੀ ਲਿਖਣਾ ਅਸਾਨ ਸੀ ਤੇ ਉਹਨਾਂ ਨੇ ਲਿਖਿਆ ਵੀ। ਬੰਗਾਲੀ ਸਾਹਿਤ ਵਿਚ ਵਧੇਰੇ ਕਰਕੇ ਨਕਸਲਵਾਦੀਆ ਨੂੰ ਐਨਾ ਕੱਟਰ ਆਦਰਸ਼ਵਾਦੀ ਦਿਖਾਇਆ ਗਿਆ ਹੈ ਜਿਹੜਾ ਗਲਤ ਰਾਜਨੀਤੀ ਨਾਲ ਚਲਦਾ ਹੈ। ਉਹ ਬਗੈਰ ਕਿਸੇ ਤਰਕ ਜਾਂ ਕਾਰਨ ਦੇ ਕਤਲ ਕਰਦੇ ਹਨ ਤੇ ਖੁਦ ਵੀ ਮਾਰੇ ਜਾਂਦੇ ਹਨ। ਕੁਝ ਮਸ਼ਹੂਰ ਲੇਖਕਾਂ ਨੇ ਉਹਨਾਂ ਨੂੰ ਜਾਣ-ਬੁੱਝ ਕੇ ਬਦਨਾਮ ਕੀਤਾ। ਇਸ ਸਮੇਂ ਦੌਰਾਨ ਕੁਝ ਵਧੇਰੇ ਘੱਟ ਮਸ਼ਹੂਰ ਲੇਖਕਾਂ ਨੇ ਪੂਰੀ ਸ਼ਰਧਾ ਨਾਲ ਕਹਾਣੀਆਂ, ਨਾਟਕ ਤੇ ਕਵਿਤਾਵਾਂ ਲਿਖੀਆਂ। ਇਹਨਾਂ ਵਿਚੋਂ ਸਾਰੀਆਂ ਰਚਨਾਵਾਂ ਵਧੀਆ ਨਹੀਂ ਕਹੀਆਂ ਜਾ ਸਕਦੀਆਂ, ਪਰ ਇਹਨਾਂ ਨੌਜਵਾਨ ਲੇਖਕਾਂ ਨੇ ਆਪਣੇ ਵਡੇਰਿਆਂ ਦੇ ਪਾਪ ਦਾ ਪਛਤਾਵਾ ਤਾਂ ਕੀਤਾ ਹੀ।

1972 ਦੇ ਬਾਅਦ ਕੁਝ ਵਿਰੋਧੀ ਖ਼ੇਮੇ ਨੇ ਅਚਾਨਕ ਸ਼ਹਿਰੀ ਨਕਸਲਵਾਦੀਆਂ ਦੇ ਪੱਖ ਵਿਚ ਖੂਬਸੂਰਤ ਰਸਾਲੇ ਕਢਣੇ ਸ਼ੁਰੂ ਕੀਤੇ। ਇਸ ਜਿਉਂਦੇ ਵਿਸ਼ੇ 'ਚ ਚਾਣਚਕ ਪੈਦਾ ਹੋਈ ਦਿਲਚਸਪੀ ਨੇ ਖੁਦ ਲਹਿਰ ਬਾਰੇ ਸ਼ੰਕਾ ਦਾ ਮਾਹੌਲ ਤਿਆਰ ਕਰ ਦਿਤਾ। ਕਿਉਂਕਿ ਸਰਗਰਮ ਕਾਰਕੁਨਾਂ ਦੀ ਅਵਾਜ਼ ਨੂੰ ਦਬਾ ਦਿਤਾ ਗਿਆ ਸੀ, ਇਸ ਲਈ ਭੈੜੇ ਪ੍ਰਬੰਧ ਦੇ ਸਪਸ਼ਟੀਕਰਣ ਲਈ ਕੋਈ ਸਾਹਮਣੇ ਨਹੀਂ ਆਇਆ। ਇਸ ਦੋਸਤਾਨਾ ਮਾਹੌਲ ਨੇ ਕੁਝ ਚਿਰ ਲਈ ਕਲਕੱਤੇ ਨੂੰ ਤਾਜ਼ਗੀ ਦਿਤੀ ਸੀ। ਹੁਣ ਇਕ ਨਵੀਂ ਖੇਡ ਦੀ ਸ਼ੁਰੂਆਤ ਹੋਈ। ਖੂਨੀ ਦਹਾਕੇ ਦਾ ਪੂਰੀ ਤਰ੍ਹਾਂ ਸਫਾਇਆ ਕੀਤਾ ਜਾਣਾ ਸੀ। ਕਲਕੱਤਾ ਫੇਰ ਉਸੇ ਸੜ੍ਹਾਂਧ 'ਚ ਪਰਤ ਆਇਆ ਸੀ। ਕੁਝ ਵਰ੍ਹਿਆਂ 'ਚ ਹੀ ਤਮਾਮ ਅਜੀਬੋ ਗਰੀਬ ਤੇ ਸ਼ੱਕੀ ਚਰਿਤ੍ਰ ਵਾਲੇ ਲੋਕਾਂ ਨੇ ਇਕ ਤੋਂ ਇਕ ਪੇਤਲੇ ਮਸਲਿਆਂ ਲਈ ਗ੍ਰਿਫਤਾਰੀਆਂ ਦਿਤੀਆਂ। ਅਜ ਇਹ ਲਿਖਿਆ ਜਾ ਸਕਦਾ ਹੈ ਕਿ ਉਹਨਾਂ ਦੀਆਂ ਕਲਾਬਾਜ਼ੀਆਂ ਤੇ ਧਿਆਨ ਦਿਤਾ ਗਿਆ ਤੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਲਹਿਰ ਦੇ ਚਰਿਤ੍ਰ ਦੇ ਕਤਲ ਦਾ ਕੰਮ ਸ਼ੁਰੂ ਹੋਗਿਆ ਸੀ ਤੇ ਇਸ ਤਰ੍ਹਾਂ ਕਰਨ ਪਿਛੇ ਮਣਸ਼ਾ ਇਹ ਸੀ ਕਿ ਗ੍ਰਿਫਤਾਰ ਨਕਸਲਵਾਦੀ ਕਿਸੇ ਨਾ ਕਿਸੇ ਦਿਨ ਜੇਲ੍ਹ ਤੋਂ ਛੁੱਟ ਕੇ ਬਾਹਰ ਆਉਣਗੇ। ਅਜੇਹੀ ਹਾਲਤ ਵਿਚ ਉਹਨਾਂ ਨੂੰ ਜਨਤਾ ਦਾ ਸਨਮਾਨ ਨਾ ਮਿਲ ਸਕੇ। ਇਕ ਘਟੀਆ ਰਸਾਲੇ ਦੇ ਵਿਸ਼ੇਸ਼-ਅੰਕ ਦੀ ਬਰਬਸ ਯਾਦ ਆ ਜਾਂਦੀ ਹੈ।

ਲੋਕਾਂ ਦੇ ਪ੍ਰਤੀਕਰਮ ਵੀ ਆਉਣ ਲਗ ਪਏ : (1) ਕਿਉਂ ਇਹ ਬੁਜ਼ੁਰਗ ਲੋਕ, ਜੋ ਖੱਬੂਆਂ ਦੇ ਵਿਰੋਧੀ ਹਨ, ਰਸਾਲੇ ਕੱਢ ਰਹੇ ਹਨ ? ਜਾਂ ਜੇਲ੍ਹ ਜਾ ਰਹੇ ਨੇ ? (2) ਸਾਨੂੰ ਪਤਾ ਏ ਕਿ ਇਹ ਕਿਸ ਖ਼ੇਮੇ ਦੇ ਹਨ ? ਦੋ ਤੇ ਦੋ ਚਾਰ ਹੁੰਦੇ ਨੇ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਨਕਸਲਵਾਦੀ ਲਹਿਰ ਨੂੰ ਆਰਥਿਕ ਮਦਦ ਮਿਲਦੀ ਹੈ। ਇਸ ਦੇ ਪਿਛੇ ਇਕ ਵਡੀ-ਤਾਕਤ ਦਾ ਹੱਥ ਹੈ। (3) ਲਹਿਰ ਦੇ ਕਾਰਕੁਨ ਨਿਸਚੇ ਹੀ ਈਮਾਨਦਾਰ ਤੇ ਸਰਧਾਵਾਨ ਸਨ। ਪਰ ਹਰ ਨੌਜਵਾਨ ਇੰਜ ਹੀ ਹੁੰਦਾ ਹੈ। ਫਿਰ ਵੀ ਇਹ ਇਕ ਬੇਮਿਸਾਲ ਹੌਸਲੇ ਵਾਲੀ ਰੁਮਾਨੀ ਲਹਿਰ ਸੀ।

ਕਿਹੜਾ ਕਹਿ ਸਕਦਾ ਹੈ ਕਿ ਚਾਲਬਾਜਾਂ ਨੂੰ ਸਫਲਤਾ ਨਹੀਂ ਮਿਲੀ। ਜਨਤਾ ਦੀ ਦਿਲਚਸਪੀ ਖਤਮ ਹੋਣ ਲਗੀ। ਉਪਰਾਮਤਾ ਵਧਣ ਲਗੀ। ਫੇਰ ਐਮਰਜੈਂਸੀ। ਅਖਬਾਰਾਂ ਦਾ ਗਲ ਘੁਟ ਦਿਤਾ ਗਿਆ। ਜੇਲ੍ਹ ਕਤਲਾਂ, ਫਾਂਸੀ ਤੇ ਸਤਾਏ ਜਾਣ ਦਾ ਸਿਲਸਿਲਾ ਚਲ ਪਿਆ। ਬਿਹਾਰ, ਆਂਧਰਾ ਤੇ ਪੱਛਮੀ ਬੰਗਾਲ 'ਚ ਵਧੇਰੇ ਦਮਨ ਹੋਇਆ। ਪੱਛਮੀ ਬੰਗਾਲ 'ਚ ਜਦੋਂ ਕੈਦੀਆਂ ਨੂੰ ਰਿਹਾ ਕੀਤਾ ਗਿਆ ਤਾਂ ਇਹ ਅਫਵਾਹ ਵੀ ਫੈਲੀ ਕਿ ਜੇਲ੍ਹ ਦੇ ਅੰਦਰ ਨੇਤਾਵਾਂ ਨੂੰ ਖਰੀਦ ਲਿਆ ਗਿਆ ਹੈ। ਇਸ ਤੇ ਵੀ ਯਕੀਨ ਕਰਨਾ ਅਸਾਨ ਸੀ ਕਿਉਂਕਿ ਦੇਸ਼ ਦੀ ਰਾਜਨੀਤੀ ਵਿਚ ਸਾਰਿਆ ਖੇਮਿਆਂ ਦੇ ਪੇਸ਼ਾਵਰ ਰਾਜਨੀਤਕ ਨੇਤਾਵਾਂ ਨੇ ਵਖੋ ਵਖਰੀਆਂ ਕੀਮਤਾਂ ਤੇ ਆਪਣੇ ਆਪ ਨੂੰ ਖਰੀਦੇ ਜਾਣ ਲਈ ਛਡਿਆ ਹੋਇਆ ਸੀ। ਉਹ ਹੁਣ ਨੈਤਿਕਤਾ ਵਾਦੀ ਬਣ ਗਏ ਸਨ ਤੇ ਨਕਸਲਵਾਦੀ ਨੇਤਾਵਾਂ ਦੀ ਨਿੰਦਿਆਂ ਕਰਨ ਲੱਗ ਪਏ ਸਨ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਵੇਚ ਦਿਤਾ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿਰਫ ਸ਼ਹਿਰੀ ਨਕਸਲਵਾਦੀਆਂ ਜਾਂ ਨੇਤਾਵਾਂ ਨੂੰ ਹੀ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ। ਬੰਗਾਲੀ ਸਾਹਿਤ ਵਿਚ ਨਕਸਲਵਾਦ ਦੇ ਵਿਸ਼ੇ ਉਤੇ ਲਿਖੀਆਂ ਗਈਆਂ ਰਚਨਾਵਾਂ ਦੇ ਹਾਲ ਵਿਚ ਹੋਏ ਸਰਵੇ ਤੋਂ ਪਤਾ ਚਲਦਾ ਹੈ ਕਿ ਗੰਦੇ ਪ੍ਰਚਾਰਾਂ ਦਾ ਸਿਲਸਿਲਾ ਕਿਸੇ ਹੱਦ ਤਕ ਕਾਇਮ ਸੀ, ਇਕ ਜੀਵਾਣੂ ਯੁਧ ਵਾਂਗ। ਨਕਸਲਵਾਦੀ ਲਹਿਰ ਦੇ ਖੋਖਲੇਪਨ ਨੂੰ ਉਜਾਗਰ ਕਰਨ ਦੀ ਖੇਡ ਜਾਰੀ ਹੈ। ਇਸ ਦੇ ਖਤਮ ਹੋਣ ਦੇ ਅਸਾਰ ਨਜ਼ਰ ਨਹੀਂ ਆਉਂਦੇ। ਸੱਚ ਹੀ ਇਹ ਇਕ ਸੰਕਟ ਦੀ ਘੜੀ ਹੈ।

ਪਰ ਹੁਣ ਮੈਂ ਕੁਝ ਕੌੜੀ ਸਚਾਈ ਵਧ ਧਿਆਨ ਦਵਾਉਂਦੀ ਹਾਂ। ਇਹ ਸਹੀ ਹੈ ਕਿ ਪਹਿਲੇ ਦੌਰ ਦੇ ਨੇਤਾ ਤੇ ਸਰਗਰਮ ਕਾਰਕੁਨ ਜੇਲ੍ਹ ਦੀਆਂ ਸੀਖਾਂ ਪਿਛੇ ਤਾੜੇ ਹੋਏ ਸਨ। ਪਰ ਕੀ ਸੰਘਰਸ਼ ਖਤਮ ਹੋ ਗਿਆ ਸੀ ? ਉਹ ਅਜ ਵੀ ਜਾਰੀ ਹੈ—ਇਸ ਵੇਲੇ ਵੀ। ਗੁਆਂਢੀ ਰਾਜ ਬਿਹਾਰ ਵਿਚ ਕਾਨ-ਮਜ਼ਦੂਰਾਂ ਤੇ ਖੇਤ ਮਜ਼ਦੂਰਾਂ ਦਾ ਸੰਘਰਸ਼, ਪਲਾਮੂ ਤੇ ਸਿੰਘਭੂਮ 'ਚ ਆਦਿਵਾਸੀਆਂ ਦੀ ਸਗਵਾਨ ਲਹਿਰ—ਇਨ੍ਹਾਂ ਸਾਰਿਆਂ 'ਚ ਤੇਜੀ ਆ ਰਹੀ ਹੈ ਤੇ ਇਹ ਵਖੋ-ਵਖਰੇ ਵਿਸਤਾਰ ਹਾਸਿਲ ਕਰ ਰਹੇ ਹਨ। ਝਾਰਖੰਡ ਲਹਿਰ ਦੇ ਫੌਰਨ ਬਾਅਦ ਦੇ ਦੌਰ ਵਿਚ ਬਿਹਾਰ ਦੇ ਵਖੋ-ਵਖਰੇ ਰਾਜਨੀਤਕ ਧੜਿਆਂ ਨੂੰ ਆਪਣੇ ਕਾਰਕੁਨਾਂ ਦੇ ਦਬਾਅ ਨਾਲ ਸਾਂਝੇ ਕਾਰਜ ਕਰਮ ਲਈ ਇਕ-ਮੁੱਠ ਹੋਣਾ ਪਿਆ। ਲਹਿਰ ਦੇ ਜਿਹੜੇ ਕਾਰਨ ਸਨ, ਉਹ ਪੇਂਡੂ ਸਨ ਨਾ ਕਿ ਸ਼ਹਿਰੀ। ਦਮਨ ਸ਼ੁਰੂ ਹੋਣ ਵੇਲੇ ਸ਼ਹਿਰੀ ਲੀਡਰਸ਼ਿਪ ਦਾ ਕਿਤੇ ਪਤਾ

ਨਹੀਂ ਸੀ, ਸੰਘਰਸ਼ ਜਾਰੀ ਰਖਣ ਲਈ ਲੋਕ ਸਾਹਮਣੇ ਆਏ । ਉਨ੍ਹਾਂ ਵਿਚੋਂ ਹੀ ਲੀਡਰਸ਼ਿਪ ਉਭਰੀ। ਉਹਨਾਂ ਲਈ ਇਹ ਜ਼ਿੰਦਗੀ ਮੌਤ ਦਾ ਸੰਘਰਸ਼ ਸੀ– ਆਪਣੀ ਹੋਂਦ ਦਾ ਸਵਾਲ ਸੀ। ਲਹਿਰ ਨੂੰ ਉਸਦੀ ਸਮੱਗਰਤਾ ਵਿਚ ਸ਼ਹਿਰੀ ਦ੍ਰਿਸ਼ਟੀਕੋਣ ਤੋਂ ਵੇਖਣਾ ਬੇਹੱਦ ਗਲਤ ਹੈ। ਇਹ ਖੇਤਾਂ ਤੇ ਜੰਗਲਾਂ 'ਚ ਕੇਂਦਰਿਤ ਸੀ ਤੇ ਹੈ। ਇਥੋਂ ਤਕ ਕਿ ਉਦਯੋਗਿਕ ਖੇਤਰਾਂ ਵਿਚ ਵੀ ਉਦਯੋਗਿਕ ਮਜ਼ਦੂਰ ਪਿੰਡਾਂ ਤੋਂ ਆ ਕੇ ਕਾਨ ਜਾਂ ਹੋਰਨਾਂ ਉਦਯੋਗਾਂ 'ਚ ਇਸ ਲਈ ਕੰਮ ਕਰਦੇ ਸਨ ਕਿਉਂਕਿ ਪਿੰਡ 'ਚ ਉਹਨਾਂ ਨੂੰ ਰੋਟੀ ਕਮਾਉਣ ਤੋਂ ਵਾਂਝੇ ਕਰ ਦਿਤਾ ਗਿਆ ਸੀ।

ਨਾ ਤੇ ਸਰਕਾਰ ਤੇ ਨਾ ਵਿਰੋਧੀ ਖੇਮਾ ਇਹ ਚਾਹੁੰਦਾ ਹੈ ਕਿ ਇਹਨਾਂ ਸਚਾਈਆਂ ਨੂੰ ਉਜਾਗਰ ਕੀਤਾ ਜਾਵੇ। ਫਿਲਮਾਂ, ਨਾਟਕਾਂ ਤੇ ਸਾਹਿਤ ਲਈ ਵੀ ਇਹਨਾਂ ਵਿਸ਼ਿਆ ਨੂੰ ਨਹੀਂ ਚੁਣਿਆਂ ਜਾਂਦਾ।

ਹੁਣ ਮੈਂ ਉਹਨਾਂ ਲੇਖਕਾਂ ਨੂੰ ਕੁਝ ਸ਼ਬਦ ਕਹਿਣਾ ਚਾਹਵਾਂਗੀ ਜਿਹੜੇ ਲਹਿਰ ਨਾਲ ਜੁੜੇ ਸਨ ਤੇ ਜਿਹੜੇ ਲਹਿਰ ਬਾਰੇ ਲਿਖਣਾ ਚਾਹੁੰਦੇ ਹਨ। ਮੈਂ ਇਹ ਦਾਅਵਾ ਨਹੀਂ ਕਰਦੀ ਕਿ ਅਜੇਹੇ ਲੇਖਕਾਂ ਦੀਆਂ ਸਾਰੀਆਂ ਰਚਨਾਵਾਂ ਮੈਂ ਪੜ੍ਹੀਆਂ ਹਨ। ਪਰ ਮੈਂ ਕਾਫੀ ਕਹਾਣੀਆਂ ਤੇ ਕੁਝ ਨਾਵਲਿੱਟ ਪੜ੍ਹੇ ਹਨ। ਮੇਰਾ ਖਿਆਲ ਹੈ ਕਿ ਲਹਿਰ ਦੇ ਅਧਾਰ ਨੂੰ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਹੋਰਨਾਂ ਦੇ ਮੁਕਾਬਲੇ 'ਚ ਇਹਨਾਂ ਲੇਖਕਾਂ ਤੇ ਜ਼ਿਆਦਾ ਹੈ। ਹੁਣ ਤਕ ਪ੍ਰਕਾਸ਼ਤ ਕਹਾਣੀਆਂ ਤੇ ਨਾਵਲਿੱਟ 'ਚ ਇਕ ਨਮੂਨਾ ਅਕਸਰ ਵੇਖਣ ਨੂੰ ਮਿਲਦਾ ਹੈ। ਇਕ ਜਾਂ ਵਧ ਨਕਸਲਵਾਦੀ ਨੌਜਵਾਨ ਪਿੰਡਾਂ 'ਚ ਜਾਂਦੇ ਹਨ, ਉਥੇ ਪੇਂਡੂਆਂ ਨਾਲ ਰਲਕੇ ਜੋਤਦਾਰ ਜਾਂ ਸੂਦਖੋਰ ਦੇ ਖਿਲਾਫ ਹਥਿਆਰਬੰਦ ਘੋਲ 'ਚ ਪੈ ਜਾਂਦੇ ਹਨ, ਪੁਲਸ ਦੇ ਆਉਣ 'ਤੇ ਉਹਨਾਂ ਦਾ ਮੁਕਾਬਲਾ ਹੁੰਦਾ ਹੈ; ਗ੍ਰਿਫਤਾਰ ਹੁੰਦੇ ਨੇ, ਜਾਂ ਬਚ ਜਾਂਦੇ ਹਨ ਤੇ ਸੰਘਰਸ਼ ਨੂੰ ਅਗਾਂਹ ਤੋਰਦੇ ਹਨ। ਲਗਭਗ ਸਾਰੇ ਪੜ੍ਹੇ ਲਿਖੇ ਨਕਸਲਵਾਦੀ ਨੌਜਵਾਨ ਚੀਨੀ ਕ੍ਰਾਂਤੀਕਾਰੀ ਕਵਿਤਾਵਾਂ ਦੇ ਗੀਤ ਉਲੇਖ ਕਰਦੇ ਹਨ ਤੇ ਬੇਸ਼ਕ ਮਾਓ ਜ਼ੇ ਤੁੰਗ ਦਾ ਉਲੇਖ ਤਾਂ ਕਰਦੇ ਹੀ ਹਨ। ਇਹ ਲੇਖਕ ਈਮਾਨਦਾਰ, ਸ਼ਰਧਾਵਾਨ ਤੇ ਸਮਰਪਤ ਹਨ ਅਤੇ ਕਿਸਾਨੀ–ਇਨਕਲਾਬ ਵਿਚ ਯਕੀਨ ਰੱਖਦੇ ਹਨ।

ਪਰ ਪਾਠਕਾਂ ਦੇ ਲਿਹਾਜ਼ ਤੋਂ ਉਹਨਾਂ ਵਿਚ ਵੱਡੀ ਘਾਟ ਹੈ। ਉਹ ਆਪਣੇ ਪਾਠਕਾਂ ਨੂੰ ਆਪਣੀ ਗੱਲ ਮਨਵਾਂ ਨਹੀਂ ਸਕਦੇ। ਮੈਨੂੰ ਹਮੇਸ਼ਾ ਹੈਰਾਨੀ ਹੁੰਦੀ ਹੈ ਕਿ ਕਿਸ ਤਰ੍ਹਾਂ ਇਹਨਾਂ ਸ਼ਹਿਰੀ ਨੌਜਵਾਨਾਂ ਨੂੰ ਜਾਂ ਪੇਂਡੂਆਂ ਨੂੰ ਐਨਾ ਵਿਸ਼ਵਾਸ਼ ਹੋਇਆ? ਹਾਲਾਂ ਕਿ ਇਹ ਠੀਕ ਹੈ ਕਿ ਪੇਂਡੂਆਂ ਨੇ ਉਹਨਾਂ 'ਤੇ ਵਿਸ਼ਵਾਸ਼ ਕੀਤਾ। ਪਰ ਕਿਵੇਂ? ਕੀ ਐਨਾ ਕਹਿ ਦੇਣਾ ਹੀ ਬਥੇਰਾ ਹੋਵੇਗਾ ਕਿ ਕਿਸਾਨਾਂ ਦੀ ਲੁੱਟ ਹੁੰਦੀ ਹੈ। ਲੁੱਟ ਦੀ ਪ੍ਰਕ੍ਰਿਆ ਕੀ ਹੈ? ਪੇਂਡੂ ਲਹਿਰ ਦੇ ਬਾਰੇ 'ਚ ਪਾਠਕਾਂ ਨੂੰ ਕਾਇਲ ਕਰ ਦੇਣ ਵਾਲੀ ਪਿੱਠ ਭੋਂ ਦੀ ਘਾਟ ਕਰਕੇ ਇਹਨਾਂ ਰਚਨਾਵਾਂ ਦਾ ਪ੍ਰਮਾਣਿਕ ਮਹਤੱਵ ਨਹੀਂ ਰਹਿ ਜਾਂਦਾ। ਨਕਸਲਵਾਦੀ ਲੇਖਕ ਵੀ ਜੇ ਆਪਣੀ ਲਿਖਤ 'ਚ ਕ੍ਰਾਂਤੀਕਾਰੀ ਜੋਸ਼ ਤੇ ਉਤਸ਼ਾਹ ਨੂੰ ਤਾਂ ਉਜਾਗਰ ਕਰਨ ਅਤੇ ਲੁੱਟ ਤੇ ਦਮਨ ਦੀ ਪ੍ਰਕ੍ਰਿਆ ਤੇ ਉਸਦੇ ਅਸਲੀ ਖਾਸੇ ਨੂੰ ਨੰਗਾ ਨਾ ਕਰਨ ਤਾਂ ਵਿਰੋਧੀ ਖੇਮੇ ਵਾਲੇ ਇਸ ਸਾਹਿਤ ਦੇ ਅਧਾਰ 'ਤੇ ਅਸਾਨੀ ਨਾਲ ਇਹ ਕਹਿ ਸਕਦੇ ਹਨ ਕਿ ਇਸ ਲਹਿਰ ਦੀ ਅਗਵਾਈ ਬੇਮਿਸਾਲ ਹੌਸਲਾਵਾਲਿਆਂ ਤੇ ਰੁਮਾਨੀ ਅਣਸਰ ਦੇ ਹੱਥ ਵਿਚ ਸੀ।

ਮੁਕਤੀ ਦੇ ਦਹਾਕੇ ਦੇ ਦੌਰਾਨ ਬਿਹਾਰ ਦੇ ਕਿਰਸਾਣਾ ਤੇ ਆਦਿਵਾਸੀਆਂ ਨੇ ਹਥਿਆਰਬੰਦ ਘੋਲ ਨੂੰ ਜੀਉਂਦੇ ਰਖਿਆ। ਉਹਨਾਂ ਨੂੰ ਉਹ ਭੂਮਿਕਾ ਕਿਉਂ ਨਹੀਂ ਮਿਲੀ ਜਿਸਦੇ ਉਹ ਹੱਕਦਾਰ ਸਨ–ਸਾਡੀਆਂ ਲਿਖਤਾਂ ਵਿਚ ਕਿਉਂ ਨਹੀਂ ਮੁਖ ਭੂਮਕਾਵਾਂ ਮਿਲੀਆਂ? ਚੀਨ ਦੀਆਂ ਕਵਿਤਾਵਾਂ ਦੇ ਗੀਤ ਹੀ ਕਿਉਂ? ਭਾਰਤ ਦੇ ਪੇਂਡੂਆਂ ਨੇ ਸਦਾ ਹੀ ਇਤਿਹਾਸ ਦੀਆਂ ਮਹਤਵ ਪੂਰਨ ਘਟਨਾਵਾਂ ਨੂੰ ਲੋਕ ਗੀਤਾਂ ਵਿਚ ਸਦਾ ਲਈ ਸਮੋ ਦਿਤਾ ਹੈ ਤੇ ਉਹ ਅਜ ਵੀ ਇੰਝ ਹੀ ਕਰਦੇ ਹਨ, ਅਤੇ ਸਾਡੇ ਲੋਕਗੀਤ, ਆਦਿਵਾਸੀ ਗੀਤ ਖੂਬਸੂਰਤ ਕਵਿਤਾਵਾਂ ਵੀ ਹਨ।

ਸੰਕਟ ਦੀ ਇਸ ਘੜੀ ਵਿਚ ਉਹ ਕੀ ਕਰ ਰਹੇ ਹਨ? ਉਹ ਕਿਉਂ ਨਹੀਂ ਬਿਹਾਰ, ਆਂਧਰਾ ਪ੍ਰਦੇਸ਼ ਜਾਂ ਹੋਰਨਾਂ ਥਾਵਾਂ ਤੇ ਚਲ ਰਹੇ ਸੰਘਰਸ਼ ਬਾਰੇ ਪੜ੍ਹ ਜਾਂ ਜਾਣ ਨਹੀਂ ਸਕਦੇ? ਨਕਸਲਵਾਦੀ ਲਹਿਰ ਕਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੀ ਕੁਝ ਜੀਵਤ ਸਮੱਸਿਆਵਾਂ ਦਾ ਤਰਕ ਪੂਰਨ ਸਿੱਟਾ ਸੀ। ਕੀ ਉਹ ਸਮੱਸਿਆਵਾਂ ਹਲ ਹੋ ਗਈਆ ਜਾਂ ਇਹਨਾਂ ਲੇਖਕਾਂ ਨੇ ਸ਼ੁਤਰਮੁਰਗ ਵਾਂਗ ਕੁਝ ਵੀ ਵੇਖਣ ਤੋਂ ਨਾਂਹ ਕਰ ਦਿਤੀ ਹੈ? ਮੇਰਾ ਸਰੋਕਾਰ ਇਹਨਾਂ ਨਾਲ ਹੈ।

ਦੂਜਿਆਂ ਦੀ ਗਲ ਕਰਨੀ ਫਜ਼ੂਲ ਹੈ।

ਅਜੋਕੇ ਸਾਹਿਤ ਦਾ ਇਕ ਠੋਸ ਅਧਾਰ ਬਨਾਣਾ ਚਾਹੀਦਾ ਹੈ। ਇਸ ਦੀ ਬੁਨਿਆਦ ਨੂੰ ਬੜਾ ਮਜ਼ਬੂਤ ਕਰਨਾ ਹੋਵੇਗਾ। ਜ਼ੁਲਮ ਤੇ ਦਮਨ ਦੇ ਤੰਤਰ ਨੂੰ ਨੰਗਾ ਕਰਨਾ ਪਵੇਗਾ। ਭਾਰਤ ਦੀ ਜਟਿਲ ਤੇ ਔਖੀ ਜ਼ਮੀਨੀ ਪ੍ਰਣਾਲੀ ਸੁਧਾਰ ਕਨੂੰਨਾਂ ਦੀ ਨਕਾਬ 'ਚ ਗਰੀਬ ਕਿਸਾਨਾਂ ਦੀ ਲੁੱਟ, ਜਾਤਾਂ ਦੇ ਅਧਾਰ ਤੇ ਜ਼ੁਲਮ, ਜਾਤ ਤੇ ਵਰਗ ਦੇ ਅਧਾਰ ਤੇ ਦਮਨ, ਪ੍ਰਸ਼ਾਸਨ ਦਾ ਅਸਲੀ ਚਿਹਰਾ, ਮੌਕਾ ਪ੍ਰਸਤ ਖੱਬੂਆਂ ਦੀ ਅਗਵਾਈ ਵਾਲੀਆਂ ਕਿਸਾਨ ਲਹਿਰਾਂ ਦਾ ਭਾਂਡਾ ਭੰਨਣਾ—ਇਸ ਨੂੰ ਅਜ ਦੇ ਸਾਹਿਤ ਦੀ ਬੁਨਿਆਦ ਬਨਾਉਣਾ ਪਵੇਗਾ। ਸਚਾਈ ਨੂੰ ਬਾਰ ਬਾਰ ਦੋਹਰਾਣਾ ਪਵੇਗਾ। ਸਿਰਫ ਇਸੇ ਢੰਗ ਨਾਲ ਅਸੀਂ ਸਾਜ਼ਸ਼ੀਆਂ ਦਾ ਮੁਕਾਬਲਾ ਕਰ ਸਕਦੇ ਹਾਂ।

ਕੀ ਇਹ ਲੇਖਕ ਸੋਚਦੇ ਹਨ ਕਿ ਕਿਉਂਕਿ ਸ਼ਹਿਰੀ ਨੌਜਵਾਨਾਂ ਨੂੰ ਤਸੀਹੇ ਦਿਤੇ ਗਏ, ਉਹਨਾਂ ਦੇ ਕਤਲ ਕੀਤੇ ਗਏ ਤੇ ਉਹਨਾਂ ਨੂੰ ਜੇਲ੍ਹਾਂ ਵਿਚ ਸੁਟਿਆ ਗਿਆ, ਇਸ ਲਈ ਘੋਲ ਖਤਮ ਹੋ ਗਿਆ? ਭਾਰੀ ਔਕੜਾਂ ਦੇ ਖਿਲਾਫ ਮੇਰੀ ਸ਼ਰਧਾ ਦਾ ਆਧਾਰ ਦਰਅਸਲ ਇਹ ਹੈ ਕਿ ਘੋਲ ਕਦੀ ਖ਼ਤਮ ਨਹੀਂ ਹੋਇਆ। ਜਿਥੇ ਜਿਥੇ ਘੋਲ ਦੇ ਕਾਰਨ ਮੌਜੂਦ ਹਨ ਉਥੇ ਅਜ ਵੀ—ਇਨ੍ਹਾਂ ਲਾਈਨਾਂ ਦੇ ਲਿਖੇ ਜਾਣ ਵੇਲੇ ਵੀ—ਹਥਿਆਰ ਬੰਦ ਘੋਲ ਜਾਰੀ ਹੈ। ਅਤੇ ਨਾਲ ਹੀ ਜ਼ਾਲਮਾਨਾ ਦਮਨ ਵੀ ਕਾਇਮ ਹੈ।

ਇਹ ਨੌਜਵਾਨ ਲੇਖਕ ਪੇਸ਼ਾਵਰ ਲੇਖਕਾਂ ਦੀ ਗ਼ੈਰ-ਈਮਾਂਨਦਾਰੀ ਤੇ ਪਲਾਇਨਵਾਦੀ ਰੁਚੀ ਲਈ ਨਿੰਦਿਆਂ ਕਰਦੇ ਹਨ। ਉਹਨਾਂ ਦਾ ਇੰਜ ਕਰਨਾ ਜਾਇਜ਼ ਵੀ ਹੈ ਪਰ ਮੈਂ ਉਹਨਾਂ ਨੂੰ ਕਹਿਣਾ ਚਾਹੁੰਦੀ ਹਾਂ—'ਇਹ ਮੰਨੀ ਹੋਈ ਗੱਲ ਹੈ ਕਿ ਪ੍ਰਤੀਬੱਧਤਾ ਤੇ ਸੰਬੱਧਤਾ ਦੀ ਦਿਸ਼ਾ ਵਲ ਉਹਨਾਂ ਤੋਂ ਕੁਝ ਵੀ ਆਸ ਨਹੀਂ ਕੀਤੀ ਜਾ ਸਕਦੀ। ਪਰ ਕੀ ਤੁਸੀਂ ਉਹ ਕੀਤਾ ਜਿਹੜਾ ਕਰ ਸਕਦੇ ਸੋ?' ਬਿਹਾਰ ਦੇ ਜਗਦੀਸ਼ ਮਹਤੋ, ਰਾਮੇਸ਼ਵਰ ਅਹੀਰ ਤੇ ਗੰਭੀਰਾਂ, ਆਂਧਰ ਦੇ ਪੰਚਾਦਰੀ ਕ੍ਰਿਸ਼ਨ ਮੂਰਤੀ ਤੇ ਸੁੱਬਾਰਾਓ, ਪੱਛਮ ਬੰਗਾਲ ਦੇ ਪੇਂਡੂ ਤੇ ਆਦਿ ਵਾਸੀ ਜੋਧੇ. ਕਿਉਂ ਇਨ੍ਹਾਂ ਲੇਖਕਾਂ ਵਿਚ ਰੁਚੀ ਪੈਦਾ ਕਰਦੇ? ਦਿੱਲੀ ਰਾਜਹਰਾਖਾਨ ਮਜ਼ਦੂਰ ਘੋਲ, ਸਾਗਵਾਨ ਘੋਲ ਜਾਂ ਬੰਧਕ ਮਜ਼ਦੂਰਾਂ ਤੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ—ਇਹ ਲਿਖਣ ਲਈ ਜੀਉਂਦੇ ਵਿਸ਼ੇ ਹਨ। ਇਹ ਖਾਮੋਸ਼ ਰਹਿਣ ਦਾ ਵੇਲਾ ਨਹੀਂ।

ਜੇ ਉਹ ਸਮਝਦੇ ਹਨ ਕਿ ਆਮ ਪਾਠਕਾਂ ਨੂੰ ਇਹ ਗੱਲਾਂ ਦਾ ਪਤਾ ਹੈ ਤਾਂ ਉਹ ਭਰਮ ਵਿਚ ਹਨ। ਹਾਲ ਵਿਚ ਹੀ ਮੈਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਸਾਡਾ ਪਾਠਕ ਜ਼ਮੀਨ ਨਾਲ ਜੁੜੇ ਮਸਲਿਆਂ ਬਾਰੇ ਬਹੁਤ ਘਟ ਵਾਕਫ਼ੀਅਤ ਰਖਦਾ ਹੈ। ਕਈਆਂ ਨੇ ਮੈਨੂੰ ਦਸਿਆ ਕਿ 'ਅਗਨੀ ਗਹਭ' ਵਿਚ ਸੰਕਲਿਤ ਮੇਰੇ ਪਹਿਲੇ ਨਾਵਲਿੱਟ 'ਆਪਰੇਸ਼ਨ ਬਸਾਈ ਟੁਡੂ' ਦੇ ਪੜ੍ਹਨ ਤੋਂ ਪਹਿਲਾਂ ਤੱਕ ਉਹ ਖੇਤ ਮਜ਼ਦੂਰਾਂ ਬਾਰੇ ਕੁਝ ਨਹੀਂ ਜਾਣਦੇ ਸਨ। ਨਕਸਲਵਾਦੀਆਂ ਦੇ ਇਕ ਹਮਦਰਦ ਨੂੰ ਇਹ ਜਾਣਕੇ ਬੜੀ ਹੈਰਾਨੀ ਹੋਈ ਕਿ ਪਲਾਮੂ ਦੇ ਇਕ ਆਦਿਵਾਸੀ ਨੂੰ 1977 ਤਕ ਇਸ ਲਈ ਬੰਧਕ ਮਜ਼ਦੂਰ ਦੇ ਤੌਰ ਤੇ ਕੰਮ ਕਰਨਾ ਪਿਆ ਕਿਉਂਕਿ 30 ਵਰ੍ਹੇ ਪਹਿਲਾਂ ਉਸ ਨੇ ਨੌਂ ਆਨੇ ਉਧਾਰ ਲਏ ਸਨ। ਉਸ ਨੇ ਕੋਰੇ ਕਾਗ਼ਜ਼ ਉਤੇ ਅਗੂਠਾ ਲਵਾਇਆ ਹੋਇਆ ਸੀ। ਮੈਂ ਇਨ੍ਹਾਂ ਨੌਜਵਾਨ ਲੇਖਕਾਂ ਨੂੰ ਕਹਿੰਦੀ ਹਾਂ ਕਿ ਉਹ ਲੁੱਟ-ਪ੍ਰਣਾਲੀ ਦਾ ਪਰਦਾ-ਫਾਸ਼ ਕਰਨ ਤੇ ਆਪਣੀਆਂ ਲਿਖਤਾਂ ਵਿਚ ਹਥਿਆਰ ਬੰਦ ਘੋਲ ਜਾਰੀ ਰਖਣ ਦੀਆਂ ਲੋੜਾਂ ਨੂੰ ਸਥਾਪਿਤ ਕਰਨ। ਫ਼ਿਲਮ ਨਿਰਮਾਤਾ ਜਾਣ ਬੁਝ ਕੇ ਸ਼ਹਿਰੀ ਨਕਸਲਵਾਦੀ ਨੌਜਵਾਨਾਂ ਦੀ ਗਲਤ ਤਸਵੀਰ ਪੇਸ਼ ਕਰਦੇ ਹਨ। ਉਹ ਕਦੀ ਵੀ ਕਿਸ਼ਟਾ ਗੌੜ ਜਾਂ ਭੂਮੀਆ ਜਾਂ ਭਾਈ ਬੂਝਾ ਸਿੰਘ ਜਾਂ ਗੰਭੀਰਾਂ 'ਤੇ ਫਿਲਮ ਨਹੀਂ ਬਨਾਉਣਗੇ।

ਸ਼ਾਇਦ ਮੈਂ ਆਪਣੀ ਗੱਲ ਦੋਹਰਾ ਰਹੀ ਹਾਂ। ਪਰ ਇਹ ਬੜਾ ਬੁਰਾ ਵਕਤ ਹੈ। ਨਕਸਲਵਾਦੀਆਂ ਵਲੋਂ ਉਪਰਾਮਤਾ ਪੈਦਾ ਕਰਨ ਦੀ ਕਿਉਂ ਲੋੜ ਪੈਂਦੀ ਹੈ? ਇਸ ਦੀ ਵਜ਼ਾਹ ਇਹ ਹੈ ਕਿ ਆਪਣੀ ਸਾਰੀਆ ਘਾਟਾਂ ਦੇ ਬਾਵਜੂਦ ਸਿਰਫ ਉਹ ਹੀ ਸਾਨੂੰ ਉਹਨਾਂ ਸਮੱਸਿਆਵਾਂ ਨੂੰ ਵੇਖਣ ਲਈ ਮਜਬੂਰ ਕਰਦੇ ਹਨ, ਜਿਹੜੀਆਂ ਦੇਸ਼ ਨੂੰ ਤਹਿਸ-ਨਹਿਸ ਕਰ ਰਹੀਆਂ ਹਨ।

ਇਸ ਲਈ ਇਕ ਪਾਸੇ ਤਾਂ ਲੰਮੇ ਚੌੜੇ ਸ਼ਬਦਾਂ ਦੇ ਉਹਲੇ ਵਿਚ ਦਮਨ ਦੀ ਨੀਤੀ ਉਤੇ ਪਰਦਾ ਪਾ ਜਾਂਦੇ ਹਨ ਤੇ ਦੂਜੇ ਪਾਸੇ ਡੇਬਰਾ ਵਿਚ ਘਟ ਤੋਂ ਘਟ ਮਜ਼ਦੂਰੀ ਦੀ ਮੰਗ ਕਰਨ ਵਾਲੇ ਖੇਤ ਮਜ਼ਦੂਰਾਂ ਦੇ ਦਮਨ ਲਈ ਪੁਲਸ ਨੂੰ

ਜ਼ੁਲਮ ਲਈ ਛੱਡ ਦਿਤਾ ਜਾਂਦਾ ਹੈ । ਇਨਕਲਾਬ ਨੂੰ ਵੇਚਣ ਵਾਲੀ ਚੀਜ਼ ਬਣਾ ਦਿਤਾ ਜਾਂਦਾ ਹੈ । ਅਜ ਕਲ ਪੱਛਮੀ ਬੰਗਾਲ ਵਿਚ ਇਨਕਲਾਬ ਦਾ ਭਾਅ ਬੜਾ ਉੱਚਾ ਹੈ । ਜਾਤਰਾਂ ਨਾਟਕਾਂ ਵਿਚ ਇਨਕਲਾਬੀ ਵਿਸ਼ੇ ਭਰੇ ਹੁੰਦੇ ਹਨ । ਇਸ ਦੀ ਸਕ੍ਰਿਪਟ ਕਿਸੇ ਮਸ਼ਹੂਰ ਪੇਸ਼ਾਵਰ ਇਨਕਲਾਬੀ ਨਾਟਕਕਾਰ ਤੋਂ ਲਿਖਵਾਈ ਜਾਂਦੀ ਹੈ, ਹਰ ਨਾਟਕ ਦੀ ਪੇਸ਼ਕਾਰੀ ਵਿਚ ਕਾਫੀ ਪੈਸੇ ਖਰਚ ਹੁੰਦੇ ਹਨ । ਭੋਲੇ ਭਾਲੇ ਦਰਸ਼ਨ ਤਿਲੰਗਾਨਾ ਘੋਲ, ਹੋ ਚੀ ਮਿਨ, ਮਾਓ-ਜ਼ੇ-ਤੁੰਗ, ਲੈਨਿਨ ਦਾ ਵਿਗੜਿਆ ਰੂਪ ਵੇਖਦੇ ਹਨ । ਦਰਅਸਲ ਪੱਛਮੀ ਬੰਗਾਲ ਵਿਚ ਇਨਕਲਾਬ ਉਤੇ ਮਨੋਰੰਜਨ ਦੀ ਦੁਨੀਆਂ ਦੀ ਇਜਾਰੇਦਾਰੀ ਹੈ । ਫਿਲਮਾਂ ਬਣ ਰਹੀਆਂ ਹਨ, ਜਾਤਰਾ ਮੰਡਲੀਆਂ ਨਾਟਕ ਖੇਡਣ ਵਿਚ ਰੁੱਝੀਆਂ ਹਨ । ਇਸ ਤਰ੍ਹਾਂ ਆਮ ਆਦਮੀ ਦੇ ਮਨ ਵਿਚ ਇਹ ਗੱਲ ਬੈਠਾਈ ਜਾ ਰਹੀ ਹੈ ਕਿ ਇਨਕਲਾਬ ਮਨੋਰੰਜਨ ਦਾ ਇਕ ਸਾਧਨ ਹੈ । ਇਕ ਤੋਂ ਬਾਅਦ ਅਖ਼ਬਾਰਾਂ ਤੇ ਰਸਾਲਿਆ ਦੇ ਪ੍ਰਕਾਸ਼ਕ ਉਤੇ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ । ਆਖਰ ਸੁਣਨ ਦੀ ਪ੍ਰਕ੍ਰਿਆ ਦਿਮਾਗ ਤੋਂ ਹੀ ਸ਼ੁਰੂ ਹੁੰਦੀ ਹੈ ।

ਬੜੀ ਸੰਕਟ ਭਰੀ ਘੜੀ ਹੈ । ਮੈਂ ਨਹੀਂ ਜਾਣਦੀ ਕਿ ਇਸ ਤੋਂ ਵੀ ਵੱਧ ਸੰਕਟ ਵਾਲੀ ਘੜੀ ਆਈ ਸੀ । ਇਹੋ ਵੇਲਾ ਹੈ ਕੰਮ ਕਰਨ ਦਾ । ਇਹ ਸੋਚ ਕੇ ਕਿ ਅਸੀਂ ਓਨਾਂ ਕੀਤਾ ਜਿੰਨਾ ਕਰ ਸਕਦੇ ਸਾਂ, ਸੰਤੋਖ ਕਰ ਲੈਣ ਨਾਲ ਕੰਮ ਨਹੀਂ ਚਲਣਾ ਕਿਉਂਕਿ ਸਰਗਰਮ ਕਾਰਕੁਨ, ਪ੍ਰਤੀਬੱਧ ਲੋਕ ਅਜ ਦੇ ਪੇਸ਼ਾਵਰ ਲੇਖਕਾਂ ਨੂੰ ਮੁਆਫ਼ ਨਹੀਂ ਕਰਨਗੇ । ਜੇ ਨੌਜਵਾਨ ਲੇਖਕ ਆਪਣੀ ਜ਼ਿੰਮੇਵਾਰੀ ਤੋਂ ਕਤਰਾਉਣਗੇ ਤਾਂ ਉਹ ਲੋਕ ਇਨ੍ਹਾਂ ਨੂੰ ਕਦੀ ਮੁਆਫ਼ ਨਹੀਂ ਕਰਨਗੇ, ਜਿਹੜੇ ਅਜ਼ ਘੋਲ 'ਚ ਫਸੇ ਹਨ । ਹਰੇਕ ਸੁਚੇਤ ਤੇ ਪ੍ਰਤੀਬੱਧ ਲੇਖਕ ਦਾ ਫਰਜ਼ ਹੈ ਕਿ ਉਹ ਤਰਕ ਤੇ ਅੰਕੜਿਆਂ ਦੇ ਅਧਾਰ 'ਤੇ ਅਤੇ ਅਜੋਕੇ ਸਮੇਂ 'ਚ ਜਾਰੀ ਘੋਲ ਨੂੰ ਇਤਿਹਾਸਕ ਪਰਿਪੱਖ ਵਿਚ ਵੇਖੇ । ਉਪਰਾਮ ਹੋਏ ਲੋਖਕਾਂ ਦੀ ਨਿੰਦਿਆ ਕਰਨਾ ਆਪਣਾ ਸਮਾਂ ਖ਼ਰਾਬ ਕਰਨਾ ਹੈ । ਸਾਰੀਆਂ ਬੁਰਾਈਆਂ ਦੂਜਿਆਂ ਵਿਚ ਵੇਖਣਾ ਇਕ ਮੱਧ ਵਰਗੀ ਆਦਤ ਹੈ । ਇਸ ਨਾਲ ਆਪਣਾ ਫਰਜ਼ ਨਾ ਪੂਰਾ ਕਰਨ ਦੀ ਗਲਤੀ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ ।

('ਸਮਕਾਲੀਨ ਤੀਸਰੀ ਦੁਨੀਆਂ' ਤੋਂ ਧੰਨਵਾਦ ਸਹਿਤ ।
ਅਨੁਵਾਦ––ਸਬਿੰਦਰਜੀਤ ਸਾਗਰ)

---


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

ਵਲੋਂ ਛਪਿਆ ਨਾਵਲ

## ਸਸਤਾ ਲਹੂ

ਇਸ ਨਾਵਲ ਦੇ ਲੇਖਕ ਬੀਰ ਸਿੰਘ ਨਿਰਵੈਰ ਇਕ ਕਿਸਾਨ ਹਨ । ਆਪਣੀ ਜ਼ਿੰਦਗੀ ਦੇ ਸੱਠ ਸਾਲਾਂ ਦਾ ਤਜਰਬਾ ਉਹਨਾਂ ਨੇ ਇਸ ਨਾਵਲ ਵਿਚ ਲਿਖਿਆ ਹੈ, ਮੁਖ ਪਾਤਰ ਕਿਹਰ ਸਿੰਘ ਦੀ ਕਹਾਣੀ ਅਸਲ ਵਿਚ ਪੰਜਾਬ ਦੇ ਦਰਮਿਆਨੇ ਕਿਸਾਨ ਦੀ ਕਹਾਣੀ ਹੈ । ਆਲੋਚਕਾ ਦਾ ਕਹਿਣਾ ਹੈ ਕਿ ਪੰਜਾਬ ਦੀ ਕਿਸਾਨੀ ਦੀ ਜ਼ਿੰਦਗੀ ਦਾ ਸ਼ਾਇਦ ਇਸ ਤੋਂ ਸੋਹਣਾ ਅਕਸ ਹਾਲੀ ਤਕ ਪੰਜਾਬੀ ਗਲਪ ਸਾਹਿਤ ਵਿਚ ਕਿਧਰੇ ਨਹੀਂ ਵੇਖਿਆ ਗਿਆ ।

ਸਫੇ 364––ਮੁਲ 10 ਰੁਪਏ

ਪਾਕਸਤਾਨੀ ਕਹਾਣੀ

# ਚੌਤੀਵਾਂ ਦਰਵਾਜ਼ਾ

ਨਸੀਮ ਅਹਿਮਦ ਖਰਲ

ਦਿਨ ਦੇ ਚੜ੍ਹਾ ਨਾਲ ਜਦ ਉਹ ਪਾਣੀ ਮਿਣਨ ਲੱਗਾ ਤਾਂ ਉਸ ਦੀ ਨਿਗਾਹ ਇਕ ਲਾਸ਼ ਤੇ ਪਈ ਜੋ ਬੰਨ੍ਹ ਦੇ ਦਰਵਾਜ਼ੇ ਵਿਚ ਅੱਟਕੀ ਪਈ ਸੀ। ਲਾਸ਼ ਦੀ ਧੌਣ ਚੰਮੜੀ ਨਾਲ ਥੋੜੀ ਜੇਹੀ ਅੜੀ ਹੋਈ ਸੀ। ਲਾਸ਼ ਵੇਖ ਕੇ ਉਹ ਕੁਝ ਦੇਰ ਗੁੰਮ ਸੁੰਮ ਕੰਧ ਦੇ ਸਹਾਰੇ ਖੜਾ ਰਿਹਾ। ਜਦ ਉਸ ਦਾ ਮਨ ਕੁਝ ਟਿਕਾਣੇ ਆਇਆ ਤਾਂ ਉਸ ਲਾਸ਼ ਨੂੰ ਗੌਰ ਨਾਲ ਵੇਖਿਆ। ਲਾਸ਼ ਕਿਸੇ ਔਰਤ ਦੀ ਸੀ। ਸਰੀਰ ਤੇ ਲਾਲ ਰੰਗ ਦਾ ਚੋਲਾ ਪਾਇਆ ਹੋਇਆ ਸੀ। ਉਸ ਦੇ ਲੰਮੇ ਲੰਮੇ ਵਾਲ ਪਾਣੀ ਦੇ ਵਹਿਣ ਕਾਰਨ ਖੁਲ ਕੇ ਖਿਲਰ ਗਏ ਸਨ। ਪਹਿਲਾਂ ਤਾਂ ਉਸ ਸੋਚਿਆ ਕਿ ਉਹ ਇਸ ਝਮੇਲੇ ਵਿਚ ਨਾ ਹੀ ਪਵੇ ਤੇ ਦਰਵਾਜ਼ਾ ਖੋਲ ਕੇ ਲਾਸ਼ ਅਗਾਂਹ ਰੋੜ੍ਹ ਦੇਵੇ। ਪਰ ਉਸ ਦੀ ਆਤਮਾ ਨਾ ਮੰਨੀ ਅਤੇ ਉਸ ਨੇ ਥਾਨੇ ਜਾ ਕੇ ਇਤਲਾਹ ਦੇਣ ਦਾ ਮਨ ਬਣਾ ਲਿਆ। ਇਸ ਇਰਾਦੇ ਨਾਲ ਉਹ ਕਮਰੇ ਵਿਚ ਆਇਆ ਤੇ ਤਾਲਾ ਫੜਕੇ ਦਰਵਾਜ਼ਾ ਬੰਦ ਕਰਨ ਲਗਾ। ਦਰਵਾਜ਼ਾ ਬੰਦ ਕਰਦਿਆਂ ਉਸਨੂੰ ਖਿਆਲ ਆਇਆ ਕਿ ਇਸ ਘਟਨਾ ਬਾਰੇ ਆਪਣੇ ਸਰਵੇਅਰ ਨੂੰ ਦਸਦਾ ਜਾਵੇ।

ਉਸ ਨੇ ਸਰਵੇਅਰ ਦੇ ਦਰਵਾਜ਼ੇ ਤੇ ਜਾ ਦਸ਼ਤਕ ਦਿਤੀ। ਸਰਵੇਅਰ ਰਾਤ ਸੱਖਰ ਸ਼ਹਿਰੋਂ ਫਿਲਮ ਵੇਖਣ ਕਾਰਨ ਘੂਕ ਸੁੱਤਾ ਪਿਆ ਸੀ। ਪਰ ਜਿਨ੍ਹਾਂ ਚਿਰ ਸਰਵੇਅਰ ਨੇ ਉਠ ਕੇ ਦਰਵਾਜ਼ਾ ਨਹੀਂ ਖੋਲਿਆ ਉਹ ਦਰਵਾਜ਼ੇ ਤੇ ਦਸਤਕ ਦੇਂਦਾ ਰਿਹਾ। ਅੱਖਾਂ ਮਲਦਿਆਂ-ਮਲਦਿਆਂ ਸਰਵੇਅਰ ਨੇ ਪੁੱਛਿਆ, "ਕਿਉਂ ਕੀ ਆਖਰ ਆ ਗਈ ?"

"ਸਾਹਿਬ, ਇਕ ਲਾਸ਼ ਦਰਵਾਜ਼ੇ 'ਚ ਫਸੀ ਏ।"

"ਤਾਂ ਮੈਨੂੰ ਕਿਉਂ ਜਗਾਇਆ ਮੂਰਖਾ, ਮੈਂ ਕੋਈ ਥਾਨੇਦਾਰ ਆਂ।"

"ਸਾਹਿਬ ਮੈਂ ਥਾਨੇ ਜਾ ਰਿਹਾ ਹਾਂ, ਇਸੇ ਲਈ ਆਇਆ ਸਾਂ ਕਿ ਉਥੇ ਕਿਤੇ ਦੇਰ ਨਾ ਹੋ ਜਾਵੇ।

"ਦੇਰ ? ਉਏ, ਸ਼ਾਮ ਤਕ ਵੀ ਮੁੜ ਆਵੇ ਤਾਂ ਗਨੀਮਤ ਸਮਝੀਂ, ਉਸਦੇ ਬਾਅਦ ਰੋਜ਼ ਥਾਨੇ ਹਾਜ਼ਰੀ ਦੇਣੀ ਪਵੇਗੀ, ਬੱਚੂ।"

"ਹਾਂ ਸਾਹਿਬ, ਸਿਰ ਤੇ ਜੁ ਆਣ ਪਈ ਏ, ਹੁਣ ਕੁਝ ਨਾ ਕੁਝ ਤਾਂ ਕਰਨਾ ਹੀ ਪਊ।"

"ਠੀਕ ਏ ਜਾਹ, ਪਰ ਇਕ ਗਲ ਯਾਦ ਰੱਖੀਂ, ਮੇਰਾ ਨਾਂ ਗਵਾਹੀ 'ਚ ਨਾ ਲਿਖਾਈ।"

"ਨਹੀਂ ਸਾਹਿਬ, ਮੈਂ ਕਿਉਂ ਲਿਖਾਉਣਾ, ? ਮੈਂ ਕਹੂੰਗਾ ਕਿ ਲਾਸ਼ ਵੇਖਕੇ ਮੈਂ ਸਿਧਾ ਥਾਨੇ ਆ ਗਿਆ ਹਾਂ।"

"ਠੀਕ ਏ, ਇਹੋ ਕਹੀਂ।" ਇਹ ਆਖ ਕੇ ਸਰਵੇਅਰ ਨੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਉਹ ਬੰਨ੍ਹ ਤੇ ਆਇਆ ਤੇ ਫਿਰ ਸ਼ੱਖਰ ਵੱਲ ਹੋ ਤੁਰਿਆ। ਕੁਝ ਦੂਰ ਜਾਣ ਬਾਅਦ ਉਸ ਨੂੰ ਪਿਛੋਂ ਆਉਂਦੇ ਟਰੱਕ ਦੀਆਂ ਬੱਤੀਆਂ ਦਿਸੀਆਂ। ਕੋਲ ਆਉਣ ਤੇ ਉਹਨੇ ਲੰਮਾ ਸਾਰਾ ਹੱਥ ਦੇ ਕੇ ਟਰੱਕ ਰੋਕ ਲਿਆ। ਟਰੱਕ ਡਰਾਇਵਰ ਵੀ ਕੋਈ ਭਲਾ ਆਦਮੀ ਸੀ। ਉਸ ਟਰੱਕ ਰੋਕ ਕੇ, ਉਸ ਨੂੰ ਚੜ੍ਹਾ ਲਿਆ। ਉਹ ਮਨ ਹੀ ਮਨ 'ਚ ਉਸ ਦਾ ਧੰਨਵਾਦ ਕਰਨ ਲੱਗਾ।

* * *

ਥਾਨੇ ਤੋਂ ਥੋੜੀ ਦੂਰ ਜਦ ਟਰੱਕ ਰੁਕਿਆ ਤਾਂ ਉਹ ਛਾਲ ਮਾਰਕੇ ਬਾਹਰ ਆ ਗਿਆ। ਸਾਹਮਣੇ ਖਲੋਤੇ ਸਿਪਾਹੀ ਤੋਂ ਉਸ ਥਾਨੇਦਾਰ ਬਾਰੇ ਪੁੱਛਿਆ।

"ਸਾਹਿਬ ਇਨਕੁਆਰੀ ਤੇ ਗਏ", ਸਿਪਾਹੀ ਨੇ ਧੌਣ ਖੁਰਕਦਿਆਂ ਕਿਹਾ।

"ਸੰਤਰੀ ਜੀ, ਮੈਂ ਥਾਨੇਦਾਰ ਸਾਹਿਬ ਨੂੰ ਜ਼ਰੂਰੀ ਮਿਲਣੈ, ਸੱਚ ਸੱਚ ਦਸੀਂ, ਮੀਆਂ।"

"ਕਿਉਂ ਕੋਈ ਪਰਚਾ ਦੇਣਾ ਈ ?"

"ਹਾਂ ਮੀਆਂ, ਪਰਚਾ ਦੇਣਾ।"

"ਇਸ ਸਮੇਂ ਪਰਚਾ ਦਰਜ਼ ਨਹੀਂ ਹੋਣਾ, ਦੋ ਤਿੰਨ ਦਿਨ ਠਹਿਰ ਕੇ ਆਵੀਂ, ਅਜੇ ਵਿਹਲ ਨਹੀਂ।"

"ਮੀਆਂ ਮੈਂ ਕੋਈ ਡਾਕੇ ਚੋਰੀ ਦਾ ਪਰਚਾ ਦਰਜ ਕਰਵਾਉਣ ਨਹੀਂ ਆਇਆ, ਸਗੋਂ ਖ਼ੂਨ ਦਾ ਪਰਚਾ ਦੇਣਾ।"

"ਕੀ, ਤੂੰ ਖ਼ੂਨ ਕੀਤਾ ਹੈ ? ਕਿਥੇ ਹਨ ਤੇਰੇ ਹਥਿਆਰ ?"

"ਹਥਿਆਰ ਤਾਂ ਮੈਂ ਥਾਨੇਦਾਰ ਨੂੰ ਹੀ ਦੇਵਾਂਗਾ। ਤੂੰ ਸਿਰਫ਼ ਮੈਨੂੰ ਉਨ੍ਹਾਂ ਨਾਲ ਮਿਲਾ ਦੇ।"

ਜਦ ਸਿਪਾਹੀ ਨੇ ਵੇਖਿਆ ਕਿ ਉਹ ਆਪਣੀ ਗੱਲ ਤੇ ਅੜਿਆ ਹੋਇਆ ਹੈ ਤਾਂ ਮਜਬੂਰੀ 'ਚ ਉਹ ਉਸ ਨੂੰ ਲੈ ਕੇ ਥਾਨੇਦਾਰ ਦੇ ਕੁਆਟਰ ਵੱਲ ਤੁਰ ਪਿਆ। ਥਾਨੇਦਾਰ ਜਾਂਦਿਆਂ ਨੂੰ ਚਾਹ ਪੀ ਰਿਹਾ ਸੀ। ਸਿਪਾਹੀ ਨੇ ਸਲੂਟ ਮਾਰਕੇ ਥਾਨੇਦਾਰ ਨੂੰ ਕਿਹਾ, "ਸਰਕਾਰ, ਇਹ ਕੋਈ ਫਰਿਆਦੀ ਹੈ।" ਥਾਨੇਦਾਰ ਰੋਹ ਭਰੀਆਂ ਅੱਖਾਂ ਨਾਲ ਘੂਰਦੇ ਹੋਏ ਕੜਕਿਆ, "ਸੂਰ ਦਿਆ ਖੁਰਾ, ਥਾਨੇ ਤੋਂ ਤਾਂ ਮੈਂ ਰਵਾਨਗੀ ਪਾ ਕੇ ਆਇਆਂ ਤੇ ਤੂੰ ਪਿਉ ਨੂੰ ਮੇਰੇ ਕੋਲ ਲੈ ਆਇਆਂ।"

"ਸਰਕਾਰ, ਮੈਂ ਤਾਂ ਇਸ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਸਾਹਿਬ ਕੇਸ ਨੰਬਰ 224 ਦੀ ਜਾਂਚ 'ਚ ਰੁਝੇ ਹੋਏ ਨੇ, ਪਰ ਕੇਸ ਹੀ ਇਸ ਤਰ੍ਹਾਂ ਦਾ ਸੀ ਕਿ ਤੁਹਾਡੇ ਕੋਲ ਆਉਣਾ ਪਿਆ। ਇਹ ਵੀ ਸਰਕਾਰੀ ਕਰਮਚਾਰੀ ਹੈ।"

"ਕੀ ਕਹਿੰਦਾ ਈ, ਏਹ ?"

"ਸਰਕਾਰ, ਕਹਿੰਦਾ ਖ਼ੂਨ ਹੋਇਆ ਏ।"

"ਖ਼ੂਨ, ਕੋਠੇ ਤੇ ?ਪਰ ਉ ਥੇ ਤਾਂ ਮੈਂ ਸਾਰੀ ਰਾਤ ਰਾਊਂਡ ਤੇ ਰਿਹਾ।"

"ਨਹੀਂ ਸਰਕਾਰ, ਮੈਨੂੰ ਵਾਰਦਾਤ ਦੀ ਜਗ੍ਹਾ ਦਾ ਤਾਂ ਪਤਾ ਨਹੀਂ। ਤੁਸੀਂ ਖੁਦ ਆਖਿਆ ਏ......ਓ ਮੀਆਂ, ਇਥੇ ਆ ਕੇ ਸਰਕਾਰ ਨੂੰ ਪੂਰੀ ਹਕੀਕਤ ਦਸ। ਐਂਵੇ ਡਰ ਨਾ ਸੱਚੋ ਸੱਚ ਦੱਸੇਂਗਾ ਤਾਂ ਜਾਨ ਛੁਟੇਗੀ।" ਸਿਪਾਹੀ ਨੇ ਉਸਨੂੰ ਬੁਲਾ ਕੇ ਕਿਹਾ।

"ਮੀਆਂ ਕਿਹੜੇ ਮਹਿਕਮੇ 'ਚ ਕੰਮ ਕਰਦਾ ਏ ?"

"ਹਜ਼ੂਰ, ਮੈਂ ਗੇਜ਼ਰੀਡਰ ਆਂ, ਸੱਖਰ ਬੰਨ ਤੇ।"

"ਚੰਗਾ, ਹੁਣ ਸੱਚੀ ਗਲ ਦੱਸ।"

"ਹਜ਼ੂਰ, ਮੈਂ ਰੋਜ਼ ਵਾਂਗ ਜਦੋਂ ਪਾਣੀ ਮਾਪ ਰਿਹਾ ਸਾਂ ਤਾਂ ਮੈਂ ਇਕ ਤਰਦੀ ਹੋਈ ਲਾਸ਼ ਵੇਖੀ। ਜੋ ਬੰਨ ਦੇ ਦਰਵਾਜੇ 'ਚ ਫਸੀ ਹੋਈ ਸੀ। ਉਸ ਦੀ ਧੌਣ ਥੋੜੀ ਕੁ ਚਮੜੀ ਨਾਲ ਜੁੜੀ ਹੋਈ ਸੀ।"

"ਲਾਸ਼ ਕਿਸੇ ਆਦਮੀ ਦੀ ਸੀ ਜਾਂ ਔਰਤ ਦੀ।"

"ਔਰਤ ਦੀ ਹਜ਼ੂਰ।"

"ਲਾਸ਼ ਨੂੰ ਤਾਂ ਡੱਡੂ ਮਛੀਆਂ ਖਾ ਗਈਆਂ ਹੋਣਗੀਆਂ, ਹੁਣ ਤਾਂ ਸ਼ਨਾਖਤ ਵੀ ਨਹੀਂ ਹੋ ਸਕਦੀ।"

"ਨਹੀਂ ਹਜ਼ੂਰ, ਅਜੇ ਤਾਂ ਲਾਸ਼ ਸਹੀ ਸਲਾਮਤ ਸੀ।"

"ਹੂੰ, ਇਸ ਸਿਲਸਲੇ 'ਚ ਤੇਰੇ ਕੋਲ ਕੋਈ ਆਇਆ।

"ਨਹੀਂ ਹਜ਼ੂਰ, ਮੇਰੇ ਕੋਲ ਤਾਂ ਕੋਈ ਨਹੀਂ ਆਇਆ।"

"ਕਾਦਰ ਖਾਨ, ਥਾਨੇ ਲਾਸ਼ ਦਾ ਕੋਈ ਵਾਰਸ ਤਾਂ ਨਹੀਂ ਆਇਆ।"

"ਨਹੀਂ ਸਰਕਾਰ, ਕੋਈ ਨਹੀਂ।"

ਥਾਨੇਦਾਰ ਉਸ ਵਲ ਮੂੰਹ ਘੁੰਮਾ ਕੇ, "ਹਾਂ, ਕਦੋਂ ਵੇਖੀ ਸੀ ਲਾਸ਼।"

"ਹਜ਼ੂਰ, ਪਹੁ ਫੁਟਾਲੇ ਨਾਲ।"

"ਉਥੇ ਹੋਰ ਕੌਣ ਕੌਣ ਸੀ।"

"ਕੋਈ ਨਹੀਂ, ਮੈਂ ਇਕਲਾ ਸੀ।"

"ਹੋਰ ਕਿਸੇ ਨੂੰ ਤਾਂ ਨਹੀਂ ਪਤਾ।"

"ਕਿਸੇ ਨੂੰ ਨਹੀਂ ਹਜ਼ੂਰ, ਮੈਂ ਤਾਂ ਸਿਧਾ ਥਾਨੇ ਆ ਗਿਆ।

"ਤੂੰ, ਕਿਥੇ ਰਹਿਨੈ।"

"ਹਜ਼ੂਰ, ਸੱਖਰ ਬੰਨ ਤੇ ਕੁਆਟਰ ਮਿਲਿਆ ਹੋਇਐ।"

"ਤੂੰ, ਇਕਲਾ ਰਹਿਨਾ ਕਿ ਬੀਵੀ ਬੱਚਿਆਂ ਨਾਲ।"

"ਇਕੱਲਾ ਹੀ ਰਹਿਨਾ, ਹਜ਼ੂਰ।"

"ਹਾਂ ਮੀਆਂ, ਇਕੱਲਾ ਕਿਉਂ ਨਾ ਰਹੈ, ਆਦਮੀ ਵੀ ਕਾਫ਼ੀ ਸੌਕੀਨ ਲੱਗਦਾ ਏ ?,'

"ਸ਼ੌਕੀਨ ਕਿਵੇਂ ਹਜ਼ੂਰ ?"

"ਮੀਆਂ ਉਥੇ ਤਾਂ ਰੋਜ ਇਕ ਤੋਂ ਵੱਧ ਕੇ ਇਕ ਆਉਂਦੀ ਹੋਵੇਗੀ। ਤੂੰ ਵੀ ਇਕ ਅੱਧੀ ਜ਼ਰੂਰ ਪਟਾ ਰੱਖੀ ਹੋਣੀ ਏ।"

"ਨਹੀਂ ਹਜ਼ੂਰ, ਰੱਬ ਦਾ ਨਾਂ ਲਵੋ।"

"ਜੇ ਰੱਬ ਦਾ ਨਾਂ ਲੈਂਦਾ ਹੁੰਦਾ ਤਾਂ ਖ਼ੂਨ ਹੀ ਹੁੰਦੇ।"

"ਹਜ਼ੂਰ, ਮੈਂ ਸਮਝਿਆ ਨਹੀਂ।" ਗੇਜ਼ਰੀਡਰ ਪਸੀਨੋ ਪਸੀਨੀ ਹੋ ਗਿਆ।

"ਪਰ ਹਜ਼ੂਰ, ਜੇ ਤੁਸੀਂ ਸਖਤੀ ਕਰੋ ਤਾਂ ਇਹੋ ਜੇਹ ਗੁਨਾਹ ਤਾਂ ਨਹੀਂ ਲੁਕ ਸਕਦੇ।"

"ਹਾਂ, ਮੈਨੂੰ ਤਾਂ ਐਨਾ ਤਜ਼ਰਬਾ ਐ ਕਿ ਖ਼ੂਨੀ ਭਾਵੇਂ ਗੁਲਾਬ ਦੇ ਅਰਕ ਨਾਲ ਨਹਾ ਕੇ ਆ ਜਾਵੇ ਸੌ ਬੰਦੇ 'ਚ ਪਛਾਣ ਲਵਾਂ। ਮੈਂ ਵੀ ਘਾਟ ਘਾਟ ਦਾ ਪਾਣੀ ਪੀਤਾ।"

"ਵਾਹ। ਹਜ਼ੂਰ ਵਾਹ। ਤਾਂ ਫਿਰ ਕੁਝ ਕਰਕੇ ਵਿਖਾਉ।"

"ਮੀਆਂ, ਇਸ ਕੇਸ 'ਚ ਕਿਸ ਕਿਸ ਨੂੰ ਫੜਾਂ। ਜਿਸ ਆਦਮੀ ਦੀ ਧੌਣ ਨੂੰ ਹੱਥ ਪਾਵਾਂਗਾ, ਉਸੇ ਤੋਂ ਖ਼ੂਨ ਦੀ ਬੋ ਆਵੇਗੀ।"

"ਹਜ਼ੂਰ ਇਕ ਵਾਰ ਜਾਚ ਸ਼ੁਰੂ ਕਰ ਦੇਵੋ। ਜ਼ਰੂਰ

ਕਾਮਯਾਬੀ ਮਿਲੇਗੀ। ਹਜ਼ੂਰ, ਖ਼ੂਨ ਤੇ ਕਸਤੂਰੀ ਵੀ ਕਦੀ ਲੁਕਦੀ ਏ।"

"ਮੀਆਂ, ਲਵਾਰਿਸ ਲਾਸ਼ਾਂ ਦੀ ਜਾਂਚ ਕੋਈ ਮਖੌਲ ਆ। ਲਾਸ਼ ਕੱਢਣ ਵਾਲੇ ਦੀ ਮਜ਼ਦੂਰੀ, ਪੋਸਟਮਾਰਟਮ ਦਾ ਖਰਚ, ਫੋਟੋਗਰਾਫਰ, ਜੀਪਾਂ ਕਾਰਾਂ ਦਾ ਖਰਚਾ, ਲਾਸ਼ ਦਾ ਖੱਫਨ ਸਸਕਾਰ ਉਸ ਪਿਛੋਂ ਅਫ਼ਸਰਾਂ ਦੇ ਤਾਹਨੇ ਮਿਹਣੇ, ਰੋਜ਼ ਰੋਜ਼ ਦੀ ਪੁੱਛ ਗਿੱਛ। ਮੀਆਂ, ਦਰਵਾਜ਼ਾ ਖੋਲ ਕੇ ਲਾਸ਼ ਨੂੰ ਰੋੜ੍ਹ ਕਿਉਂ ਨਹੀਂ ਦਿੱਤਾ?"

"ਹਜ਼ੂਰ, ਇਹ ਪਾਪ ਮੇਰੇ ਕੋਲੋਂ ਨਹੀਂ ਹੋਇਆ। ਅਲਾ ਨਾ ਜਾਣੇ ਕਿਸ ਗੱਲ 'ਚ ਰਾਜ਼ੀ ਆ।"

"ਲੇਕਿਨ ਮੀਆਂ ਨਾ ਤੂੰ ਗੁਨਾਹ ਕੀਤਾ ਏ ਤੇ ਨਾ ਮੈਂ, ਫਿਰ ਕਿਉਂ ਦੋਵੇ ਮੁਸੀਬਤ ਸਹੇੜੀਏ, ਖ਼ੂਨ ਦਾ ਪਰਚਾ ਕੋਈ ਮਖੌਲ ਨਹੀਂ, ਜਦੋਂ ਰੋਜ਼ ਥਾਨੇ ਦੇ ਚੱਕਰ ਲਾਉਣੇ ਪਏ ਤਾਂ ਹੋਸ਼ ਟਿਕਾਣੇ ਆਵੇਗੀ।"

"ਹਜ਼ੂਰ ਥਾਨੇ ਦੇ ਚੱਕਰ ਮੰਨਜ਼ੂਰ, ਪਰ ਇਹ ਗੁਨਾਹ ਮੇਰੇ ਕੋਲੋਂ ਨਹੀਂ ਜੇ ਹੋਣਾ, ਤੁਸੀਂ ਪਰਚਾ ਦਰਜ਼ ਕਰੋ"

"ਹਾਂ ਮੀਆਂ, ਤੈਥੋਂ ਖਹਿੜਾ ਨਹੀਂ ਛੁਟਣ ਲਗਾ, ਜ਼ਰੂਰ ਨਿੱਕੇ ਹੁੰਦੇ ਨੂੰ ਤੇਰੀ ਮਾਂ ਨੇ ਖੋਤੀ ਦਾ ਦੁੱਧ ਪਿਆਇਆ ਹੋਣਾ।"

"ਕਾਦਰ ਖਾਂ, ਮੁਨਸ਼ੀ ਨੂੰ ਬੁਲਾਵੀਂ, ਇਸ ਦਾ ਪਰਚਾ ਦਰਜ਼ ਕਰ ਲਵੇ।" ਸੜੇ ਹੋਏ ਥਾਨੇਦਾਰ ਨੇ ਕਿਹਾ।

* * *

"ਠੀਕ ਆ, ਤੂੰ ਇਸ ਤਰ੍ਹਾਂ ਕਿਥੇ ਸਮਝਣ ਲਗਾ ਏ, ਜਦੋਂ ਤੈਨੂੰ ਜੁਤ ਵਰ੍ਹਿਆ ਤਾਂ ਤੋਤੇ ਵਾਂਗੂ ਪਟਾਕੇਗਾ"

"ਹਜ਼ੂਰ, ਤੁਸੀਂ ਤਾਂ ਮੇਰੇ ਤੇ ਖਾਮਖਾਹ ਸ਼ਕ ਕਰ ਰਹੇ ਹੋ। ਜੇ ਮੈਂ ਇਹੋ ਜੇਹਾ ਕੰਮ ਕੀਤਾ ਹੁੰਦਾ ਤਾਂ ਮੈਂ ਤੁਹਾਡੇ ਕੋਲ ਫਰਿਆਦ ਲੈ ਕੇ ਆਉਂਦਾ? ਜੇ ਮੈਂ ਉਥੇ ਲਾਸ਼ ਰੋੜ੍ਹ ਦੇਂਦਾ ਤਾਂ ਮੈਨੂੰ ਕੋਣ ਵੇਖਣ ਲਗਾ ਸੀ।"

"ਹਾਂ, ਇਹ ਗਲ ਤਾਂ ਤੇਰੇ ਹੱਕ 'ਚ ਜਾਂਦੀ ਆ, ਇਸ ਗਲ ਦਾ ਮੈਂ ਖ਼ਿਆਲ ਰਖਾਂਗਾ। ਚੰਗਾ, ਲਾਸ਼ ਦਾ ਹੁਲੀਆ ਦੱਸ।"

"ਹਜ਼ੂਰ, ਮੈਂ ਹੇਠਾਂ ਉਤਰ ਕੇ ਤਾਂ ਨਹੀਂ ਵੇਖਿਆ ਕਿਉਂਕਿ ਮੈਨੂੰ ਤਾਂ ਡਰ ਲੱਗਦਾ ਸੀ। ਬਾਕੀ ਉਹ ਰੰਗ ਦੀ ਗੋਰੀ, ਲੰਮੇ ਕਾਲੇ ਵਾਲ, ਜਿਸਮ ਤੇ ਲਾਲ ਰੰਗ ਦਾ ਚੋਲਾ ਤੇ ....."

"ਹੁਣ ਬਣੀ ਗੱਲ।" ਥਾਨੇਦਾਰ ਨੇ ਜਿਵੇਂ ਕਾਤਲ ਲੱਭ ਲਿਆ ਹੋਵੇ।

"ਕੀ ਗੱਲ ਹਜ਼ੂਰ?"

"ਜ਼ਰੂਰ ਕਿਸੇ ਨੇ ਮੂੰਹ ਕਾਲਾ ਕਰਕੇ, ਆਪਣਾ ਮੂੰਹ ਧੋਤਾ ਹੋਣਾ।"

ਗੇਜ਼ਰੀਡਰ ਅਜੇ ਤਕ ਵੀ ਗਲ ਨਹੀਂ ਸੀ ਸਮਝਿਆ, ਇਸ ਲਈ ਉਸ ਥਾਨੇਦਾਰ ਪਾਸੋਂ ਪੁਛਿਆ, "ਹਜ਼ੂਰ, ਕਿਸ ਨੇ ਮੂੰਹ ਧੋਤਾ ਹੋਣਾ?"

"ਤੂੰ ਵੀ ਸਾਲਿਆ ਗੁਆਰ ਏ। ਤੈਨੂੰ ਇਨ੍ਹਾਂ ਗਲਾਂ ਦਾ ਕੀ ਪਤਾ ਜੇ ਉਨ੍ਹਾਂ ਤੇ ਕੋਈ ਤੋਹਮਤ ਵੀ ਲਾ ਦੇਵੇ ਤਾਂ ਵੀ ਉਹ ਆਪਣਾ ਆਪ ਖ਼ਤਮ ਕਰ ਲੈਂਦੀਆਂ।"

ਗੇਜ਼ਰੀਡਰ ਹੁਣ ਕੁਝ ਕੁਝ ਗੱਲ ਸਮਝਿਆ ਤੇ ਥਾਨੇ-ਦਾਰ ਨੂੰ ਕਹਿਣ ਲਗਾ,

"ਹਜ਼ੂਰ, ਇਸ ਤਰ੍ਹਾਂ ਕਰਨਾ ਵੀ ਕਿਸ ਕੁਰਾਨ 'ਚ ਲਿਖਿਆ।"

"ਉਹ ਇਸ ਕਾਨੂੰਨ ਨੂੰ ਕੀ ਸਮਝਣ, ਏਹੋ ਜੇਹੇ ਖ਼ੂਨ ਇਨ੍ਹਾਂ ਲੋਕਾਂ ਲਈ ਸਭ ਜਾਇਜ਼ ਹਨ।"

"ਲੇਕਿਨ ਹਜ਼ੂਰ, ਕਾਨੂੰਨ ਦੇ ਹਿਸਾਬ ਨਾਲ ਤਾਂ ਇਹ ਲੋਕ ਗੁਨਾਹਗਾਰ ਹਨ।"

"ਹਾਂ ਮੀਆਂ?" ਕਾਨੂੰਨ ਮੁਤਾਬਕ ਤਾਂ 302 ਦਫ਼ਾ ਬਣਦੀ ਏ, ਪਰ ਕੌਣ ਫਰਿਆਦੀ ਬਣੇ ਤੇ ਕੌਣ ਗੁਨਾਹਗਾਰ? ਆਪਣੇ ਭੈਣ ਭਰਾ ਨਹੀਂ ਜ਼ਿਮੇਵਾਰੀ ਦੇਂਦੇ, ਰਿਸ਼ਤੇਦਾਰ ਤਾਂ ਦੂਰ ਦੀ ਗੱਲ।"

ਮੁਨਸ਼ੀ ਕਾਗਜ਼, ਕਾਰਬਨ, ਰੂਲ ਤੇ ਪੈਨਸਿਲ ਲੈ ਕੇ ਥਾਨੇਦਾਰ ਦੇ ਕੋਲ ਆ ਬੈਠਾ। ਰੂਲ ਤੇ ਪੈਨਸਿਲ ਨਾਲ ਕਾਗਜ਼ ਤੇ ਲਾਇਨਾਂ ਮਾਰਕੇ ਉਸ ਥਾਨੇਦਾਰ ਤੋਂ ਪੁਛਿਆ, "ਹਜ਼ੂਰ ਪਹਿਲਾਂ ਕੱਚੇ ਕਾਗਜ ਤੇ ਲਿਖ ਲੈਂਦੇ ਹਾਂ ਬਾਅਦ 'ਚ 154 ਤੇ ਲਿਖ ਲਵਾਂਗਾ।"

"ਮੇਰੇ ਵਲੋਂ ਢੱਠੇ ਖੂਹ 'ਚ ਪਵੇ, ਜਿਸ ਤਰ੍ਹਾਂ ਜੀ ਕਰੇ, ਕਰੋ।"

"ਮੁਨਸ਼ੀ, ਲਿਖ ਫਰਿਆਦੀ ਦਾ ਨਾਂ, ਓਏ ਕੀ ਨਾਂ ਏ ਤੇਰਾ।"

"ਹਜ਼ੂਰ. ਗੁਲਾਮ ਮੁਹੰਮਦ ਵਲਦ ਨੂਰ ਮੁਹੰਮਦ!"

"ਮੁਨਸ਼ੀ ਲਿਖੋ...ਫਰਿਆਦੀ ਗੁਲਾਮ ਮੁਹੰਮਦ ਵਲਦ ਨੂਰ ਮੁਹੰਮਦ ਗੇਜ਼ਰੀਡਰ, ਸੱਖਰ ਬੰਨ੍ਹ, ਜੇਰੇ ਦਫ਼ਾ 302 ਵਕਤ ਇਤਲਾ ਸਵੇਰੇ ਛੇ ਵਜੇ, ਵਕਤ ਫਰਿਆਦ...ਮੁਨਸ਼ੀ, ਠਹਿਰੀਂ। ਰੋਜ਼ਨਾਮਚਾ ਕਦੋਂ ਤਕ ਲਿਖਿਆ ਏ? ਹੁਣ ਤਾਂ ਦਸ ਵੱਜਣ ਨੂੰ ਨੇ।"

"ਰੋਜ਼ਨਾਮਚਾ ਤਾਂ ਰਾਤ ਦਾ ਬੰਦ ਪਿਆ। ਹੁਣ ਜਾ ਕੇ ਲਿਖਾਗਾਂ।"

"ਠੀਕ ਆ, ਤਾਂ ਲਿਖ... ਵਕਤ ਇਤਲਾ ਸਵਾ ਛੇ ਵਜੇ, ਵਕਤ ਜਾਂਚ ਦਾ......ਬਰਵਕਤ, ਪੁਲੀਸ ਵਲੋਂ ਕੋਈ ਦੇਰੀ ਨਹੀਂ......ਓਏ, ਲਾਸ਼ ਕਿਥੇ ਫਸੀ ਹੋਈ ਏ।"

"ਹਜ਼ੂਰ, ਸੱਖਰ ਬੰਨ ਦੇ 34 ਵੇਂ ਦਰਵਾਜ਼ੇ 'ਚ।"

"ਮੁਨਸ਼ੀ, ਠਹਿਰ ਜ਼ਰਾ, ਪਹਿਲਾਂ ਇਹ ਵੇਖ ਕਿ ਸਾਡੇ ਥਾਨੇ ਦੀ ਹੱਦ ਕਿਸ ਦਰਵਾਜ਼ੇ ਤੱਕ ਏ।"

"ਮੁਨਸ਼ੀ ਜਲਦੀ ਜਲਦੀ ਕਮਰੇ 'ਚ ਗਿਆ ਤੇ ਦੂਰੋਂ ਹੀ ਰਜਿਸਟਰ ਲੈ ਕੇ ਮੁਸਕਰਾਉਂਦਾ ਹੋਇਆ ਆਇਆ ਤੇ ਕਹਿਣ ਲੱਗਾ, "ਸਰਕਾਰ, ਸਾਡੇ ਥਾਨੇ ਦੀ ਹੱਦ 'ਚ ਨਹੀਂ।"

"ਜਾਹ ਕਲੰਦਰਾ, ਜਾ ਕੇ ਰੋਹਿੜੀ ਦੇ ਥਾਨੇ ਪਰਚਾ ਦਰਜ ਕਰਵਾ। ਦੂਸਰੇ ਥਾਨੇ ਦੀ ਹੱਦ 'ਚ ਅਸੀਂ ਦਖ਼ਲ ਨਹੀਂ ਦੇ ਸਕਦੇ।" ਥਾਨੇਦਾਰ ਨੇ ਮੁਸ਼ਕਰਾਉਂਦਿਆਂ ਕਿਹਾ।

"ਹਜ਼ੂਰ, ਇਹ ਕੀ ਕਰ ਰਹੇ ਹੋ।"

"ਸੂਰਾ, ਜੇ ਯਕੀਨ ਨਹੀਂ ਤਾਂ ਆਪਣੀਆਂ ਅੱਖਾਂ ਨਾਲ ਰਜਿਸਟਰ ਵੇਖ ਲੈ।"

"ਹਜ਼ੂਰ, ਫ਼ਰਕ ਤਾਂ ਇਕ ਦਰਵਾਜ਼ੇ ਦਾ ਏ।"

"ਮੂਰਖਾ, ਇਕ ਦਰਵਾਜ਼ੇ ਦਾ ਫ਼ਰਕ ਤਾਂ ਬੜੀ ਵਡੀ ਗਲ ਆ, ਅਸੀਂ ਤਾਂ ਆਪਣੇ ਖਾਨੇ ਦੀ ਹੱਦ ਤੋਂ ਇਕ ਇੰਚ ਅਗਾਂਹ ਨਹੀਂ ਜਾ ਸਕਦੇ। ਮੈਂ ਕਿਉਂ ਕਿਸੇ ਦੀ ਸਿਰ ਦਰਦੀ ਆਪਣੇ ਸਿਰ ਲਵਾਂ ?"

"ਹਜ਼ੂਰ, ਕੁਝ ਤਾਂ ਰਹਿਮ ਕਰੋ।"

"ਓਏ, ਤੂੰ ਤਾਂ ਨਿਰਾ ਮੂਰਖ ਏ, ਤੂੰ ਤਾਂ ਇੰਜ ਡਰ ਕੇ ਬੈਠਾਂ ਏ ਜਿਵੇਂ ਮਰਨ ਵਾਲੀ ਤੇਰੀ ਸਕੀ ਹੋਵੇ।"

"ਤਾਂ ਹਜ਼ੂਰ, ਹੁਣ ਕੀ ਕਰਾਂ ?"

"ਬਾਬਾ, ਤੂੰ ਰੋਹਿੜੀ ਦੇ ਥਾਨੇ ਜਾ ਕੇ ਆਪਣੀ ਰੀਪੋਟ ਦਰਜ਼ ਕਰਵਾ।"

"ਜੇ ਉਹ ਰੀਪੋਟ ਦਰਜ਼ ਨਾ ਕਰਨ ਤਾਂ ?"

"ਕਿਵੇਂ ਨਾ ਕਰਨਗੇ, ਉਨ੍ਹਾਂ ਦੀ ਇਹ ਮਜਾਲ ?"

* * *

ਗੇਜ਼ਰੀਡਰ ਮਜ਼ਬੂਰ ਹੋ ਕੇ ਰੋਹਿੜੀ ਨੂੰ ਤੁਰ ਪਿਆ। ਦੁਪਹਿਰ ਤਕ ਉਹ ਮਸਾਂ ਥਾਨੇ ਪੁੱਜਾ। ਘੰਟਾ ਡੇਢ ਘੰਟਾ ਉਡੀਕ ਕਰਨ ਪਿਛੋਂ ਥਾਨੇਦਾਰ ਨਾਲ ਮੁਲਾਕਾਤ ਕਰਨ ਵਿਚ ਸਫਲ ਹੋਇਆ। ਉਸ ਲਾਸ਼ ਬਾਰੇ ਪੂਰੀ ਹਕੀਕਤ ਥਾਨੇਦਾਰ ਨੂੰ ਦੱਸ ਦਿੱਤੀ।

"ਲਾਸ਼ ਕਿਥੇ ਫਸੀ ਹੋਈ ਏ ?"

"ਹਜ਼ੂਰ, ਸੱਖਰ ਬੰਨ ਦੇ 34 ਵੇਂ ਦਰਵਾਜ਼ੇ ਵਿਚ।"

"ਮੁਨਸ਼ੀ, ਇਹ 34 ਵਾਂ ਦਰਵਾਜਾ ਸਾਡੀ ਹੱਦ 'ਚ ਹੈ ਕਿ ਸੱਖਰ ਦੀ 'ਚ।"

"ਸਾਡੀ ਹੱਦ 'ਚ ਹਜ਼ੂਰ, "ਮੁਨਸ਼ੀ ਨੇ ਡੁੱਬਦੇ ਹੋਏ ਦਿਲ ਨਾਲ ਕਿਹਾ।

"ਲਾਸ਼ ਕਦੋਂ ਵੇਖੀ ਸੀ ?"

"ਹਜ਼ੂਰ ਪਹੁ ਫੁਟਦੇ ਨਾਲ। ਮੈਂ ਆਪਣੇ ਵਲੋਂ ਕੋਈ ਦੇਰ ਨਹੀਂ ਕੀਤੀ। ਮੈਂ ਤਾਂ ਉਸੇ ਸੱਖਰ ਥਾਨੇ, ਗਿਆ ਸਾਂ ਪਰ ਉਥੋਂ ਦੇ ਥਾਨੇਦਾਰ ਨੇ ਮੈਨੂੰ ਦੋ ਤਿੰਨ ਘੰਟੇ ਬੈਠਾ ਕੇ ਰੀਪੋਟ ਦਰਜ਼ ਕਰਨ ਤੋਂ ਨਾਂਹ ਕਰ ਦਿਤੀ।"

"ਨਾਂਹ ਕਿਉਂ ਕਰ ਦਿੱਤੀ ?"

"ਕਹਿੰਦਾ ਸੀ ਮੇਰੀ ਹੱਦ 'ਚ ਨਹੀਂ।"

"ਹੱਦ ਉਸਦੀ ਹੋਵੇ ਜਾਂ ਮੇਰੀ, ਜਿਸ ਤਰ੍ਹਾਂ ਦਾ ਮੈਂ ਸਰਕਾਰੀ ਨੌਕਰ ਉਸੇ ਤਰ੍ਹਾਂ ਦਾ ਉਹ। ਪਹਿਲਾਂ ਉਸ ਨੂੰ ਖ਼ਬਰ ਮਿਲੀ ਸੀ। ਕਾਨੂੰਨ ਮੁਤਾਬਕ ਰੀਪੋਟ ਉਸੇ ਨੂੰ ਦੇਣੀ ਚਾਹੀਦੀ ਸੀ ਤੇ ਮਸ਼ੀਰਨਾਮਾ ਬਨਾਕੇ, ਲਾਸ਼ ਨੂੰ ਪੋਸਟ ਮਾਰਟਮ ਲਈ ਭੇਜਣਾ ਚਾਹੀਦਾ ਸੀ। ਉਸਦੇ ਬਾਅਦ ਉਸ ਦੇ ਕਾਗਜ਼ਾਤ ਮੇਰੇ ਕੋਲ ਭੇਜਣੇ ਚਾਹੀਦੇ ਸਨ।"

"ਹਾਂ ਹਜ਼ੂਰ, ਮੈਂ ਤਾਂ ਉਨ੍ਹਾਂ ਦੇ ਸਾਹਮਣੇ ਬਹੁਤ ਹਾਲ ਪਾਰਿਆ ਕੀਤੀ ਮਗਰ ਉਨ੍ਹਾਂ ਇਕ ਨਾ ਮੰਨੀ।"

"ਕੀ ਕਹਿੰਦਾ ਸੀ।"

"ਹਜ਼ੂਰ, ਕਹਿੰਦਾ ਸੀ ਇਹ ਸਿਆਪਾ ਕੌਣ ਸਹੇੜੇ' ਏਹੋ ਜੇਹੇ ਕੇਸ ਤਾਂ ਘਰ ਦਾ ਸਮਾਨ ਤਕ ਵਿਕਾ ਦੇਂਦਾ ਨੇ।"

"ਹੂੰ, ਜੇ ਉਹ ਮਿੱਠਾ ਖਾਂਦਾ ਏ ਤਾਂ ਉਸ ਨੂੰ ਕੌੜਾ ਵੀ ਖਾਣਾ ਚਾਹੀਦਾ। ਜੇ ਉਸ ਲਾਸ਼ ਦੇ ਵਾਰਸ ਮਿਲ ਜਾਂਦੇ ਤਾਂ ਇਹੋ ਲਾਸ਼ ਉਸ ਨੂੰ ਮਿੱਠੀ ਲੱਗਣ ਲੱਗ ਪੈਣੀ ਸੀ ਫਿਰ ਤਾਂ ਭਾਵੇਂ ਹੱਦ ਦਾ ਖ਼ਿਆਲ ਵੀ ਨਾ ਆਉਂਦਾ।"

"ਇਹ ਤਾਂ ਤੁਸੀਂ ਹੀ ਜਾਣੋ ਸਰਕਾਰ।"

"ਚੰਗਾ, ਹੁਣ ਇਹ ਦੱਸ ਕਿ ਤੈਨੂੰ ਕਿਵੇਂ ਪਤਾ ਲਗਾ ਕਿ ਲਾਸ਼ 34 ਵੇਂ ਦਰਵਾਜ਼ੇ 'ਚ ਫਸੀ ਹੋਈ ਏ ?"

"ਮੈਂ ਖੁਦ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਹਜ਼ੂਰ।"

"ਤੂੰ ਸੂਰਾ, ਲਾਸ਼ ਵੇਖੀ ਸੀ ਕਿ ਦਰਵਾਜ਼ੇ ਗਿਣੇ ਸਨ।"

"ਦਰਵਾਜ਼ੇ ਗਿਣਨ ਦੀ ਕੀ ਜ਼ਰੂਰਤ ਸੀ, ਹਜ਼ੂਰ, ਦਰਵਾਜ਼ਿਆ ਦੇ ਨੰਬਰ ਤਾਂ ਮੇਰੇ ਦਿਲ ਤੇ ਲਿਖੇ ਨੇ।"

"ਪਰ ਕੰਜ਼ਰਾਂ ਤੈਨੂੰ ਭੁਲੇਖਾ ਵੀ ਤਾਂ ਲੱਗ ਸਕਦਾ ਏ, ਵੱਡਾ ਹਸਾਬਦਾਨ।"

"ਨਹੀਂ ਹਜ਼ੂਰ, ਮੈਂ ਅਜੇਹਾ ਭੁਲੇਖਾ ਨਹੀਂ ਖਾ ਸਕਦਾ। ਲਾਸ਼ 34 ਵੇਂ ਦਰਵਾਜ਼ੇ 'ਚ ਹੀ ਅੱਟਕੀ ਸੀ।"

"ਇਸ ਥਾਨੇ ਆਉਣ ਤੋਂ ਪਹਿਲਾਂ ਤੂੰ ਲਾਸ਼ ਨੂੰ ਦੁਬਾਰਾ ਵੇਖਿਆ ?"

"ਇਸ ਵਾਰ ਤਾਂ ਮੈਂ ਓਧਰ ਗਿਆ ਹੀ ਨਹੀਂ, ਮੈਂ ਤਾਂ ਸਿਧਾ ਰੋਹਿੜੀ ਦਾ ਪੁਲ ਪਾਰ ਕਰਕੇ ਆ ਗਿਆ।"

"ਜੇ ਉਥੇ ਹੋ ਕੇ ਆਉਂਦਾ ਤਾਂ ਘੱਟੋ ਘੱਟ ਇਹ ਤਸਦੀਕ ਤਾਂ ਹੋ ਜਾਂਦੀ ਕਿ ਲਾਸ਼ ਰੁੜ੍ਹ ਕੇ ਦੂਸਰੇ ਦਰਵਾਜੇ 'ਚ ਤਾਂ ਨਹੀਂ ਜਾ ਫਸੀ।"

"ਇਹ ਤਾਂ ਖੁਦਾ ਹੀ ਜਾਣੇ, ਪਰ ਇਸ ਤਰ੍ਹਾਂ ਕਿਵੇ ਹੋ ਸਕਦਾ, ਹਜ਼ੂਰ ?"

"ਠੀਕ ਏ, ਇਸ ਦੀ ਹੁਣੇ ਜਾਂਚ ਕਰਵਾ ਲੈਂਦੇ ਆ... ਓਏ ਮੁਨਸ਼ੀ।"

"ਹੁਕਮ ਸਰਕਾਰ।" ਜਵਾਬ ਦੇਂਦੇ ਸਾਰ ਥਾਨੇਦਾਰ ਕੋਲ ਆਣ ਖਲੋਤਾ।

"ਯਾਰ, ਲਾਵਾਰਸ ਲਾਸ਼ ਦੀ ਰੀਪੋਟ ਲੈਣੀ ਬੜਾ ਟੇਢਾ ਕੰਮ ਏ। ਮਗਰ ਇਸ ਨੇਕ ਆਦਮੀ ਨੂੰ ਤੰਗ ਨਹੀਂ ਕਰਨਾ। ਤੂੰ ਇਸ ਪਾਸੋਂ ਰੀਪੋਟ ਲੈਣ ਦੀ ਤਿਆਰੀ ਕਰ। ਪਰ ਕੋਈ ਮਛੇਰਾ ਭੇਜਕੇ ਨਾਲ ਹੀ ਤਸਦੀਕ ਕਰ ਲੈ ਕਿ ਲਾਸ਼ ਸਾਡੀ ਹੱਦ 'ਚ ਹੀ ਹੈ। ਐਵੇਂ ਮੁਫਤ ਦੀ ਮੁਸੀਬਤ ਨਾ ਗਲ ਪਾ ਲਈਏ।"

"ਜੀ ਸਰਕਾਰ, ਤੁਸੀਂ ਫਿਕਰ ਨਾ ਕਰੋ।"

"ਪਰ ਇਸ ਦੀ ਕਿਸੇ ਨੂੰ ਹਵਾ ਨਹੀਂ ਲਗਣੀ ਚਾਹੀਦੀ। ਮਛੇਰੇ ਨਾਲ ਵੀ ਪੱਕੀ ਕਰ ਦੇਵੀ ਕਿ ਕਿਸੇ ਨਾਲ ਗਲ ਨਾ ਕਰੇ। ਚੁੱਪ ਚਾਪ ਦਰਵਾਜ਼ੇ ਗਿਣਕੇ ਵਾਪਸ ਆ ਜਾਵੇ।"

"ਚੰਗਾ ਹਜ਼ੂਰ, ਹੋਰ ਕੁਝ।"

"ਬੱਸ ਇਸ ਨੇਕ ਆਦਮੀ ਨੂੰ ਆਪਣੇ ਨਾਲ ਲੈ ਜਾਹ। ਪਤਾ ਨਹੀਂ ਵਿਚਾਰੇ ਨੇ ਸਵੇਰ ਦੀ ਰੋਟੀ ਵੀ ਖਾਧੀ ਆ ਕਿ ਨਹੀਂ।"

"ਹਜ਼ੂਰ ਮੈਨੂੰ ਭੁੱਖ ਨਹੀਂ।"

"ਮੀਆਂ, ਸੰਗਣ ਵਾਲੀ ਕੋਈ ਗੱਲ ਨਹੀਂ, ਖੁਦਾ ਨੇ ਤਾਂ ਦਾਣੇ ਦਾਣੇ ਤੇ ਮੋਹਰ ਲਾਈ ਆ। ਮੁਨਸ਼ੀ ਮੇਰੇ ਖਾਤੇ ਵਿਚੋਂ ਇਸ ਨੂੰ ਖਾਣਾ ਮੰਗਵਾ ਦੇ। ਇਹ ਬਹੁਤ ਸ਼ਰੀਫ ਆਦਮੀ ਲਗਦਾ। ਨਹੀਂ ਤਾਂ ਪਰਾਏ ਖੂਨ ਦਾ ਕਿਸੇ ਨੂੰ ਕੀ ਦੁੱਖ?"

"ਤੁਸੀਂ ਠੀਕ ਕਹਿੰਦੇ ਹੋ ਹਜ਼ੂਰ, ਇਹ ਸੱਚਾ ਆਦਮੀ ਏ, ਆ ਥੋੜਾ ਬਹੁਤ ਖਾ ਲਵੀਂ।"

ਥਾਨੇਦਾਰ ਤੇ ਮੁਨਸ਼ੀ ਦੀ ਇਸ ਤਰੀਫ ਨੇ ਗੇਜ਼ਰੀਡਰ ਦੀ ਥਕਾਵਟ ਦੂਰ ਕਰ ਦਿੱਤੀ। ਉਸ ਨੂੰ ਸੱਖਰ ਵਾਲੇ ਥਾਨੇ-ਦਾਰ ਤੇ ਬਹੁਤ ਗੁੱਸਾ ਆਇਆ ਜੋ ਬੜੀ ਬੇਰੁਖੀ ਨਾਲ ਪੇਸ਼ ਆਇਆ ਸੀ। ਉਹ ਮੁਨਸ਼ੀ ਦੇ ਕਮਰੇ 'ਚ ਆਇਆ ਤੇ ਖਾਣਾ ਖਾ ਕੇ ਬੈਠ ਦਿਆਂ ਹੀ ਉਸ ਦੀ ਅੱਖ ਲੱਗ ਗਈ।

* * *

ਸ਼ਾਮੀ ਮੁਨਸ਼ੀ ਨੇ ਉਸ ਨੂੰ ਲੱਤਾਂ ਹਿਲਾ ਕੇ ਜਗਾਇਆ ਤੇ ਥਾਨੇਦਾਰ ਕੋਲ ਚਲਣ ਲਈ ਕਿਹਾ। ਥਾਨੇਦਾਰ ਦੇ ਕਮਰੇ 'ਚ ਵੜਦਿਆਂ ਹੀ ਥਾਨੇਦਾਰ ਨੇ ਉਸ ਨੂੰ ਕਿਹਾ, "ਮੀਆਂ, ਲਾਸ਼ ਤਾਂ 33 ਵੇਂ ਦਰਵਾਜ਼ੇ 'ਚ ਫਸੀ ਆ ਤੇ ਉਹ ਸਾਡੀ ਹੱਦ 'ਚ ਨਹੀਂ।" ਗੇਜ਼ਰੀਡਰ ਦੇ ਹੋਸ਼ ਉਡ ਗਏ। ਉਹ ਹੈਰਾਨ ਹੋ ਕੇ ਬੋਲਿਆ "ਇਹ ਕਿਵੇਂ, ਹਜ਼ੂਰ? ਮੈਂ ਖੁਦ 34 ਵੇਂ ਦਰਵਾਜ਼ੇ 'ਚ ਵੇਖੀ ਸੀ।"

"ਮੀਆਂ, ਜਾਂ ਤਾਂ ਤੈਨੂੰ ਗਿਣਨ 'ਚ ਭੁਲੇਖਾ ਲਗਾ ਹੈ ਤੇ ਜਾਂ ਲਾਸ਼ ਰੁੜ੍ਹਕੇ ਦੂਸਰੇ ਦਰਵਾਜ਼ੇ 'ਚ ਜਾ ਫਸੀ।"

"ਹਜ਼ੂਰ, ਮੈਂ ਤਾਂ ਅਣਆਈ ਮੌਤ ਮਰ ਗਿਆ।" ਉਸ ਨੂੰ ਆਪਣੀ ਭੱਜ ਨੱਸ ਨਾਲੋਂ ਸੱਖਰ ਦੇ ਥਾਨੇਦਾਰ ਤੋਂ ਜ਼ਿਆਦਾ ਡਰ ਆਉਂਦਾ ਸੀ।

"ਮੀਆਂ, ਪਰਾਈ ਹੱਦ 'ਚ ਕਿਵੇਂ ਦਖਲ ਦੇ ਸਕਦੇ ਹਾਂ?"

"ਲੇਕਿਨ ਹਜ਼ੂਰ, ਦਰਵਾਜ਼ੇ 'ਚ ਫਸੀ ਲਾਸ਼ ਕਿਵੇਂ ਰੁੜ੍ਹ ਸਕਦੀ ਏ? ਮੇਰਾ ਦਿਮਾਗ਼ ਤਾਂ ਕੰਮ ਨਹੀਂ ਕਰਦਾ।"

"ਮੀਆਂ, ਤੂੰ ਦੁਬਾਰਾ ਬੰਨ੍ਹ ਵੱਲ ਜਾ ਕੇ ਚੰਗੀ ਤਰ੍ਹਾਂ ਦਰਵਾਜ਼ੇ ਗਿਣ ਕੇ ਵੇਖ। ਜੇ 34 ਵੇਂ ਦਰਵਾਜ਼ੇ 'ਚ ਹੋਵੇ ਤਾਂ ਮੈਨੂੰ ਖ਼ਬਰ ਕਰ ਦੇਵੀਂ। ਮੈਂ ਆਪ ਉਥੇ ਪਹੁੰਚ ਜਾਵਾਂਗਾ।"

ਗੇਜ਼ਰੀਡਰ ਨਿਮੋਝੂਣਾ ਹੋ ਕੇ ਵਾਪਸ ਮੁੜ ਪਿਆ। ਜਦ ਉਸ 34 ਵੇਂ ਦਰਵਾਜ਼ੇ ਕੋਲ ਜਾ ਕੇ ਵੇਖਿਆ ਤਾਂ ਲਾਸ਼ ਉਥੇ ਨਹੀਂ ਸੀ! ਲਾਸ਼ ਤਾਂ 33 ਵੇਂ ਦਰਵਾਜ਼ੇ 'ਚ ਫਸੀ ਹੋਈ ਸੀ। ਆਪਣੀ ਪੂਰੀ ਤੱਸਲੀ ਕਰਕੇ ਉਹ ਸੱਖਰ ਥਾਨੇ ਪਹੁੰਚ ਗਿਆ। ਉਸ ਨੂੰ ਦੂਰੋਂ ਆਇਆ ਵੇਖਦਿਆਂ ਹੀ ਥਾਨੇਦਾਰ ਪੈ ਗਿਆ, "ਕੰਜਰਾ, ਹੁਣ ਦੁਬਾਰਾ ਕੀ ਲੈਣ ਆਇਆ?"

"ਹਜ਼ੂਰ, ਲਾਸ਼ 33 ਵੇਂ ਦਰਵਾਜ਼ੇ 'ਚ ਫਸੀ ਹੋਈ ਆ, ਉਹ ਤੁਹਾਡੀ ਹੱਦ 'ਚ ਆਉਂਦਾ।"

"ਕੰਜਰ ਦੀਆ ਤੁਖਰ ਨਹੀਂ, ਇਹ ਕਿਵੇਂ ਹੋਇ ਆ?"

"ਹਜ਼ੂਰ, ਰੋਹੜੀ ਵਾਲੇ ਥਾਨੇਦਾਰ ਨੇ ਜਦੋਂ ਲਾਸ਼ ਵੇਖਣ ਵਾਸਤੇ ਮਛੇਰਾ ਭੇਜਿਆ ਤਾਂ 33 ਵੇਂ ਦਰਵਾਜ਼ੇ 'ਚ ਫਸੀ ਸੀ। ਇਸ ਲਈ ਉਨ੍ਹਾਂ ਮੈਨੂੰ ਤੁਹਾਡੇ ਕੋਲ ਭੇਜ ਦਿਤਾ।"

"ਇਥੇ ਬੈਠ ਗੇਜ਼ਰੀਡਰ ਦਿਆ ਪੁੱਤਾ।" ਥਾਨੇਦਾਰ ਗੱਜਿਆ. "ਤੇਰੀ ਹੱਦ 'ਚ, ਮੇਰੀ ਡਿਊਟੀ ਸਮੇਂ ਖੂਨ ਹੋਇਆ। ਉਸ ਤੋਂ ਪਿਛੋਂ ਲਾਸ਼ ਇਕ ਥਾਂ ਰੋੜ੍ਹ ਕੇ ਤੂੰ ਵਾਰਦਾਤ ਬਣਾਈ। ਇਹ ਗੁਨਾਹ ਖੂਨ ਤੋਂ ਘੱਟ ਨਹੀਂ। ਮੁਨਸ਼ੀ, ਵਖਾ ਇਸ ਕੰਮਬਖਤ ਨੂੰ ਇਸ ਗੁਨਾਹ ਦੀ ਦੜਾ।"

"ਉਰੇ ਆ ਕੰਜਰਾ, ਤੈਨੂੰ ਦੜਾ ਵਿਖਾਵਾ।" ਮੁਨਸ਼ੀ ਨੇ ਉਸ ਨੂੰ ਕੋਲ ਬੁਲਾਉਂਦਿਆਂ ਕਿਹਾ।

"ਹਾਂ, ਮੁਨਸ਼ੀ ਜੀ, ਮੈਂ ਸੱਚ ਮੁੱਚ ਬੇ-ਕਸੂਰ ਹਾਂ।" ਗੇਜ਼ਰੀਡਰ ਰੋਣ ਵਾਲਾ ਮੂੰਹ ਬਣਾ ਕੇ ਬੋਲਿਆ।

"ਬਿਲਕੁਲ, ਤੂੰ ਕਸੂਸ਼ਰਵਾਰ ਏ, ਇਸ ਤੋਂ ਇਲਾਵਾ ਤੂੰ ਦੋ ਥਾਨਿਆਂ ਤੇ ਦੋ ਅਫਸਰਾਂ ਨੂੰ ਇਕ ਦੂਸਰੇ ਨਾਲ ਲੜਾਉਣ ਦੀ ਕੋਸ਼ਿਸ਼ ਕੀਤੀ। ਤੈਨੂੰ ਇਸ ਕੇਸ 'ਚ ਐਸਾ ਰਗੜਾ ਕਰੂੰ ਕਿ ਨਾਨਕੇ ਚੇਤੇ ਆ ਜਾਣਗੇ।"

"ਹਜ਼ੂਰ, ਮੇਰੇ ਤੇ ਯਕੀਨ ਕਰੋ। ਮੈਂ ਤੁਹਾਨੂੰ ਨਹੀਂ ਲੜਾ ਰਿਹਾ ਤੇ ਨਾ ਹੀ ਮੈਂ ਲਾਸ਼ ਰੋੜ੍ਹੀ ਹੈ।"

"ਤਾਂ ਲਾਸ਼ 33 ਵੇਂ ਦਰਵਾਜ਼ੇ 'ਚ ਕਿਵੇਂ ਫਸ ਗਈ?"

"ਖੁਦਾ ਦੀ ਕਸਮ, ਮੈਨੂੰ ਕੁਝ ਨਹੀਂ ਪਤਾ। ਸਵੇਰੇ ਤਾਂ

(ਬਾਕੀ ਦੇਖੋ ਸਫਾ 17)

ਅਵਤਾਰ ਜੰਡਿਆਲਵੀ

# ਬੱਬਰਾਂ ਦੇ ਨਾਂ

ਢਿੱਡ ਦੀ ਅੱਗ ਬੁੱਝ ਜਾਣ ਬਾਅਦ
ਮੈਂ ਹੋਰ ਤੇਜ਼ ਦੌੜਦਾ ਹਾਂ।
ਸੋਨੇ ਦੇ ਗੁਤਾਵੇ ਦੀ ਇੱਛਾ ਲਈ
ਮੈਂ ਹੋਰ ਝੂਠ ਬੋਲਦਾ ਹਾਂ।
ਮੇਰੀ ਆਪਣੀ ਹੀ ਗੱਲ ਦੀ ਕੂੰਜ
ਮੇਰੇ ਪੈਰਾਂ 'ਚ ਲਿਤੜ ਜਾਂਦੀ ਹੈ
ਮੇਰੇ ਆਪਣੇ ਹੀ ਸੂਰਜ ਦੀ ਲੋਅ
ਹੱਥਾਂ ਚੋਂ ਰੇਤ ਵਾਂਗ ਕਿਰ ਜਾਂਦੀ ਹੈ।

ਦਲੀਲਾਂ ਦੀਆਂ ਹਜ਼ਾਰ ਮਮਟੀਆਂ ਹਨ
ਜਿਨ੍ਹਾਂ ਦੀ ਟੀਸੀ 'ਤੇ ਚੜ੍ਹ ਕੇ
ਮੈਂ ਆਪਹੁਦਰੀਆਂ ਬਾਂਗਾਂ ਦਿੰਦਾ ਹਾਂ
ਗੱਲਾਂ ਦੇ ਅਨੇਕ ਗੁੱਛੇ ਹਨ
ਜਿਨ੍ਹਾਂ 'ਚ ਆਪਾ ਉਲਝਾ ਰਖਦਾ ਹਾਂ।
ਲੋਕਾਂ ਦੀ ਭੀੜ ਚੋਂ ਮੇਰਾ ਬੇਰੰਗਾ
ਚਪਟਾ ਚਿਹਰਾ ਪਛਾਣਿਆਂ ਨਹੀਂ ਜਾਂਦਾ।

ਤੁਸੀਂ ਜੋ ਆਪਣੇ ਸੂਰਜ ਦੇ ਗਿਰਦ
ਲਹੂ ਦੀ ਵਾੜ ਕਰਦੇ ਹੋ
ਤੇ ਵੇਲੇ ਕੁਵੇਲੇ ਇਹਦਾ ਨਿੱਘ ਮਾਣਦੇ ਹੋ
ਤੁਸੀਂ ਜੋ ਮੇਰੀ ਸਫ਼ੈਦਪੋਸ਼ੀ ਦੇ
ਰਾਜ਼ ਨੂੰ ਖ਼ੂਬ ਜਾਣਦੇ ਹੋ
ਤੁਸੀਂ ਮੈਨੂੰ ਇਸ ਜੂਨ ਤੋਂ ਮੁਕਤ ਕਰੋ।

ਮੈਂ ਭੇਡਾਂ ਦੇ ਇੱਜੜ ਦੀ ਬਹੁ-ਸੰਮਤੀ
'ਚ ਉਲਝ ਕੇ ਭੁੱਲ ਜਾਂਦਾ ਹਾਂ
ਕਿ ਇਕ ਚੰਗਿਆੜੇ ਦਾ ਮੁੱਲ
ਮਣਾਂ ਮੂੰਹੀਂ ਕੋਲੇ ਤੋਂ ਬਣਦਾ ਹੈ
ਗਿਣਤੀ 'ਚ ਬਹੁਤੇ ਤਾਂ ਕੀੜੇ ਹੁੰਦੇ ਹਨ
ਜਾਂ ਸਰਕਾਰੀ ਮਸ਼ੀਨਰੀ ਦੇ ਪੁਰਜ਼ੇ ਸਿਪਾਹੀ
ਮੈਨੂੰ ਇਸ ਪਰੇਡ ਕਰਦੇ ਹਜੂਮ 'ਚੋਂ
ਬਾਂਹ ਫੜ ਕੇ ਕਢ ਲਓ
ਮੈਨੂੰ ਇਸ ਜੂਨ ਤੋਂ ਮੁਕਤ ਕਰੋ।

ਤੁਸੀਂ ਬਾਗੀ ਹੋਵੋ ਜਾਂ ਬਗੌੜੇ
ਮੈਨੂੰ ਆਪਣੇ ਸੱਥਰ 'ਤੇ ਬੈਠ ਲੈਣ ਦਿਓ
ਆਖ਼ਰ ਕਿਸੇ ਨੇ ਤਾਂ ਆਪਣੇ ਗੁੱਟ ਕਟਵਾ ਕੇ
ਇਹ ਮਿਸ਼ਾਲ ਉੱਚੀ ਰਖਣੀ ਹੈ
ਆਖ਼ਰ ਕਿਸੇ ਨੇ ਤਾਂ ਬਬੇਲੀ ਦੀ
ਬੇਈਂ ਦੀਆਂ ਸੂਹੀਆਂ ਧਾਰਾਂ ਨੂੰ
ਚਮਕੌਰ ਦੀ ਗੜ੍ਹੀ ਨਾਲ ਜੋੜਨਾ ਹੈ

ਤੁਸੀਂ ਚਾਰ ਹੋਵੋ ਜਾਂ ਢਾਣੀ
ਪਰ ਸਰਘੀ ਦੇ ਤਾਰੇ ਵਾਂਙ ਅਟੱਲ
ਮੁੱਕ ਨ ਸਕਣ ਵਾਲੇ ਮੁਕਤੇ ਹੋ
ਮੈਨੂੰ ਵੀ ਇਸ ਜੂਨ ਤੋਂ ਮੁਕਤ ਕਰੋ।

O

ਹਿੰਦੀ ਕਵਿਤਾ

ਕੇਦਾਰ ਨਾਥ

## ਆਵਾਜ਼

---

ਚੁੱਪ ਰਹਿਣ ਦਾ ਕੋਈ ਫ਼ਾਇਦਾ ਨਹੀਂ
ਮੈਂ ਦੋਸਤਾਂ ਨੂੰ ਕਿਹਾ
ਤੇ ਦੌੜਿਆ ਖੇਤਾਂ ਵਲ
ਕਿ ਸ਼ਬਦ ਕਿਤੈ ਪੱਕ ਨਾ ਗਏ ਹੋਣ

ਇਹ ਦੁਪਹਿਰ ਦਾ ਵੇਲਾ ਸੀ
ਤੇ ਸ਼ਬਦ ਪੌਦਿਆਂ ਦੀਆਂ ਜੜ੍ਹਾਂ ਵਿਚ ਸੌਂ ਰਹੇ ਸਨ

ਖ਼ੁਸ਼ਬੂ ਇਥੋਂ ਹੀ ਆ ਰਹੀ ਸੀ – ਮੈਂ ਕਿਹਾ
ਇਥੇ ਹੀ ਇਥੇ ਹੀ – ਸ਼ਬਦ ਇਥੇ ਹੀ ਹੋ ਸਕਦੈ – ਜੜ੍ਹਾਂ ਵਿਚ

ਪੱਕ ਰਹੇ ਦਾਣਿਆਂ ਅੰਦਰ
ਸ਼ਬਦ ਦੇ ਹੋਣ ਦੀ ਪੂਰੀ ਸੰਭਵਨਾ ਸੀ
ਮੈਨੂੰ ਲੱਗਾ ਮੈਨੂੰ ਇਕ ਦਾਣੇ ਅੰਦਰ ਵੜ ਜਾਣਾ ਚਾਹੀਦੈ
ਪਿਸਣ ਤੋਂ ਪਹਿਲਾਂ ਮੈਨੂੰ ਪਹੁੰਚ ਜਾਣਾ ਚਾਹੀਦੈ
ਆਟੇ ਤੋਂ ਪਹਿਲਾਂ
ਚੱਕੀ ਦੀ ਆਵਾਜ਼ ਦੇ ਪੱਥਰ ਹੇਠਾਂ
ਮੈਨੂੰ ਹੋਣਾ ਚਾਹੀਦੈ ਇਸ ਵੇਲੇ
ਜਿਥੋਂ ਗਾਉਣ ਦੀ ਆਵਾਜ਼ ਆ ਰਹੀ ਸੀ

ਇਹ ਮਾਂ ਦੀ ਆਵਾਜ਼ ਹੈ – ਮੈਂ ਆਪਣੇ ਆਪ ਨੂੰ ਕਿਹਾ
ਚੱਕੀ ਅੰਦਰ ਮਾਂ ਸੀ
ਪੱਥਰਾਂ ਦੀ ਰਗੜ ਤੇ ਆਟੇ ਦੀ ਗੰਧ ਵਿਚੋਂ
ਹੌਲੀ – ਹੌਲੀ ਛਣ ਰਹੀ ਸੀ ਮਾਂ ਦੀ ਆਵਾਜ਼

ਫੇਰ ਮੈਂ ਸੌਂ ਗਿਆ
ਕਦੋਂ ਤੇ ਕਿਥੇ ਮੈਨੂੰ ਚੇਤੇ ਨਹੀਂ
ਸਿਰਫ਼ ਚੱਕੀ ਚਲਦੀ ਰਹੀ
ਤੇ ਮਾਂ ਦੀ ਆਵਾਜ਼ ਆਉਂਦੀ ਰਹੀ
ਰਾਤ ਭਰ ।

o

ਕੁਮਾਰ ਵਿਕਲ

## ਖਿੜਕੀਆਂ

ਜਿਨ੍ਹਾਂ ਘਰਾਂ ਵਿਚ ਖਿੜਕੀਆਂ ਨਹੀਂ ਹੁੰਦੀਆਂ
ਉਨ੍ਹਾਂ ਚ ਰਹਿਣ ਵਾਲੇ ਬੱਚਿਆਂ ਦਾ
ਸੂਰਜ਼ ਨਾਲ ਰਿਸ਼ਤਾ ਕਿਸ ਤਰ੍ਹਾਂ ਦਾ ਹੁੰਦਾ ਹੈ ?
ਸੂਰਜ ਉਨ੍ਹਾਂ ਨੂੰ ਉਸ ਅਮੀਰ ਮਹਿਮਾਨ - ਜਿਹਾ ਲਗਦਾ ਹੈ
ਜੋ ਕਿਸੇ ਦੁਰਾਡੇ ਸ਼ਹਿਰ ਤੋਂ
ਕਦੇ - ਕਦਾਈਂ ਆਉਂਦਾ ਹੈ
ਇਕ - ਅੱਧ ਦਿਨ ਘਰ 'ਚ ਰੁਕਦਾ ਹੈ
ਸਾਰਾ ਵਕਤ ਮਾਂ ਨਾਲ ਹੱਸ - ਹੱਸ ਗੱਲਾਂ ਕਰਦਾ ਹੈ
ਤੇ ਜਾਣ ਵੇਲੇ ਉਨ੍ਹਾਂ ਸਾਰਿਆਂ ਦੇ ਹੱਥਾਂ 'ਤੇ
ਕੁਝ ਛਿੱਲੜ ਧਰ ਜਾਂਦਾ ਹੈ ।

ਜਿਨ੍ਹਾਂ ਘਰਾਂ ਵਿਚ ਖਿੜਕੀਆਂ ਨਹੀਂ ਹੁੰਦੀਆਂ
ਉਥੋਂ ਧੁੱਪ ਬਾਹਰਲੀ ਕੰਧ ਤੋਂ ਪਰਤ ਜਾਂਦੀ ਹੈ
ਜਿਵੇਂ ਕਿਸੇ ਬੱਚੇ ਦੇ ਬੀਮਾਰ ਪੈਣ 'ਤੇ
ਮਾਂ ਦੀ ਕੋਈ ਸਹੇਲੀ ਮਿਜ਼ਾਜ ਪੁਰਸੀ ਲਈ ਤਾਂ ਜਾਂਦੀ ਹੈ
ਪਰ ਘਰ ਦੀਆਂ ਦਹਿਲੀਜ਼ਾਂ ਤੋਂ ਹੀ
ਹਾਲ ਪੁੱਛ ਕੇ ਚਲੀ ਜਾਂਦੀ ਹੈ

ਜਿਨ੍ਹਾਂ ਘਰਾਂ ਵਿਚ ਖਿੜਕੀਆਂ ਨਹੀਂ ਹੁੰਦੀਆਂ
ਉਨ੍ਹਾਂ 'ਚ ਰਹਿਣ ਵਾਲੇ ਬੱਚਿਆਂ ਨੂੰ ਚਾਨਣ ਦੀ ਉਡੀਕ
ਕੁਝ ਇਸ ਤਰ੍ਹਾਂ ਹੁੰਦੀ ਹੈ
ਜਿਸ ਤਰ੍ਹਾਂ ਰਖੜੀ ਤੋਂ ਕੁਝ ਦਿਨ ਮਗਰੋਂ
ਘਰ ਦੇ ਅੱਗਿਓਂ ਡਾਕੀਏ ਦੇ ਲੰਘ ਜਾਣ ਬਾਅਦ
ਮਾਂ ਪਹਿਲਾਂ ਡਾਕੀਏ ਨੂੰ ਮੰਦਾ ਬੋਲਦੀ ਹੈ
ਫੇਰ ਰਸੋਈ 'ਚ ਜਾ ਕੇ
ਆਪਣੇ ਵੀਰ ਦੀ ਮਜਬੂਰੀ ਨੂੰ ਸਮਝ ਬਹੁਤ ਰੋਂਦੀ ਹੈ
ਜਿਨ੍ਹਾਂ ਘਰਾਂ ਵਿਚ ਖਿੜਕੀਆਂ ਨਹੀਂ ਹੁੰਦੀਆਂ
ਉਨ੍ਹਾਂ ਵਿਚ ਰਹਿਣ ਵਾਲੇ ਬੱਚਿਆਂ ਦਾ
ਚੰਨ ਨਾਲ ਰਿਸ਼ਤਾ ਕਿਸ ਤਰ੍ਹਾਂ ਦਾ ਹੁੰਦਾ ਹੈ ?

ਉਹ ਉਨ੍ਹਾਂ ਨੂੰ ਕਿਸੇ ਅਜੀਬ ਚੋਰ – ਜਿਹਾ ਲਗਦਾ ਹੈ
ਜੋ ਹਰ ਰਾਤ ਕਿਸੇ ਗੁਪਤ ਦਰਵਾਜ਼ੇ ਥਾਣੀਂ ਆਉਂਦਾ ਹੈ
ਤੇ ਉਨ੍ਹਾਂ ਦੇ ਹਿੱਸੇ ਦੀਆਂ ਰੋਟੀਆਂ ਚੁਰਾ ਕੇ ਲੈ ਜਾਂਦਾ ਹੈ

ਜਿਨ੍ਹਾਂ ਘਰਾਂ ਵਿਚ ਖਿੜਕੀਆਂ ਨਹੀਂ ਹੁੰਦੀਆਂ
ਓਥੇ ਚਾਨਣੀ ਕੁਝ ਇਸ ਤਰ੍ਹਾਂ ਆਉਂਦੀ ਹੈ
ਜਿਵੇਂ ਕਿਸੇ ਖਿੜਕੀਆਂ ਵਾਲੇ ਘਰ ਵਿਚ
ਪਕ ਰਹੇ ਪਕਵਾਨਾਂ ਦੀ ਖ਼ੁਸ਼ਬੂ
ਦੂਰ ਤਕ ਦੇ ਘਰਾਂ ਵਿਚ ਫੈਲ ਜਾਂਦੀ ਹੈ

ਜਿਨ੍ਹਾਂ ਘਰਾਂ ਵਿਚ ਖਿੜਕੀਆਂ ਨਹੀਂ ਹੁੰਦੀਆਂ
ਓਥੇ ਕੋਈ ਲੋਰੀਆਂ ਨਹੀਂ ਗਾਉਂਦਾ
ਚੰਨ ਨੂੰ ਕੋਈ ਚੰਨ - ਮਾਮਾ ਨਹੀਂ ਕਹਿੰਦਾ
ਪਿਅੱਕੜ ਪਿਤਾ ਦੀ ਆਵਾਜ਼ ਹੀ ਬੱਚਿਆਂ ਨੂੰ ਸੁਲਾਉਂਦੀ ਹੈ
ਤੇ ਕਿਸੇ ਔਰਤ ਦੇ ਸਿਸਕਣ ਦੀ ਆਵਾਜ਼
ਪਹਿਰੇਦਾਰ ਦੇ 'ਜਾਗਦੇ ਰਹੋ' ਦੀ ਆਵਾਜ਼ ਵਿਚ ਗੁਆਚ ਜਾਂਦੀ ਹੈ ।

---

(13 ਸਫ਼ੇ ਦੀ ਬਾਕੀ)

ਮੈਂ ਆਪਣੀਆਂ ਅੱਖਾਂ ਨਾਲ ਲਾਸ਼ 34 ਵੇਂ ਦਰਵਾਜ਼ੇ 'ਚ ਵੇਖੀ ਸੀ ਪਰ ਰੋਹਿੜੀ ਦੇ ਥਾਨੇ ਤੋਂ ਆਉਂਦਿਆਂ ਮੁੜਦਿਆਂ ਲਾਸ਼ 33 ਵੇਂ ਦਰਵਾਜ਼ੇ 'ਚ ਫਸੀ ਹੋਈ ਸੀ।''

''ਕੀ ਲਾਸ਼ ਕਿਸੇ ਜਿੰਨ ਨੇ 33 ਵੇਂ ਦਰਵਾਜ਼ੇ 'ਚ ਧੱਕ ਦਿਤੀ।''

ਥਾਣੇਦਾਰ ਸੋਚਾਂ 'ਚ ਪੈ ਗਿਆ, ''ਹਾਂ, ਇਹ ਹੋ ਸਕਦਾ ਆ, ਦਰਿਆ ਬਾਦਸ਼ਾਹ ਜੂ ਹੋਇਆ।''

''ਚੰਗਾਂ ਹਜ਼ੂਰ, ਰੀਪੋਟ ਦਰਜ ਕਰ ਲਵੋ, ਮੈਨੂੰ ਦੇਰ ਹੁੰਦੀ ਏ।''

''ਜ਼ਰੂਰ ਦਰਜ਼ ਕਰਾਂਗੇ, ਪਰ ਹੁਣ ਤਾਂ ਸ਼ਾਮ ਹੋ ਗਈ ਹੈ, ਇਸ ਸਮੇਂ ਲਾਸ਼ ਕੌਣ ਕਢੇਗਾ ?''

''ਹੁਣ ਮੈਂ ਕੀ ਕਰਾਂ ਹਜ਼ੂਰ ?''

''ਤੂੰ ਕਲ ਸਵੇਰੇ ਆਵੀਂ। ਰੀਪੋਟ ਮੈਂ ਰਾਤੀ ਹੀ ਬਣਾ ਲਵਾਂਗਾ, ਤੂੰ ਸਵੇਰੇ ਦਸਤਖਤ ਕਰ ਦੇਵੀਂ।''

''ਲੇਕਿਨ ਹਜ਼ੂਰ, ਕਲ ਤਕ ਤਾਂ ਲਾਸ਼ ਪਛਾਨਣੀ ਔਖੀ ਹੋ ਜਾਵੇਗੀ।''

''ਮੀਆਂ, ਰਾਤ 'ਚ ਕੁਝ ਨਹੀਂ ਹੁੰਦਾ, ਤੂੰ ਸਵੇਰੇ ਜਲਦੀ ਆ ਜਾਵੀਂ।''

* * *

ਸਵੇਰੇ ਜਲਦੀ ਉਠ ਕੇ ਉਹ ਫੇਰ ਸੱਖਰ ਦੇ ਬੰਨ੍ਹ ਵਲ ਜਾ ਰਿਹਾ ਸੀ। 33 ਵੇਂ ਦਰਵਾਜ਼ੇ ਸਾਹਮਣੇ ਜਾ ਕੇ ਉਸ ਦੇ ਮਨ 'ਚ ਵਿਚਾਰ ਆਇਆ ਕਿ ਲਾਸ਼ ਵੇਖਦਾ ਜਾਵੇ। ਉਸ ਨੂੰ ਯਕੀਨ ਸੀ ਕਿ ਲਾਸ਼ ਬੇਪਛਾਣ ਹੋ ਗਈ ਹੋਵੇਗੀ। ਉਸ ਨੇ ਲੁਕਕੇ ਵੇਖਿਆ ਤਾਂ ਲਾਸ਼ 33 ਵੇਂ ਦਰਵਾਜ਼ੇ 'ਚ ਨਹੀਂ ਸੀ। ਉਸ ਨੇ ਦੌੜ ਕੇ 34 ਵੇਂ ਦਰਵਾਜ਼ੇ 'ਚ ਵੇਖਿਆ ਤਾਂ ਲਾਸ਼ ਉਥੇ ਫਸੀ ਹੋਈ ਸੀ।

ਉਹ ਕੁਝ ਦੇਰ ਬੁੱਤ ਬਣਿਆ ਵੇਖਦਾ ਰਿਹਾ। ਨਾ ਉਸ ਦਾ ਮਨ ਸੱਖਰ ਨੂੰ ਜਾਣ ਲਈ ਕਰਦਾ ਸੀ ਤੇ ਨਾ ਹੀ ਰੋਹਿੜੀ ਵੱਲ। ਅਗੇ ਅੱਗ ਸੀ ਤੇ ਪਿਛੇ ਪਾਣੀ। ਬੜੀ ਸੋਚ ਵਿਚਾਰ ਬਾਅਦ ਉਸ ਚਾਰੇ ਪਾਸੇ ਵੇਖਿਆ। ਦੂਰ ਦੂਰ ਤੱਕ ਕੋਈ ਨਹੀਂ ਸੀ। ਉਹ ਕੰਧ ਤੇ ਚੜ੍ਹ ਗਿਆ ਤੇ ਉਸ ਖੁਦਾ ਦਾ ਨਾਂ ਲੈ ਕੇ ਦਰਵਾਜ਼ੇ ਦੀ ਚਾਬੀ ਘੁੰਮਾ ਦਿੱਤੀ। ਸ਼ਾਹਵੇਲੇ ਜਦੋਂ ਗੇਜ਼ਰੀਡਰ ਆਪਣੇ ਕਮਰੇ ਵੱਲ ਜਾ ਰਿਹਾ ਸੀ ਤਾਂ ਸਰਵੇਅਰ ਨੇ ਪੁੱਛਿਆ, ''ਲਾਸ਼ ਕਿਹੜੇ ਥਾਣੇਦਾਰ ਦੇ ਸਪੁਰਦ ਕੀਤੀ ?''

''ਸਾਹਿਬ ਦੋਵਾਂ ਥਾਣੇਦਾਰਾਂ ਨੇ ਲਾਵਾਰਸ ਲਾਸ਼ ਲੈਣ ਤੋਂ ਨਾਂਹ ਕਰ ਦਿੱਤੀ। ਇਸੇ ਲਈ ਲਾਸ਼ ਦਰਿਆ ਬਾਦਸ਼ਾਹ ਦੇ ਸਪੁਰਦ ਕਰ ਦਿੱਤੀ। ਜਿਸਦੀ ਸਰਹੱਦ ਬਹੁਤ ਵੱਡੀ ਹੈ। ਸੱਖਰ ਬੰਨ ਤੋਂ ਲੈ ਕੇ ਅਰਬ ਸਾਗਰ ਤਕ।

[ਅਨੁਵਾਦਕ : ਰਾਬਿੰਦਰ ਬਾਠ]

ਨੁੱਕਰ-ਨਾਟਕ

# ਹਰੀਜਨ-ਦਹਨ

ਰਮੇਸ਼ ਉਪਾਧਿਆਏ

(ਤਿੰਨ ਹਰੀਜਨ ਦਾਤੀਆਂ ਹੱਥਾਂ ਵਿਚ ਲਈ ਸਾਹਮਣੇ ਆਉਂਦੇ ਹਨ — ਬੁੱਢਾ ਰਮਚੰਨਾ, ਉਹਦਾ ਜਵਾਨ ਪੁੱਤ ਜੰਗੀ ਤੇ ਜੰਗੀ ਦੀ ਵਹੁਟੀ ਬਸੰਤੀ । ਰਮਚੰਨਾ ਨੇ ਸਿਰਫ਼ ਫ਼ਟੀ ਹੋਈ ਅੱਧੀ ਧੋਤੀ ਪਾਈ ਹੋਈ ਹੈ ਤੇ ਬਸੰਤੀ ਨੇ ਲਹਿੰਗਾ-ਚੋਲੀ ਪਾਈ ਹੋਈ ਹੈ, ਪਰ ਜੰਗੀ ਨੇ ਪਹੁੰਚੇ ਉਪਰ ਮਰੋੜ ਕੇ ਪਤਲੂਨ ਪਾਈ ਹੋਈ ਹੈ । ਆਉਂਦਿਆਂ ਜੰਗੀ ਫ਼ਿਲਮੀ ਗਾਉਣਾ ਅਲਾਪਦਾ ਹੈ — ਓ...ਦੁਖ ਭਰੇ ਦਿਨ ਬੀਤੇ ਰੇ ਭਈਆ... ਬੀਤੇ ਰੇ ਭਈਆ, ਅਬ ਸੁੱਖ ਆਇਓ ਰੇ...)

ਰਮਚੰਨਾ : ਇਸ ਗਾਣੇ ਨਾ ਗਾ ਜੰਗੀ, ਕੋਈ ਸੁਣ ਲਊ ਤਾਂ ਕੀ ਕਹੂਗਾ ?

ਜੰਗੀ : ਕੋਈ ਕੀ ਕਹੂਗਾ ? ਹੁਣ ਕੋਈ ਕੁਸ਼ ਕਿਉਂ ਆਖੂ ? ਆਪਣਾ ਖੇਤ ਐ, ਆਪਣੀ ਫ਼ਸਲ ਵਢਣ ਆਏ ਆਂ, ਕਿਸੇ ਨੂੰ ਕੀ ਪਈ ਐ ?

ਰਮਚੰਨਾ : ਐਹੋ ਜਿਹੀਆਂ ਗੱਲਾਂ ਨਾ ਕਰ ਪੁੱਤਰਾ । ਸਾਡਾ ਹੱਥ ਅਗਲੇ ਦੂਜਿਆਂ ਦੇ ਪੈਰਾਂ ਥੱਲੇ ਐ । ਸਾਡਾ ਹੱਸਣਾ-ਗਾਉਣਾ ਸੁਣਨਗੇ ਤਾਂ ਸਮਝਣਗੇ ਚਮਰੇਟੇ ਸਿਰ 'ਤੇ ਚੜ੍ਹੀ ਜਾਂਦੇ ਐ ।

ਬਸੰਤੀ : ਤੂੰ ਤਾਂ ਐਵੇਂ ਈ ਡਰੀ ਜਾਂਦੈਂ । ਆਪਣੀ ਮਿਹਨਤ-ਮਜ਼ੂਰੀ ਦਾ ਖਾਵਾਂਗੇ ਤਾਂ ਕੋਈ ਸਾਡਾ ਕੀ ਕਰ ਲਊ ? ਹੁਣ ਤਕ ਮਿੱਟੀ ਪਲੀਤ ਇਸੇ ਕਰ ਕੇ ਤਾਂ ਹੁੰਦੀ ਸੀ ਪਈ ਸਾਡੇ ਕੋਲੇ ਆਪਣੀ ਜਮੀਨ ਨਹੀਂ ਸੀ ।

ਜੰਗੀ : ਪਰ ਹੁਣ ਛੋਟੇ ਹੀ ਸਹੀ, ਅਸੀਂ ਵੀ ਵਾਹੀਕਾਰ ਆਂ ।

ਰਮਚੰਨਾ : (ਖ਼ੁਸ਼ੀ ਲੁਕੋਂਦਿਆਂ ਦੋਹਵਾਂ ਨੂੰ ਪਿਆਰ ਨਾਲ ਝਿੜਕ ਕੇ) ਚਲੋ, ਚਲੋ, ਵੱਡੇ ਭਾਰੇ ਜਿਮੀਦਾਰ ਹੋ ਗਏ ਨਾ ਤੁਸੀਂ । ਤਿੰਨ ਕੀਲੇ ਕੁਲ ਪੈਲੀ ਆ ।

ਜੰਗੀ : ਪਰ ਫ਼ਸਲ ਵਾਹਵਾ ਹੋਈ ਆ ਚਾਚਾ ।

ਬਸੰਤੀ : ਚਲੋ ਛਡੋ ਨਜ਼ਰ ਕਾਹਨੂੰ ਲਾਉਂਦੇ ਹੋ ।

ਰਮਚੰਨਾ : (ਹੱਥ ਬੰਨ੍ਹ ਕੇ ਅੱਖਾਂ ਮੁੰਦ ਕੇ ਕੁਝ ਬੁੜ-ਬੁੜ ਕਰਦਾ ਹੈ, ਫੇਰ) ਚਲੋ ਵਾਢੀ ਕਰੀਏ । (ਤਿੰਨੇ ਫ਼ਸਲ ਵਡਣ ਦਾ ਅਭਿਨਯ ਕਰਦੇ ਹਨ । ਸੂਤਰਧਾਰ ਅੱਗੇ ਆਉਂਦਾ ਹੈ ।

ਸੂਤਰਧਾਰ: (ਦਰਸ਼ਕਾਂ ਨੂੰ) ਲੰਕਾ-ਦਹਨ ਤੇ ਹੋਲੀਕਾ-ਦਹਨ ਦੇ ਨਾਟਕ ਤੁਸੀਂ ਬੜੇ ਦੇਖੇ ਹੋਣਗੇ । ਅੱਜ ਅਸੀਂ ਤੁਹਾਨੂੰ ਨਵਾਂ ਨਾਟਕ ਦਿਖਾ ਰਹੇ ਆਂ । ਇਹਦਾ ਨਾਂ ਹੈ – ਹਰੀਜਨ-ਦਹਨ । ਇਹਦੇ ਲਿਖਣ ਵਾਲੇ ਨੇ ਰਮੇਸ਼ ਉਪਾਧਿਆਏ । (ਫ਼ਸਲ ਵੱਢਦੇ ਹਰੀਜਨਾਂ ਵਲ ਇਸ਼ਾਰਾ ਕਰਦਿਆਂ) ਇਹ ਪਿੰਡ ਆ । ਇਸ ਪਿੰਡ ਦਾ ਨਾਉਂ ਹੈ ਰਾਮਰਾਜਪੁਰ, ਤਸੀਲ ਕਾਂਗਰਸਨਗਰ, ਜ਼ਿਲਾ ਜਨਤਾ ਗੰਜ । ਇਹ ਜਾਣੇ ਰਾਮਰਾਜਪੁਰ ਦੇ ਹਰੀਜਨ ਨੇ । ਇਹ ਬੁੱਢਾ ਰਮਚੰਨਾ ਆ । ਬੜਾ ਈ ਨੇਕ ਤੇ ਭਲਾਮਾਣਸ । ਤੇ ਇਹ ਹੈ ਰਮਚੰਨੇ ਦਾ ਪੁੱਤ ਜੰਗੀ । ਪਿਉ ਜਿੰਨਾ ਸਿੱਧਾ, ਪੁੱਤ ਓਨਾ ਹੀ ਪੁੱਠਾ । ਸਰਕਾਰੀ ਵਜ਼ੀਫ਼ੇ ਨਾਲ ਥੋਹੜਾ-ਜਿੰਨਾ ਪੜ੍ਹ-ਲਿਖ ਕੀ ਗਿਐ,

ਸਮਝਦੈ, ਲੀਡਰ ਹੋ ਗਿਆ। ਕਹਿੰਦੈ ਅਖੇ ਉੱਚ-ਨੀਚ ਜਾਤਪਾਤ ਨਹੀਂ ਚਲਣੀ। ਸਾਰੀ ਉਮਰ ਦਾ ਗੁਲੰਮ ਤੇ ਬੇਗਾਰ ਨਹੀਂ ਚਲਣੀ। ਧੀਆਂ-ਭੈਣਾਂ ਦੀ ਬੇ-ਇਜਤੀ ਬਰਦਾਸ਼ਤ ਨਹੀਂ ਕਰਨੀ। ਤੇ ਇਹ ਆ ਜੰਗੀ ਦੀ ਵਹੁਟੀ ਬਸੰਤੀ। ਜਦ ਪਿਛਲੀਆਂ ਵੋਟਾਂ ਪਈਆ ਤਾ ਜਨਾਬ ਸਰਕਾਰ ਨੇ ਇਸ ਪਿੰਡ ਦੇ ਹਰੀਜਨਾਂ ਨੂੰ ਖ਼ੁਸ਼ ਕਰਨ ਲਈ ਥੋਹੜੀ-ਜਿੰਨੀ ਜ਼ਮੀਨ ਵੰਡੀ ਸੀ। ਮੁੱਦਤਾਂ ਤੋਂ ਉਹ ਜ਼ਮੀਨ ਭੁੱਡ-ਬੰਜਰ ਪਈ ਸੀ। ਇਨ੍ਹਾਂ ਲੋਕਾਂ ਕੋਲ ਹਲ ਨਹੀਂ ਸੀ, ਜੋਗ ਨਹੀਂ ਸੀ, ਰੇਹ-ਖਾਦ ਨਹੀਂ ਸੀ, ਬੀ ਨਹੀਂ ਸੀ। ਧਰ ਆਪਣੀਆਂ ਕਹੀਆਂ ਨਾਲ ਇਨ੍ਹਾਂ ਬੰਦਿਆਂ ਪੱਥਰ ਵਰਗੀ ਜ਼ਮੀਨ ਨੂੰ ਤੋੜਿਆ। ਆਪ ਬੌਲਦ ਬਣ ਕੇ ਜ਼ਮੀਨ ਨੂੰ ਜੋਤਾ ਮਾਰਿਆ। ਛੱਪੜ ਚੋਂ ਪਾਣੀ ਲਿਆ ਲਿਆ ਖੇਤ ਨੂੰ ਸਿੰਜਿਆ। ਦਾਣਿਆਂ 'ਤੇ ਦੂਣਾ ਦੇਣ ਦਾ ਕਰਾਰ ਕਰ ਕੇ ਉਧਾਰ ਦਾ ਬੀ ਪਾਇਆ। ਫੇਰ ਕਿਤੇ ਜਾ ਕੇ ਆਹ ਅੱਜ ਫ਼ਸਲ ਦੀ ਵਾਢੀ ਦਾ ਦਿਨ ਆਇਐ। (ਅਚਾਲਕ ਚੌਂਕਦਾ ਹੈ। ਕੰਨ ਲਾ ਕੇ ਕੁਝ ਸੁਣਨ ਦਾ ਅਭਿਨਯ ਕਰਦਾ ਹੈ। ਤਿੰਨ ਜਣੇ ਆਉਂਦੇ ਹਨ: ਠਾਕਰ, ਪੰਡਤ ਤੇ ਮਹਾਜਨ। ਤਿੰਨੇ ਖੜ੍ਹੇ ਹੋ ਕੇ ਹਰੀਜਨਾਂ ਵਲ ਦੇਖਦਿਆਂ ਘੁਸਰ ਮੁਸਰ ਕਰਦੇ ਹਨ) ਗ਼ਰੀਬ ਦੀ ਫ਼ਸਲ ਪੱਕੇ ਭਾਵੇਂ ਧੀ ਜਵਾਨ ਹੋਵੇ, ਅਮੀਰਾਂ ਦੀ ਨੀਤ ਖ਼ਰਾਬ ਹੋਣ ਲਗਦੀ ਐ। ਇਨ੍ਹਾਂ ਮੂਰਤਾਂ ਨੂੰ ਦੇਖੋ। ਇਹ ਹੈ ਠਾਕਰ ਭਾਰਤ ਰਾਜ ਸਿੰਘ। ਪੁਰਾਣਾ ਜ਼ਿਮੀਦਾਰ, ਨਵਾਂ ਸਰਮਾਏਦਾਰ। ਪਿੰਡ ਦੀ ਪੰਚੈਤ ਤੋਂ ਲੈ ਕੇ ਲੋਕ ਸਭਾ ਤਕ ਇਨ੍ਹਾਂ ਦੀ ਤੂਤੀ ਬੋਲਦੀ ਆ। (ਠਾਕਰ ਆਪਣੀ ਲਾਠੀ ਜ਼ਮੀਨ 'ਤੇ ਮਾਰ ਕੇ ਮੁੱਛਾਂ ਨੂੰ ਤਾਅ ਦਿੰਦਿਆਂ ਦਰਸ਼ਕਾਂ ਨੂੰ ਦੇਖਦਾ ਹੈ) ਤੇ ਇਹ ਨੇ ਪੰਡਤ ਕਰਮਕਾਂਡੀ। ਨਵੇਂ ਜ਼ਮਾਨੇ ਦੇ ਪੰਡਤ ਨੇ, ਏਸ ਲਈ ਉਪਰ ਕਾਂਗਰਸੀ ਕੁੜਤਾ-ਟੋਪੀ ਪਾਉਂਦੇ ਤੇ ਹੇਠਾਂ ਖ਼ਾਕੀ ਨਿੱਕਰ। ਧਰਮਕਰਮ ਦੀ ਠੇਕੇਦਾਰੀ ਕਰਦੇ ਨੇ। (ਪੰਡਤ ਸੱਜਾ ਹੱਥ ਦਿਲ ਤਕ ਲੈ ਜਾ ਕੇ ਨਮਸਕਾਰ ਕਰਦਾ ਹੈ) ਤੇ ਇਹ ਤੀਸਰੇ ਹਨ ਧਨੀਲਾਲ ਮਹਾਜਨ। ਸੂਦਖ਼ੋਰੀ, ਮੁਨਾਫ਼ਾਖ਼ੋਰੀ, ਜਮਾਖ਼ੋਰੀ ਤੇ ਹਰਾਮਖ਼ੋਰੀ ਇਨ੍ਹਾਂ ਦਾ ਪੇਸ਼ਾ ਹੈ। ਸੁੱਤੇ ਪਏ ਵੀ ਬਰੜਾਉਂਦੇ ਨੇ: ਪੰਜ ਗੁੜ ਦੇ, ਗੁੜ ਵਾਲੇ, ਗੁੜ ਨੂੰ... (ਮਹਾਜਨ ਚੋਰ ਨਜ਼ਰਾਂ ਨਾਲ ਦਰਸ਼ਕਾਂ ਵਲ ਦੇਖਦਾ ਹੈ ਤੇ ਝਟਕੇ ਨਾਲ਼ ਧੌਣ ਮੋੜ ਕੇ ਫੇਰ ਘੁਸਰਮੁਸਰ ਕਰਨ ਲਗ ਜਾਂਦਾ ਹੈ) ਲਓ ਹੁਣ ਦੇਖੋ, ਇਹ ਤਿੰਨੋਂ (ਸੂਤਰਧਾਰ ਇਕ ਪਾਸੇ ਹੋ ਜਾਂਦਾ ਹੈ। ਠਾਕਰ, ਪੰਡਤ ਤੇ ਮਹਾਜਨ ਆਪਸ ਵਿਚ ਇਸ਼ਾਰੇ ਕਰਦੇ ਹਨ ਤੇ ਪੰਡਤ ਅਗਾਂਹ ਹੋ ਕੇ ਹਰੀਜਨਾਂ ਵਲ ਜਾਂਦਾ ਹੈ)

ਪੰਡਤ : ਹਰੇ ਰਾਮ, ਹਰੇ ਰਾਮ, ਇਹ ਕੀ ਹੋ ਰਿਹੈ?

ਬਸੰਤੀ : ਤੇਰੀਆਂ ਅੱਖਾਂ ਕਿ ਕੋਲ-ਡੋਡੇ ਆ, ਦੀਹਦਾ ਨਹੀਂ ਤਈਨੂੰ, ਆਪਣੀ ਪੈਲ਼ੀ ਵਢਦੇ ਆਂ।

ਪੰਡਤ : ਰਾਧੇ ਕ੍ਰਿਸ਼ਣ, ਰਾਧੇ ਕ੍ਰਿਸ਼ਣ। ਓਦੇ ਤੂੰ ਤਾਂ ਬੜਾ ਕੌੜਾ ਬੋਲਦੀ ਐਂ ਬਸੰਤੀ। ਭਗਵਾਨ ਨੇ ਤੈਨੂੰ ਰੰਗ-ਰੂਪ ਦਿੱਤੈ, ਜਵਾਨੀ ਦਿੱਤੀ ਐ, ਪਰ ਮਿੱਠੀ ਜਬਾਨ ਦੇਣਾ ਭੁਲ ਗਿਆ।

ਬਸੰਤੀ : ਮੇਰੀ ਜਬਾਨ ਜਿਹੋ-ਜਿਹੀ ਐ ਠੀਕ ਐ ਪੰਡਤ ਜੀ, ਪਰ ਤੂੰ ਦੱਸ ਅੱਜ ਨੀਚ ਜਾਤ ਕੋਲ ਕਿਵੇਂ ਆ ਗਿਆ ਚਲ ਕੇ?

ਰਮਚੰਨਾ : ਪੈਰੀਂ ਪੈਂਦਾਂ ਪੰਡਤ ਜੀ। ਇਹ ਦੀਆਂ ਗੱਲਾਂ ਦਾ ਬੁਰਾ ਨਾ ਮਨਾਈਓ, ਰਤਾ ਮੂੰਹਫਟ ਐ।

ਪੰਡਤ : ਪਰ ਤੂੰ ਤਾਂ ਧਰਮੀ-ਕਰਮੀ ਬੰਦਾ ਸੀ ਓਏ! ਤੂੰ ਆਪਣਾ ਧਰਮ ਕਿਦਾਂ ਭੁੱਲ ਗਿਆ?

ਰਮਚੰਨਾ : (ਹੱਥ ਜੋੜ ਕੇ) ਕੋਈ ਗਲਤੀ ਹੋ ਗਈ ਮਹਾਰਾਜ?

ਪੰਡਤ : ਗਲਤੀ? ਓਏ ਤੂੰ ਗਲਤੀ ਪੁੱਛਦੈਂ? ਗੋ-ਧਨ ਦਾ ਭੋਜਨ ਕੱਟ ਰਿਹੈਂ ਤੇ ਫੇਰ ਉੱਤੋਂ ਪੁੱਛਦੈਂ ਗਲਤੀ?

ਰਮਚੰਨਾ : ਗੋ-ਧਨ ਦਾ ਭੋਜਨ? ਮੈਂ ਸਮਝਿਆ ਨਹੀਂ ਪੰਡਤ ਜੀ?

ਪੰਡਤ : ਓਏ ਸਾਲਿਆ, ਓਏ ਇਹ ਵੀ ਦੱਸਣਾ ਪਊ ਅੱਜ? ਪਤੈ ਸ਼ਾਸਤਰਾਂ 'ਚ ਕੀ ਲਿਖਿਐ? (ਰਮਚੰਨਾ ਸਿਰ ਹਿਲਾਉਂਦਾ ਹੈ) ਸ਼ਾਸਤਰਾਂ 'ਚ ਲਿਖਿਆ – ਗੋਧਨ ਕਾ ਭੋਜਨ ਖਾਨੇ ਵਾਲਾ ਸੀਧਾ ਨਰਕ ਮੇਂ ਜਾਤਾ ਹੈ। ਹਾਂ, ਸਿੱਧਾ! ਇਨ੍ਹਾਂ ਨੂੰ ਆਖ ਦੇ ਇਹ ਜਾਨਵਾਰਾਂ ਕਾ ਚਾਰਾ ਨਾ ਕਾਟੇਂ।

ਰਮਚੰਨਾ : ਪਰ ਮਹਾਰਾਜ। ਇਹ ਡੰਗਰਾਂ ਦਾ ਚਾਰਾ ਤਾਂ ਨਹੀਂ, ਪੱਕੀ-ਪਕਾਈ ਫ਼ਸਲ ਐ ਸਾਡੀ। ਹੱਥੀਂ ਸਵਾਰ ਕੇ ਅਸੀਂ ਖੇਤ ਬਣਾਇਐ। ਉਧਾਰ ਦਾ ਬੀ ਪਾਇਐ। ਦਿਨ-ਰਾਤ ਮਿਹਨਤ ਕੀਤੀ ਐ।

ਪੰਡਤ : ਇਹ ਨਹੀਂ ਸਾਨੂੰ ਪਤਾ । ਸ਼ਾਸਤਰਾਂ ਵਿਚ ਜੋ ਲਿਖਿਐ, ਸੋ ਅਸੀਂ ਦਿੱਤੈ ਦੱਸ । ਸ਼ਾਸਤਰਾਂ ਨੂੰ ਨਹੀਂ ਮੰਨਦਾ ਤਾਂ ਪੈਂਚਾਂ ਨੂੰ ਪੁੱਛ ਲੈ । ਸਾਰਿਆਂ ਨੇ ਕਿਹੈ ਇਹ ਖੇਤ ਨਹੀਂ ਸ਼ਾਮਲਾਟ ਐ । ਇਥੇ ਵਾਹੀ ਨਹੀਂ ਹੋ ਸਕਦੀ ।

ਰਮਚੰਨਾ : ਚੁੱਪ ਹੋ ਜਾ ਓਏ ਜੰਗੀ । ਬਾਹਮਣ ਦੇਵਤਾ ਐ । (ਪੰਡਤ ਨੂੰ) ਪੰਡਤ ਜੀ, ਗੁੱਸਾ ਨਾ ਕਰੀਂ । ਜਿਦਣ ਇਸ ਖੇਤ 'ਚ ਬੀ ਪਿਆ ਸੀ, ਉਸੇ ਦਿਨ ਮੈਂ ਮਨ ਚ ਧਾਰ ਲਿਆ ਸੀ ਪਈ ਪਹਿਲੀ ਫ਼ਸਲ ਦਾ ਸਵਾ ਸੇਰ ਅੰਨ ਪੰਡਤ ਜੀ ਨੂੰ ਜ਼ਰੂਰ ਦੇਊਂਗਾ ।

ਪੰਡਤ : ਸਵਾ ਸੇਰ ਅੰਨ ? ਤੂੰ ਵੱਢੀ-ਟੁੱਕੀ ਜਾਤ ਸਾਨੂੰ ਦਾਨ ਦਏਂਗੀ ? ਪਿੰਡ ਦੀ ਜ਼ਮੀਨ 'ਤੇ ਖੇਤੀ ਕਰੇਂਗਾ ਤੇ ਪਿੰਡ ਆਲਿਆਂ ਨੂੰ ਸਵਾ ਸੇਰ ਅੰਨ ਦਾਨ ਕਰੇਂਗਾ ? ਸਾਲਿਆ ਅਸੀਂ ਮੰਗ-ਖਾਣੇ ਆਂ ?

ਜੰਗੀ : ਤਾਂ ਠੀਕ ਐ, ਗੱਲ ਨਿਬੜੀ । ਅਸੀਂ ਤੈਨੂੰ ਇਕ ਦਾਣਾ ਵੀ ਨਹੀਂ ਦਿੰਦੇ ।

ਬਸੰਤੀ : ਹਾਂ ਭਾਈ, ਕਿਉਂ ਦੇਈਏ ? ਮਰੀਏ-ਖਪੀਏ ਅਸੀਂ ਤੇ ਮਾਲ ਖਾਵੇ ਪੰਡਤ ।

ਪੰਡਤ : ਚੋਪ ਹਰਾਮਣੇ ! ਜ਼ਬਾਨ ਚਲਾਉਂਦੀ ਐ । ਖੱਲ ਉਤਰ ਦਊਂ, ਜੇ ਬੋਲੀ ਤਾਂ ।

ਜੰਗੀ : ਬਾਹਮਣਾ ਦੱਸ ਦਿਆਂ ਤੈਨੂੰ, ਗਾਹਲ ਨਾ ਕਢੀਂ ! ਇਹ ਡਰਾਵੇਂ ਜਾ ਕੇ ਕਿਸੇ ਹੋਰਸ ਨੂੰ ਦੇ । ਅਸੀਂ ਨਹੀਂ ਡਰਦੇ ਤੇਰੇ ਵਰਗੇ ਮੰਗਤਿਆਂ ਤੋਂ । (ਰਮਚੰਨੇ ਤੇ ਬਸੰਤੀ ਨੂੰ) ਚੱਲੋ ਆਪਣਾ ਕੰਮ ਕਰੋ । ਹੂੰਹ, ਆਏ ਵੱਡੇ । ਖੱਲ ਉਤਾਰ ਦਊਂ । ਜਿਦਾਂ ਇਹ ਦਾ ਹੀ ਰਾਜ ਐ । ਪਰਾਈਆਂ ਖਾ-ਖਾ ਮੁਸ਼ਟੰਡ ਪੁਣਾ ਖਲਾਰਦੈ । ਪਾ ਲਈ ਨਿਕਰ, ਹੱਥ ਚ ਫੜ ਲਈ ਲਾਠੀ ਤੇ ਡਰਾਉਂਦਾ ਫਿਰਦੇ ਲੋਕਾਂ ਨੂੰ ।

ਪੰਡਤ : ਦੇਖ ਓਏ ਜ਼ਿਆਦਾ ਨਾ ਬੋਲ । ਸਾਡਾ ਗੁੱਸਾ ਤੂੰ ਹਾਲੇ ਦੇਖਿਆ ਨਹੀਂ । ਸਰਾਪ ਦੇ 'ਤਾ ਤਾਂ ਸਿੱਧਾ ਨਰਕਾਂ ਨੂੰ ਜਾਏਂਗਾ । ਕੁੱਲ ਦਾ ਨਾਸ ਹੋ ਜਾਊ, ਨਾਸ...

ਜੰਗੀ : ਓਏ ਜਾ, ਜਾ, ਆਪਣਾ ਕੰਮ ਕਰ । ਠਾਕਰ ਕੋਲ ਬਹਿ ਕੇ ਦੁਨੀਆਂ ਭਰ ਦੀ ਜਿਆਫ਼ਤ ਕਰੇਂਗਾ ਤੇ ਸਾਡੇ ਕੋਲ ਆ ਕੇ ਧਰਮ-ਕਰਮ ਛਾਂਟੇਗਾ !

ਰਮਚੰਨਾ : (ਵਾਸਤਾ ਪਾਉਂਦਿਆਂ) ਇਹ ਦੀਆਂ ਗੱਲਾਂ ਦਾ ਬੁਰਾ ਨਾ ਮੰਨੀਓ ਪੰਡਤ ਜੀ । ਨਿਆਣਾ ਐ, ਨਦਾਨ ਐ । ਮੈਂ ਸਵਾ ਸੇਰ ਅੰਨ ਤੁਹਾਨੂੰ ਜ਼ਰੂਰ ਦੇਊਂਗਾ ।

ਜੰਗੀ : (ਰਮਚੰਨੇ ਨੂੰ ਖਿੱਚਦਿਆਂ) ਕੀ ਗੱਲ ਕਰਦੇ ਚਾਚਾ ? ਅਸੀਂ ਇਹਦਾ ਦਿੱਤਾ ਨਹੀਂ ਖਾਂਦੇ । ਜਿੰਨਾ ਡਰੇਂਗਾ, ਇਹ ਓਨਾ ਹੀ ਡਰਾਊਗਾ ।

(ਬਸੰਤੀ ਰਮਚੰਨਾ ਦਾ ਹੱਥ ਫੜ ਕੇ ਪਿੱਛੇ ਲੈ ਜਾਂਦੀ ਹੈ)

ਪੰਡਤ : (ਗੁੱਸੇ ਵਿਚ) ਤੂੰ ਬੜਾ ਨਡਰਾ ਹੋ ਗਿਐਂ ਹੁਣੇ ਕਢਦਾਂ ਤੇਰੀ ਹੈਂਕੜ । ਦੇਖਦਾਂ ਤੂੰ ਕਿੱਡਾ ਕੁ ਸੂਰਮਾ ਏਂ ।

ਜੰਗੀ : ਓਏ ਜਾ – ਜਾ ਦੇਖ ਲਈਂ ।

(ਪੰਡਤ ਅੱਗ-ਭਬੂਕਾ ਹੋਇਆ ਠਾਕਰ ਤੇ ਮਹਾਜਨ ਕੋਲ ਜਾਂਦਾ ਹੈ । ਜੰਗੀ ਮੁੜ ਕੇ ਰਮਚੰਨੇ ਤੇ ਬਸੰਤੀ ਨਾਲ ਫ਼ਸਲ ਵਢਣ ਲਗਦਾ ਹੈ । ਪੰਡਤ ਮੂਕ ਅਭਿਨਯ (ਮਾਈਮਿੰਗ) ਨਾਲ ਠਾਕਰ ਕੋਲ ਸ਼ਿਕਾਇਤ ਕਰਦਾ ਹੈ । ਠਾਕਰ, ਮਹਾਜਨ ਤੇ ਪੰਡਤ ਤਿੰਨੇ ਅੱਗੇ ਵਧਦੇ ਹਨ ।)

ਠਾਕਰ : ਓਏ ਰਮਚੰਨਿਆਂ । ਏਧਰ ਆ ਸਾਲਿਆ । ਪੰਡਤ ਨੂੰ ਤੂੰ ਗਾਹਲਾਂ ਕੱਢੀਐਂ ?

(ਰਮਚੰਨਾ, ਬਸੰਤੀ ਤੇ ਜੰਗੀ ਇਕੱਠੇ ਮੁੜ ਕੇ ਦੇਖਦੇ ਹਨ ਤੇ ਖੜ੍ਹੇ ਹੋ ਜਾਂਦੇ ਹਨ । ਰਮਚੰਨਾ ਹੱਥ ਬੰਨ੍ਹੀ ਅੱਗੇ ਆਉਂਦਾ ਹੈ)

ਰਚਚੰਨਾ : ਬੰਦਗੀ ਸਰਕਾਰ । ਮੁੰਡਾ ਨਾਦਾਨ ਐ, ਮੁਆਫ਼ ਕਰ ਦਿਓ ।

ਜੰਗੀ : (ਅੱਗੇ ਆ ਕੇ) ਪਰ ਮੈਂ ਕੋਈ ਗਾਹਲ-ਗੂਹਲ ਨਹੀਂ ਕੱਢੀ ਠਾਕਰ ਸ੍ਹਾਬ । ਇਹ ਪੰਡਤ ਹੀ ਖਾਮਖਾ ਪੰਗਾ ਲੈਂਦੇ ਸਾਡੇ ਨਾਲ । ਇਸ ਇਹ ਨੂੰ ਦੱਸ 'ਤਾ ਪਈ ਇਹ ਜਮੀਨ (ਕੁਝ ਸੋਚ ਕੇ) ਠਾਕਰ ਸ੍ਹਾਬ ਨੇ ਸਰਕਾਰ

ਨੂੰ ਦਾਨ ਕਰ 'ਤੀ ਤੇ ਸਰਕਾਰ ਨੇ ਸਾਨੂੰ...

ਠਾਕਰ : ਬਕਵਾਸ ਨਾ ਕਰ । ਇਹ ਜਮੀਨ ਅਸੀਂ ਕਿਸੇ ਨੂੰ ਨਹੀਂ ਦਿੱਤੀ ।

ਰਮਚੰਨਾ : (ਤਰਲੇ ਨਾਲ) ਐ ਨਾ ਆਖੋ ਮੋਤੀਆਂ ਆਲਿਓ । ਤੁਸੀਂ ਦਿੱਤੀ ਨਾ ਹੁੰਦੀ ਤਾਂ ਅਸੀਂ ਕਿੱਦਾਂ ਵਾਹ ਲੈਣੀ ਸੀ ? ਉਹ ਸਰਕਾਰੀ ਜਲਸਾ ਮਾਲਕੋ, ਜਿਹਦੇ 'ਚ ਤੁਸੀਂ ਲਕਚਰ ਕੀਤਾ ਸੀ...

ਠਾਕਰ : ਫਾਲਤੂ ਗੱਲਾਂ ਨਾ ਕਰ । ਅਸੀਂ ਤਾਂ ਬੰਜਰ ਦਾਨ ਕੀਤੀ ਸੀ, ਇਹ ਉਪਜਾਊ ਖੇਤ ਨਹੀਂ...

ਜੰਗੀ : ਪਰ ਸਾਨੂੰ ਤਾਂ ਇਹ ਬੰਜਰ ਹੀ ਮਿਲੀ ਸੀ ।

ਬਸੰਤੀ : ਹੋਰ ਕੀ ? ਵਾਹਿਆ ਸਵਾਰਿਆ ਤਾਂ ਅਸੀਂਓ ਹੀ ਐ ।

ਰਮਚੰਨਾ : ਹਾਂ ਸਰਕਾਰ, ਬੜੀ ਮਿਹਨਤ ਕਰਨੀ ਪਈ ਇਹ ਨੂੰ ਸੂਤ ਕਰਨ 'ਚ ।

ਠਾਕਰ : ਅਸੀਂ ਕੱਖ ਨਹੀਂ ਸੁਣਨਾ । ਇਹ ਖੇਤ ਸਾਡਾ ਐ । ਤੁਸੀਂ ਸਾਰੇ ਇਥੋਂ ਦਫਾ ਹੋ ਜਾਓ । ਤੇ ਆਪਣੇ ਇਸ ਛੋਕਰੇ ਦੀ ਜ਼ਬਾਨ ਨੂੰ ਰਤਾ ਲਗਾਮ ਦੇ । ਕੁਸ਼ ਜ਼ਿਆਦਾ ਹੀ ਲੰਬੀ ਹੋ ਗਈ ਐ ਜਬਾਨ ਇਹ ਦੀ ।

ਜੰਗੀ : ਪਰ ਠਾਕਰ ਸਾਹਬ, ਇਹ ਜ਼ਮੀਨ ਤਾਂ ਸਰਕਾਰ ਦੀ ਸਾਨੂੰ ਦਿੱਤੀ ਹੋਈ ਐ ।

ਪੰਡਤ : ਓਏ ਇਹਦੇ 'ਚ ਤਾਅ ਖਾਣ ਦੀ ਕੀ ਗੱਲ ਐ ? ਜਾ, ਬੁਲਾ ਲਿਆ ਆਪਣੀ ਸਸਕਾਰ ਨੂੰ । ਕਿਥੇ ਰਹਿੰਦੀ ਐ ਤੇਰੀ ਸਰਕਾਰ ?

ਠਾਕਰ : ਹਾਂ, ਹਾਂ ਅਸੀਂ ਦੇਖ ਲਵਾਂਗੇ । ਪਰ ਤੁਸੀਂ ਇਹ ਖੇਤ ਫ਼ੌਰਨ ਖ਼ਾਲੀ ਕਰ ਦਿਉ ।

ਬਸੰਤੀ : ਖਾਲ਼ੀ ਹੀ ਤਾਂ ਕਰਨ ਲੱਗੇ ਆਂ । ਹੁਣੇ ਵੱਢ ਲੈਂਦੇ ਆਂ ।

ਮਹਾਜਨ : (ਅੱਗੇ ਵਧ ਕੇ) ਵੱਢ ਕਿਵੇਂ ਲੈਂਦੇ ਆਂ ? ਪਹਿਲਾਂ ਮੇਰਾ ਕਰਜਾ ਕਢੋ । ਮੈਂ ਤਾਂ ਤੁਹਾਨੂੰ ਬੀ ਤੇ ਪੈਸੇ ਦੇ ਕੇ ਭੁੱਲਾ । ਮੈਨੂੰ ਕੀ ਪਤਾ ਸੀ ਇਹ ਝਗੜੇ ਆਲੀ ਜ਼ਮੀਨ ਐ । ਮੈਨੂੰ ਕੁਸ਼ ਨਹੀਂ ਪਤਾ ਫ਼ਸਲ ਵੱਡਣ ਤੋਂ ਪਹਿਲੋਂ ਮੇਰਾ ਕਰਜਾ ਇਥੇ ਰਖੋਂ ।

ਰਮਚੰਨਾ : ਪਰ ਕਰਜਾ ਤਾਂ ਫਸਲ ਚੋਂ ਹੀ ਨਿਕਲੂਗਾ ਲਾਲਾ ਜੀ ।

ਮਹਾਜਨ : ਮੈਨੂੰ ਬਹੁਤੀਆਂ ਗੱਲਾਂ ਦਾ ਨਹੀਂ ਪਤਾ । ਪਹਿਲਾਂ ਮੇਰਾ ਹਿਸਾਬ ਸਾਫ਼ ਕਰੋ, ਫੇਰ ਫਸਲ ਵੱਢੀਓ । ਝਗੜੇ ਆਲੀ ਜ਼ਨੀਮ ਐ । ਤੁਹਾਡੇ ਹੱਥੋਂ ਜਾਂਦੀ ਰਹੀ ਤਾਂ ਫੇਰ ਮੈਂ ਕਿਹਦੀ ਧੌਣ ਫੜੂੰ ?

ਜੰਗੀ : ਪਰ ਗੱਲ ਤਾਂ ਸੁਣੋ ਸ਼ਾਹ ਜੀ । ਅਸੀਂ ਤੇਰਾ ਕਰਜਾ ਲੈ ਕੇ ਕਿਤੇ ਭੱਜ ਤਾਂ ਨਹੀਂ ਚੱਲੇ । ਆਖ ਤਾਂ ਰਹੇ ਆਂ ਪਈ ਫਸਲ ਵਢਦਿਆਂ ਹੀ...

ਮਹਾਜਨ ; ਤਾਂ ਫੇਰ ਐ ਕਰੋ ਫ਼ਸਲ ਵੱਢ ਕੇ ਮੇਰੇ ਘਰੇ ਪੁੱਜਦੀ ਕਰ ਦਿਓ । ਤੁਹਾਡਾ ਹਿਸਾਬ, ਕਿਤਾਬ ਕਰ ਕੇ ਬਾਕੀ ਜੋ ਬਚੂ ਤੁਹਾਨੂੰ ਦੇ ਦੇਊਂਗਾ । ਮੈਂ ਕਿਸੇ ਝਗੜੇ-ਝੇੜੇ 'ਚ ਨਹੀਂ ਪੈਣਾ ।

ਠਾਕਰ : ਨਹੀਂ ਲਾਲਾ, ਫ਼ਸਲ ਪਹਿਲੋਂ ਸਾਡੇ ਜਾਊਗੀ । ਖੇਤ ਸਾਡਾ ਐ । ਤੇਰਾ ਜੋ ਲੈਣ-ਦੇਣ ਐ, ਉਹ ਸਾਡੇ ਨਾਲ ਆ ਕੇ ਕਰ ਲਈਂ ।

ਬਸੰਤੀ ; ਗੱਲ ਹੋਈ ਨਾ ! ਜਮੀਨ ਸਵਾਰੀਏ ਅਸੀਂ, ਪਾਣੀ ਦੇਈਏ ਅਸੀਂ, ਬੀ ਪਾਈਏ ਅਸੀਂ, ਗੁਡ-ਗੁਡਾਈ ਕਰੀਏ ਤਾਂ ਅਸੀਂ, ਤੇ ਫਸਲ ਠਾਕਰ ਸੁਬ ਦੇ ਘਰ ਜਾਊਗੀ !

ਠਾਕਰ : ਤੂੰ ਢਕੀ ਰਹੁ, ਫਸਲ ਨਾ' ਜਾਣ ਦਾ 'ਰਾਦਾ ਤਾਂ ਨਹੀਂ ਤੇਰਾ ?

(ਰਮਚੰਨਾ ਡਰ ਨਾਲ ਕੰਬਦਿਆਂ ਬਸੰਤੀ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਪਰ ਬਸੰਤੀ ਉਹਦਾ ਹੱਥ ਝਟਕ ਕੇ ਅੱਗੇ ਵਧਦੀ ਹੈ)

ਬਸੰਤੀ : ਮੇਰਾ ਨਾਉਂ ਬਸੰਤੀ ਐ ਠਾਕਰਾ । ਇਹ ਦਾਤੀ ਦੇਖੀ ਐ ਤਿੱਖੇ ਦੰਦਿਆਂ ਆਲੀ ? ਕੋਈ ਮੈਨੂੰ ਹੱਥ ਲਾ ਕੇ ਤਾਂ ਦੇਖੇ ।

ਠਾਕਰ : (ਅਚਾਨਕ ਲਾਠੀ ਚਲਾ ਕੇ) ਲੈ ਸਹੁਰੀਏ. ਜਬਾਨ ਚਲਾਉਂਦੀ ਐਂ ਕੈਂਚੀ ਆਂਗੂ !

ਬਸੰਤੀ : ਵੇ, ਮਾਰ ਤੀ ਵੇ... (ਡਿਗ ਪੈਂਦੀ ਹੈ । ਜੰਗੀ ਪਿਛਾਂਹ ਮੁੜ ਕੇ ਹਾਕ ਮਾਰਦਾ ਹੈ)

ਜੰਗੀ : ਓਏ ਨੱਠ ਕੇ ਆਈਓ ਓਏ ਹਰੀਏ, ਕਲੂਏ, ਓਏ ਰੱਘੂ ਚਾਚਾ...

ਠਾਕਰ : (ਆਪਣੇ ਨਾਲ ਦਿਆਂ ਨੂੰ) ਮਾਰੋ, ਮਾਰੋ ਕਮੀਣਾਂ ਨੂੰ । ਸਾਡੇ ਬਰਖਿਲਾਫ਼ ਬਗ਼ਾਵਤ । (ਪੰਡਤ ਰਨਚੰਨੇ ਨੂੰ ਤੇ ਠਾਕਰ ਜੰਗੀ ਨੂੰ ਲਾਠੀ ਮਾਰਦਾ ਹੈ । ਦੋਹਵੇਂ ਡਿਗ ਪੈਂਦੇ ਹਨ । ਮਹਾਜਨ ਦੂਰੋਂ ਆਉਂਦੇ ਲੋਕਾਂ ਨੂੰ ਦੇਖ ਕੇ ਡਰਦਿਆਂ ਠਾਕਰ ਤੇ ਪੰਡਤ ਦਾ ਹੱਥ ਫੜ ਕੇ ਖਿੱਚਦਾ ਹੈ)

ਮਹਾਜਨ : ਨੱਠ ਲਓ ਓਏ...ਉਹ ਆ ਗਏ ।

(ਠਾਕਰ ਆਪਣੀ ਲਾਠੀ ਖੱਬੇ ਹੱਥ ਵਿਚ ਲੈ ਕੇ ਜੇਬ ਵਿਚੋਂ ਪਿਸ਼ਤੌਲ ਕਢ ਲੈਂਦਾ ਹੈ ਤੇ ਜਿਧਰੋਂ ਲੋਕਾਂ ਆਉਣ ਦਾ ਡਰ ਹੈ ਦੇਖ ਕੇ ਲਲਕਾਰਦਾ ਹੈ)

ਠਾਕਰ : ਆਓ ਸਾਲਿਓ ਮੇਰਿਓ । ਦੇਖਦਾਂ ਕਿਹੜਾ-ਕਿਹੜਾ ਆਉਂਦੇ ! (ਥੋਹੜੀ ਦੇਰ ਬਾਅਦ ਜ਼ੋਰ ਨਾਲ ਹੱਸ ਕੇ) ਦੇਖਿਆ ਲਾਲਾ, ਨੱਠ ਗਏ ਸਾਰੇ । ਕਿਹਦੀ ਮਜਾਲ ਐ ਜੋ ਸਾਡੇ ਨਾਲ ਮੁਕਾਬਲਾ ਕਰਨ ਆਏ ? ਹੁਣ ਤੂੰ ਐਂ ਕਰ ਆਪਣੇ ਵਾਢਿਆਂ ਨੂੰ ਲਾ ਕੇ ਫ਼ਸਲ ਵਢਵਾ ਲੈ । ਹਿਸਾਬ-ਕਿਤਾਬ ਫੇਰ ਹੁੰਦਾ ਰਹੂ ।

ਪੰਡਤ : ਤੇ ਮੈਂ ? ਮੈਂ ਜਿਹੜਾ ਤੁਹਾਡੀ ਖ਼ਾਤਰ ਇਨ੍ਹਾਂ ਸ਼ੂਦਰਾਂ ਨਾਲ ਲੜਿਆ ?

ਠਾਕਰ : (ਹੱਸ ਕੇ) ਤੇਰੀ ਦੱਛਣਾ ਤੈਨੂੰ ਮਿਲ ਜਾਊਗੀ ਪੰਡਤਾ । ਸਾਡੇ ਹੁੰਦਿਆਂ ਤੈਨੂੰ ਕਿਹੜੀ ਗੱਲ ਦਾ ਡਰ ਐ ? ਚੱਲੋ ।

ਮਹਾਜਨ : (ਡਰਦਿਆਂ ਬੇਹੋਸ਼ ਪਏ ਰਮਚੰਨੇ, ਜੰਗੀ ਤੇ ਬਸੰਤੀ ਵਲ ਇਸ਼ਾਰਾ ਕਰਦਾ ਹੈ) ਤੇ ਇਹ ?

ਠਾਕਰ : ਚਲੋ, ਚਲੋ । ਆਪਾਂ ਹੁਣੇ ਆਪਣੇ ਬੰਦੇ ਭੇਜ ਕੇ ਇਨ੍ਹਾਂ ਨੂੰ ਟਿਕਾਣੇ ਲੁਆ ਦਿੰਦੇ ਆਂ ।

(ਤਿੰਨੇ ਜਾਂਦੇ ਹਨ । ਸੂਤਰਧਾਰ ਅੱਗੇ ਆਉਂਦਾ ਹੈ)

ਸੂਤਰਧਾਰ : ਓਹੀ ਪੁਰਾਣੀ ਕਹਾਣੀ । ਇਹ ਸਭ ਕੁਸ਼ ਰਾਮਰਾਜਪੁਰ ਚ ਹੀ ਨਹੀਂ ਹੁੰਦਾ । ਚਾਮਰਾਜਪੁਰ ਚ ਵੀ ਹੁੰਦੇ ਤੇ ਦਾਮਰਾਜਪੁਰ ਚ ਵੀ । ਪਰ ਇਸ ਤੋਂ ਮਗਰੋਂ ਜੋ ਰਾਮਰਾਜਪੁਰ ਚ ਹੋਇਆ, ਉਹ ਕਿਤੇ ਨਹੀਂ ਹੋਇਆ । ਹੋਇਆ ਕੀ ਕਿ ਹਰੀਜਨ ਆਏ ਤੇ ਆਪਣੀ ਬਿਰਾਦਰੀ ਦੇ ਤਿੰਨੇ ਫੱਟੜਾਂ ਨੂੰ ਚੁੱਕ ਕੇ ਲੈ ਗਏ । (ਰਮਚੰਨਾ, ਜੰਗੀ ਤੇ ਬਸੰਤੀ ਪਿਛਾਂਹ ਸਿਰ ਲਟਕਾਈ ਹੱਥ ਝੁਲਾਂਦਿਆਂ ਆਪਣੇ ਪੈਰੀਂ ਚਲ ਕੇ ਇਸ ਤਰ੍ਹਾਂ ਜਾਂਦੇ ਹਨ, ਜਿਵੇਂ ਉਨ੍ਹਾਂ ਨੂੰ ਚੁੱਕ ਕੇ ਲਿਜਾਂਦਾ ਜਾ ਰਿਹਾ ਹੋਵੇ) ਫੱਟੜਾਂ ਦੀ ਮਰਹੱਮ-ਪੱਟੀ ਹੋਈ । ਠਾਣੇ ਪਰਚਾ ਕਰਵਾਣ ਦਾ ਵਿਚਾਰ ਹੋਇਆ । ਤੇ ਇਸ ਕੰਮ ਲਈ ਜੰਗੀ ਨੂੰ ਹੀ ਭੇਜਿਆ ਗਿਆ । ਜੰਗੀ ਚਲਿਆ ਪਰਚਾ ਲਿਖਵਾਣ । ਹੁਣ ਇਹ ਸਿਨਮਾ ਤਾਂ ਹੈ ਨਹੀਂ ਪਈ ਜੰਗੀ ਨੂੰ ਪਰੇਚਾ ਲਿਖਵਾਉਣ ਦੇ ਚੱਕਰ ਵਿਚ ਦਰ-ਦਰ ਭਟਕਦਿਆਂ ਦੇਖ ਸਕੀਏ । ਇਸ ਵਾਸਤੇ ਸੁਣ ਕੇ ਹੀ ਤਸੱਲੀ ਕਰੋ । ਫ਼ਰਜ਼ ਕਰ ਲਓ ਕਿ ਜੰਗੀ ਤੁਰਿਆ ਜਾ ਰਿਹਾ ਹੈ । (ਸੂਤਰਧਾਰ ਮੰਡਲੀ ਨੂੰ ਇਸ਼ਾਰਾ ਕਰਦਾ ਹੈ ਤੇ ਸਮੂਹ-ਗਾਨ ਵਿਚ ਸ਼ਾਮਲ ਹੋ ਜਾਂਦਾ ਹੈ)

ਸਮੂਹਗਾਨ: ਚਲ ਭਾਈ ਚਲ, ਚਲ ਭਾਈ ਚਲ
ਮਹਿੰਗਾ ਤੇਰਾ ਇਕ-ਇਕ ਪਲ
ਚਲ ਭਾਈ ਚਲ, ਚਲ ਭਾਈ ਚਲ ।
ਅੱਗੇ ਦੇਖ ਭਾਈ ਪਿੱਛੇ ਦੇਖ
ਖੱਬੇ ਦੇਖ ਭਾਈ ਸੱਜੇ ਦੇਖ
ਉੱਤੇ ਦੇਖ ਭਾਈ ਥੱਲੇ ਦੇਖ
ਆਪਣੇ ਸਾਰੇ ਪਾਸੇ ਦੇਖ
ਇਧਰ ਕੁੱਲੀ ਓਧਰ ਮਹੱਲ
ਚ ਲਭਾਈ ਚਲ, ਚਲ ਭਾਈ ਚਲ

ਮਹਿੰਗਾ ਤੇਰਾ ਇਕ-ਇਕ ਪਲ
ਚਲ ਭਾਈ ਚਲ, ਚਲ ਭਾਈ ਚਲ ।
ਕਟਵਾ ਕੇ ਸਭ ਤੇਰੇ ਖੇਤ
ਜ਼ਿਮੀਦਾਰ ਲੈ ਗਿਆ ਸਮੇਟ
ਸੋਚ ਜ਼ਰਾ ਭਈ ਹੁਣ ਤਾਂ ਸੋਚ
ਕਿਉਂ ਤਾਂ ਹੁੰਦਾ ਮਲੀਆਮੇਟ
ਦੁਸ਼ਮਣ ਤੇਰਾ ਹੋਇਆ ਸਬਲ
ਚਲ ਭਾਈ ਚਲ, ਚਲ ਭਾਈ ਚਲ
ਮਹਿੰਗਾ ਤੇਰਾ ਇਕ-ਇਕ ਪਲ
ਚਲ ਭਾਈ ਚਲ, ਚਲ ਭਾਈ ਚਲ ।

ਸੂਤਰਧਾਰ : ਜੰਗੀ ਨੇ ਠਾਣੇ ਪਹੁੰਚ ਕੇ ਪਰਚਾ ਲਿਖਵਾਉਣ ਦੀ ਕੋਸ਼ਿਸ਼ ਕੀਤੀ । ਪਰ ਉਸ ਖ਼ਾਲੀ ਜੇਬ ਵਾਲੇ ਦਾ ਪਰਚਾ ਕੌਣ ਲਿਖਦਾ ? ਪਰਚਾ ਲਿਖਵਾਉਣ ਲਈ ਚਾਹੀਏ ਨੋਟ ਤੇ ਨੋਟ ਜੰਗੀ ਕੋਲ ਕਿਥੇ ? ਫੇਰ ਉਹਨੇ ਸੋਚਿਆਂ ਸ਼ਹਿਰ ਚ ਕੋਈ ਬੜੇ ਨਾਉਂ ਵਾਲਾ ਹਰੀਜਨ ਲੀਡਰ ਰਹਿੰਦੇ, ਉਹਦੇ ਕੋਲ ਜਾਂਦਾ । ਲੀਡਰ ਸਾਹਬ ਅਫ਼ਸਰਾਂ ਨੂੰ ਘੂਰਨਗੇ, ਅਫ਼ਸਰ ਜ਼ਿਮੀਦਾਰਾਂ ਨੂੰ ਮਾਰਨਗੇ ਤੇ ਜ਼ਿਮੀਦਾਰ ਫੇਰ ਉਹ ਜ਼ਮੀਨ ਹਰੀਜਨਾਂ ਨੂੰ ਵੰਡ ਦੇਣਗੇ । ਪਰ ਲੀਡਰ ਸਾਹਬ ਦੇ ਦਰਬਾਨ ਨੇ ਉਹਨੂੰ ਕੋਠੀ ਅੰਦਰ ਵੜਨ ਹੀ ਨਾ ਦਿੱਤਾ ।

ਸਮੂਹਗਾਨ : ਲੀਡਰ ਤੈਨੂੰ ਸਮਝਣ ਵੋਟ
ਅਫ਼ਸਰ ਤੈਨੂੰ ਸਮਝਣ ਨੋਟ
ਕਿਉਂ ਤੇਰੀ ਇਹ ਲੁੱਟ ਖਸੁੱਟ
ਬੋਲ ਕੀ ਤੇਰੇ ਵਿਚ ਹੈ ਖੋਟ
ਕਿਹਦੀ ਕਰਨੀ ਦਾ ਇਹ ਫਲ ?
ਚਲ ਭਾਈ ਚਲ, ਚਲ ਭਾਈ ਚਲ
ਮਹਿੰਗਾ ਤੇਰਾ ਇਕ-ਇਕ ਪਲ
ਚਲ ਭਾਈ ਚਲ, ਚਲ ਭਾਈ ਚਲ ।

ਸੂਤਰਧਾਰ : ਰਾਤ ਪੈ ਗਈ ਸੀ । ਪਿੰਡ ਮੁੜਨ ਚ ਖ਼ਤਰਾ ਸੀ । ਏਸ ਲਈ ਜੰਗੀ ਸ਼ਹਿਰ ਚ ਹੀ ਰਹਿ ਗਿਆ । ਮਜ਼ੂਰੀ ਕਰਨ ਲੱਗਾ । ਓਥੇ ਉਹਨੂੰ ਜੱਥੇਬੰਦ ਹੋਏ ਸੂਝਵਾਨ ਮਜ਼ਦੂਰ ਸਾਥੀ ਮਿਲੇ । ਜੰਗੀ ਨੇ ਆਪਣਾ ਮਸਲ੍ਹਾ ਉਹਨਾਂ ਅੱਗੇ ਰਖਿਆ ਤਾਂ ਉਹ ਕਹਿਣ ਲੱਗੇ :

ਸਮੂਹਗਾਨ: ਪੜ੍ਹ ਕੇ ਦੇਖ ਭਾਈ ਸੁਣ ਕੇ ਸੋਚ
ਸੁਣ ਕੇ ਦੇਖ ਭਾਈ ਸੁਣ ਕੇ ਸੋਚ
ਕਿਥੇ ਗੜਬੜ ਖੜ ਕੇ ਸੋਚ
ਕੀ ਕਰਨਾ ਹੈ ਜੰਮ ਕੇ ਸੋਚ
ਹੋਣੀ ਫੇਰ ਸਮੱਸਿਆ ਹੱਲ
ਚਲ ਭਾਈ ਚਲ, ਚਲ ਭਾਈ ਚਲ
ਮਹਿੰਗਾ ਤੇਰਾ ਇਕ-ਇਕ ਪਲ
ਚਲ ਭਾਈ ਚਲ, ਚਲ ਭਾਈ ਚਲ ।

ਸੂਤਰਧਾਰ : ਤੇ ਫੇਰ ਭੈਣੋ ਵਰਾਵੋ । ਜੰਗੀ ਨੇ ਸਭ ਕੁਝ ਸੁਣਿਆ, ਸੋਚਿਆ ਤੇ ਸਮਝਿਆ ਤੇ ਜੰਗੀ ਦੇ ਸਾਥੀਆਂ ਨੇ

ਇਹ ਨੂੰ ਦੱਸਿਆ :

ਸਮੂਹਗਾਨ: ਕੌਣ ਹੈ ਜ਼ੁਲਮੀ ਕੀਹਦਾ ਰਾਜ
ਪੁਲਸ-ਕਚਿਹਰੀ ਕੀਹਦਾ ਸਾਜ
ਰਲ ਕੇ ਸਾਰੇ ਖੋੜ੍ਹੂੰ ਪਾਜ
ਸੁਣੋ ਸੁਣੋ ਭਾਈ ਇਹ ਆਵਾਜ਼ —
'ਜੀਣਾ ਹੈ ਤਾਂ ਰਾਜ ਬਦਲ ।'
ਚਲ ਭਾਈ ਚਲ, ਚਲ ਭਾਈ ਚਲ
ਮਹਿੰਗਾ ਤੇਰਾ ਇਕ-ਇਕ ਪਲ
ਚਲ ਭਾਈ ਚਲ, ਚਲ ਭਾਈ ਚਲ ।

(ਜੰਗੀ ਮੱਥੇ ਉੱਤੇ ਪੱਟੀ ਬੰਨ੍ਹੀ ਤੇ ਹੱਥ ਵਿਚ ਲਾਠੀ ਲਈ ਆਉਂਦਾ ਨਜ਼ਰ ਆਉਂਦਾ ਹੈ)

ਸੂਤਰਧਾਰ : ਤੇ ਇਹ ਜੰਗੀ ਆਪਣੇ ਪਿੰਡ ਮੁੜ ਆਇਆ । ਆ ਕੇ ਇਹ ਰਾਮਰਾਜਪੁਰ ਦੇ ਹਰੀਜਨਾਂ ਨੂੰ ਕਹਿਣ ਲੱਗਾ —

(ਸੂਤਰਧਾਰ ਪਾਸੇ ਹੋ ਜਾਂਦਾ ਹੈ । ਜੰਗੀ ਅੱਗੇ ਆਉਂਦਾ ਹੈ ।)

ਜੰਗੀ : ਗੱਲ ਇਹ ਆ ਪਈ ਸਾਡੇ ਨਾਲ ਐਂ ਕਿਉਂ ਹੁੰਦੈ ? ਕੀ ਗੱਲ ਐ ਪਈ ਉਹ ਸਿਰ ਚੁੱਕ ਕੇ ਤੁਰਦੇ ਐ ਤੇ ਅਸੀਂ ਸਿਰ ਨੀਵਾਂ ਕਰ ਕੇ ? ਉਹ ਹੁਕਮ ਦਿੰਦੇ ਆ ਤੇ ਅਸੀਂ ਹੁਕਮ ਮੰਨਦੇ ਆਂ । ਉਹ ਸਾਨੂੰ ਗਾਹਲਾਂ ਕਢਦੇ ਆ ਤੇ ਅਸੀਂ ਗਾਹਲਾਂ ਖਾਈ ਜ਼ਾਂਦੇ ਹਾਂ । ਉਹ ਸਾਨੂੰ ਮਾਰਦੇ ਨੇ ਤੇ ਅਸੀ ਕੁੱਟ ਖਾਈ ਜਾਂਦੇ ਆਂ । ਕਿਉਂ ਹੁੰਦੈ ਇਹ ਸਭ ਕੁਸ਼ ? ਅਸੀਂ ਦਾਣੇ ਪੈਦਾ ਕਰਦੇ ਆਂ ਤੇ ਉਹ ਅਰਾਮ ਨਾ' ਬੈਠੇ ਖਾਈ ਜਾਂਦੇ ਆ । ਅਸੀਂ ਸਫਾਈ ਕਰਦੇ ਆਂ ਤੇ ਉਹ ਗੰਦਗੀ ਫੈਲਉਂਦੇ ਆ । ਅਸੀਂ ਜੁੱਤੀਆਂ ਬਣਾਉਂਦੇ ਆਂ, ਅਸੀਂ ਕਪੜੇ ਬੁਣਦੇ ਆਂ ਤੇ ਉਹ ਮਜ਼ੇ ਨਾਲ ਪਾਈ ਫਿਰਦੇ ਆ । ਅਸੀਂ ਕੋਠੇ ਛੱਤਦੇ ਆਂ ਤੇ ਉਹ ਇਨ੍ਹਾਂ ਚ ਸ਼ਾਨ ਨਾਲ ਰਹਿੰਦੇ ਨੇ । ਤੇ 'ਤਾਂ ਵੀ ਸਾਨੂੰ ਨੀਚ ਕਹਿੰਦੇ ਨੇ ਤੇ ਆਪਣੇ ਆਪ ਨੂੰ ਉੱਚੇ-ਸੁੱਚੇ । ਐਂ ਕਿਉਂ ਹੁੰਦਾ ਹੈ ? ਸਾਨੂੰ ਦੱਸਦੇ ਆ ਪਈ ਇਹ ਤਾਂ ਕਰਮਾਂ ਦੀ ਖੇਡ ਐ, ਨੀਲੀ ਛੱਤਰੀ ਵਾਲੇ ਦੀ ਲੀਲਾ ਐ ਸਾਰੀ । ਪਰ ਮੰਨ ਲਓ ਸਾਡੇ ਕੋਲ ਵੀ ਸੌ-ਪੰਜਾਹ ਕੀਲੇ ਜ਼ਮੀਨ ਹੁੰਦੀ ? ਤਾਂ ਫੇਰ ਕਿਸੇ ਨੇ ਸਾਨੂੰ ਨੀਚ-ਕਮੀਣ ਕਹਿਣਾ ਸੀ ? ਅਸਲ ਗੱਲ ਇਹ ਆ ਪਈ ਜੀਹਦੇ ਕੋਲ ਮਿੱਟੀ ਦੀਆਂ ਦੋ ਮੁੱਠਾਂ ਉਹ ਉੱਚਾ, ਜੀਹਦੇ ਕੋਲ ਚਾਰ ਉਹ ਜਾਦੇ ਉੱਚਾ । ਸਰਕਾਰ ਵਾਅਦੇ ਕਰਦੀ ਹੈ ਪਈ ਸਾਡੀ ਹਾਲਤ ਸੁਧਾਰਨ ਲਈ ਸਾਨੂੰ ਜ਼ਮੀਨਾਂ ਦਊਗੀ । ਪਰ ਇਹ ਵਾਅਦੇ ਕਦੋਂ ਪੂਰੇ ਹੋਏ ਆ ? ਤੇ ਵੋਟਾਂ ਬਟੋਰਨ ਲਈ ਪਿਛਲੀ ਵਾਰੀ ਜੋ ਬੰਜਰ ਜ਼ਮੀਨ ਸਾਨੂੰ ਦਿੱਤੀ, ਉਹ ਅਗਲਿਆਂ ਨੇ ਫੇਰ ਖੋਹ ਲਈ । ਐਂ ਕਿਉਂ ਹੁੰਦੈ ਸਾਡੇ ਨਾਲ ? (ਰਤਾ ਰੁਕ ਕੇ) ਉਹ ਏਸ ਲਈ ਪਈ ਅਸੀਂ ਜੱਥੇਬੰਦ ਨਹੀਂ ਆਂ, ਅਸੀਂ 'ਕੱਠ ਨਹੀਂ ਬੰਨ੍ਹਿਆ । ਏਸ ਲਈ ਪਈ ਕਰਮਾਂ ਤੇ ਰੱਬ ਦੇ ਨਾਉਂ 'ਤੇ ਅਸੀਂ ਸਭ ਕੁਸ਼ ਸਹਾਰੀ ਜਾਂਦੇ ਆਂ । ਹੋਣਾ ਤਾਂ ਇਹ ਚਾਹੀਦੇ ਪਈ ਅਸੀਂ ਇਨਸਾਨਾਂ ਦੀ ਜ਼ਿੰਦਗੀ ਜੀਣ ਲਈ ਲੜੀਏ, ਕੱਠ ਬੰਨ੍ਹ ਕੇ ਉਨ੍ਹਾਂ ਦਾ ਟਾਕਰਾ ਕਰੀਏ । (ਰਤਾ ਠਹਿਰ ਕੇ) ਹਾਂ, ਠੀਕ ਐ, ਅਸੀਂ ਟਾਕਰਾ ਕਰਦੇ ਆਂ ਤੇ ਉਹ ਸਾਨੂੰ ਹੋਰ ਦਬਾਉਣ ਦੇ ਹੀਲੇ ਕਰਦੇ ਨੇ । ਪਰ ਦਾਬੇ ਦਾ ਜਵਾਬ ਕੀ ਐ ? ਜੱਥੇਬੰਦੀ । ਤੇ ਸੰਘਰਸ਼ ।

(ਮੰਡਲੀ ਤਾਲੀਆਂ ਵਜਾਉਂਦੀ ਹੈ । ਜੰਗੀ ਮੰਡਲੀ ਵਿਚ ਸ਼ਾਮਲ ਹੋ ਜਾਂਦਾ ਹੈ । ਸੂਤਰਧਾਰ ਸਾਹਮਣੇ ਆਉਂਦਾ ਹੈ)

ਸੂਤਰਧਾਰ : ਪਰ ਮਾਲਕ ਲੋਕ ਭਾਵੇਂ ਉਹ ਖੇਤਾਂ ਦੇ ਹੋਣ ਭਾਵੇਂ ਕਾਰਖ਼ਾਨਿਆਂ ਦੇ, ਪਿੰਡਾਂ ਦੇ ਹੋਣ ਭਾਵੇਂ ਸ਼ਹਿਰਾਂ ਦੇ

ਲੋਕਾਂ ਦੀ ਜੱਥੇਬੰਦੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ । ਦੇਖੋ, ਰਾਮਰਾਜਪੁਰ ਚ ਕੀ ਹੋ ਰਿਹੈ ?

(ਸੂਤਰਧਾਰ ਲਾਂਭੇ ਹੋ ਜਾਂਦਾ ਹੈ । ਠਾਕਰ ਲਾਠੀ ਤੇ ਟਾਰਚ ਸਮੇਤ ਚੋਰਾਂ ਵਾਂਗ ਪੱਬਾਂ ਭਾਰ ਆਉਂਦਾ ਹੈ । ਸਿੱਧਾ ਖੜ੍ਹ ਕੇ ਇਧਰ-ਉਧਰ ਦੇਖਦਾ ਹੈ ਤੇ ਪਿੱਛੇ ਵਾਲਿਆਂ ਨੂੰ ਅੱਗੇ ਆਉਣ ਦਾ ਇਸ਼ਾਰਾ ਕਰਦਾ ਹੈ । ਪੰਡਤ ਤੇ ਮਹਾਜਨ ਮਿੱਟੀ ਦੇ ਤੇਲ ਦੀਆਂ ਪੀਪੀਆਂ ਚੁੱਕੀ ਆਉਂਦੇ ਹਨ ਤੇ ਪੀਪੀਆਂ ਠਾਕਰ ਕੋਲ ਰਖ ਦਿੰਦੇ ਹਨ)

ਮਾਹਜਨ : ਲਓ ਠਾਕਰ ਸਾਹਬ, ਤੁਹਾਡੇ ਹਵਨ ਦੀ ਸਮੱਗਰੀ ਦਾ ਇੰਤਜ਼ਾਮ ਅਸੀਂ ਕਰ ਦਿੱਤੈ । ਅੱਗੇ ਤੁਸੀਂ ਜਾਣੋ । ਚਾਰ ਕਨੱਸਤਰ ਬਹੁਤੇ ਨੇ ਨਾ ?

ਠਾਕਰ : ਬਥੇਰੇ ਆ । ਆਪਣੇ ਸਾਰੇ ਬੰਦੇ ਮੋਰਚਿਆਂ 'ਚ ਤੈਨਾਤ ਆ ?

ਮਹਾਜਨ : ਇਹ ਤਾਂ ਪੰਡਤ ਜਾਣੇ ।

ਪੰਡਤ : ਚਿੰਤਾ ਨਾ ਕਰੋ । ਤੇਰੇ ਲਠੈਤਾਂ ਨਾਲ ਮੈਂ ਆਪਣੇ ਮੁੰਡੇ ਲਾ 'ਤੇ ਆ । ਇਕ ਵੀ ਸੁੱਕਾ ਨਾ ਜਾਊ ।

ਠਾਕਰ : ਸੋਤਾ ਪੈ ਗਿਆ ?

ਪੰਡਤ : ਸਾਰਾ ਵਿਹੜਾ ਸੁੱਤਾ ਪਿਐ । ਬੜਾ ਸ਼ੁਭ ਮਹੂਰਤ ਐ ।

ਠਾਕਰ : ਤਾਂ ਤੁਸੀਂ ਹਵਨ ਕਰਾਓ । ਮਾਚਸ ਐ ?

ਪੰਡਤ : ਰਾਮ, ਰਾਮ, ਏਨਾ ਵੱਡਾ ਯੱਗ ਹੋਵੇ ਤੇ ਮੈਂ ਮਾਚਿਸ ਭੁੱਲ ਜਾਵਾਂ ? (ਨਿੱਕਰ ਦੀ ਜੇਬ ਵਿੱਚੋਂ ਤੀਲਾਂ ਦੀ ਡੱਬੀ ਕਢ ਕੇ) ਔਹ ਲਓ । (ਮਹਾਜਨ ਨੂੰ) ਲੈ, ਚੁੱਕ ਲਾਲਾ । ਤੂੰ ਸਮੱਗ੍ਰੀ ਪਾ, ਮੈਂ ਮੰਤਰ ਪੜ੍ਹਦਾਂ ।

(ਮਹਾਜਨ ਤੇਲ ਦੀ ਪੀਪੀ ਚੁੱਕ ਕੇ ਘਰਾਂ ਉਤੇ ਛਿੜਕਣ ਦਾ ਅਭਿਨਯ ਕਰਦਾ ਹੈ । ਠਾਕਰ ਪਿਸਤੌਲ ਕਢ ਕੇ ਖੜ੍ਹਾ ਹੋ ਜਾਂਦਾ ਹੈ । ਪੰਡਤ ਥਾਂ-ਪਰ-ਥਾਂ ਖੜ੍ਹਾ ਹੋ ਕੇ ਅੱਗ ਲਾਉਂਦਿਆਂ ਮੰਤਰ ਪੜ੍ਹਦਾ ਹੈ)

ਪੰਡਤ : (ਪਹਿਲੀ ਤੀਲੀ ਬਾਲ ਕੇ) ਓਮ ਜਨਤਾ ਜਨਤਾ ਜਨਤਾ, ਜਨਤਾ ਕੇ ਨਾਮ ਪਰ ਸਵਾਹਾ । (ਦੂਜੀ ਤੀਲੀ ਬਾਲ ਕੇ) ਓਮ ਗਾਂਧੀ ਗਾਂਧੀ ਗਾਂਧੀ ਕੇ ਨਾਮ ਪਰ ਸਵਾਹਾ । (ਤੀਸਰੀ ਤੀਲੀ ਬਾਲ ਕੇ) ਓਮ ਦੇਸ਼ ਦੇਸ਼ ਦੇਸ਼ ਕੇ ਨਾਮ ਪਰ ਸਵਾਹਾ । (ਚੌਥੀ ਤੀਲੀ ਬਾਲ ਕੇ) ਓਮ ਧਰਮ ਧਰਮ ਧਰਮ ਕੇ ਨਾਮ ਪਰ ਸਵਾਹਾ ।

ਮਹਾਜਮ : (ਜਿਵੇਂ ਸਾਹਮਣੇ ਬਲਦੀ ਅੱਗ ਦੀ ਲੂ ਤੋਂ ਬਚ ਰਿਹਾ ਹੋਵੇ) ਲਗ ਗਈ ਪੰਡਤਾ, ਲਗ ਗਈ, ਨੱਠੋ ਨਹੀਂ ਤਾਂ ਫੜੇ ਜਾਵਾਂਗੇ ।

ਠਾਕਰ : ਡਰ ਨਾ ਲਾਲਾ ਨੱਠਣਗੇ ਉਹ, ਅਸੀਂ ਨਹੀਂ । ਅੱਜ ਉਨ੍ਹਾਂ ਨੂੰ ਚੰਗੀ ਤਰ੍ਹਾਂ ਦੱਸ ਦੇਣੈ ਪਈ 'ਸਾਡੇ ਖ਼ਿਲਾਫ਼ ਪਾਰਟੀ ਬੰਨ੍ਹਣ ਨਾਲ ਕੀ ਹੁੰਦੈ ।

ਪੰਡਤ : (ਪੰਜਵੀਂ ਤੀਲੀ ਬਾਲ ਕੇ) ਓਮ ਗਰੀਬੀ ਹਟਾਓ ਕੇ ਨਾਮ ਪਰ ਸਵਾਹਾ ਓਮ ਸਮਾਜਵਾਦ ਲਾਓ ਕੇ ਨਾਮ ਪਰ ਸਵਾਹਾ । ਓਮ ਸ਼ਾਂਤੀ ਸ਼ਾਂਤੀ ਸਾਂਤੀ ਕੇ ਨਾਮ ਪਰ ਸਵਾਹਾ ।

ਮਹਾਜਨ : (ਠਾਕਰ ਨੂੰ) ਓਏ, ਮਾਰ-ਮਾਰ ਠਾਕਰਾ, ਸਾਲੇ ਨੱਠਦੇ ਜਾਂਦੇ ਐ । (ਠਾਕਰ ਪਿਸਤੌਲ ਨਾਲ ਨਿਸ਼ਾਨਾ ਵਿੰਨ੍ਹਦਾ ਹੈ) ਔਹ ਨਿਕਲਿਆ ਜੰਗੀ । ਜੰਗੀ ਨੱਠ ਗਿਆ, ਠਾਕਰ, ਮਾਰ । ਬਚ ਗਿਆ, ਬਚ ਗਿਆ ਠਾਕਰਾ । ਬਸੰਤੀ ਔਹ ਗਈ । (ਠਾਕਰ ਗੋਲੀ ਚਲਾਉਂਦਾ ਹੈ)

ਪੰਡਤ : ਇਹ ਤਾਂ ਗਈ । ਰਮਚੰਨਾ ਸ਼ੈਤ ਅੰਦਰ ਹੀ ਸੜ ਗਿਆ ।

ਠਾਕਰ : ਪਰ ਜੰਗੀ ਤਾਂ ਨਠ ਗਿਆ ।

ਪੰਡਤ : ਇਕ ਬਚ ਗਿਆ ? ਕੋਈ ਗੱਲ ਨਹੀਂ । ਬਾਕੀ ਤਾਂ ਮਾਰੇ ਗਏ ? ਯੱਗ ਸੰਪੂਰਣ ਹੋਇਆ । ਹੁਣ ਕੋਈ ਸਾਲਾ ਸਿਰ ਚੁੱਕਣ ਦੀ ਹਿੰਮਤ ਨਹੀਂ ਕਰੂਗਾ ।

ਮਹਾਜਨ : ਪਰ ਹੁਣ ਚੱਲੋ ਇਥੋਂ । ਹਾਲੇ ਤਕ ਆਪਣੇ ਖ਼ਾਸ ਬੰਦਿਆਂ ਨੂੰ ਵੀ ਇਹ ਪਤਾ ਨਹੀਂ ਪਈ ਇਹ ਕੰਮ ਕੀਹਨੇ ਕੀਤੇ ।

ਡਾਕਰ : ਚਲੋ, ਪਰ ਪੰਡਤਾ, ਉਸ ਕਾਲੇ ਸੱਪ ਨੂੰ ਲੱਭੋ, ਉਹਦਾ ਜੀਉਂਦਿਆਂ ਰਹਿਣਾ ਠੀਕ ਨਹੀਂ ।

ਪੰਡਤ : ਫ਼ਿਕਰ ਮਤ ਕਰੋ । ਚਾਰੋਂ ਤਰਫ਼ ਆਦਮੀ ਮੌਜੂਦ ਹੈਂ । ਬਚ ਕਰ ਕਿਥੇ ਜਾਏਗਾ ? ਚਲੋ ।

(ਤਿੰਨੇ ਚਲੇ ਜਾਂਦੇ ਹਨ । ਸੂਤਰਧਾਰ ਅੱਗੇ ਆਗੇ ਆਉਂਦਾ ਹੈ)

ਸੂਤਰਧਾਰ : (ਥੋਹੜੀ ਦੇਰ ਸਿਰ ਨਿੰਵਾਈ ਚੁੱਪਚਾਪ ਅਫ਼ਸੋਸ ਵਿਚ ਖੜ੍ਹੇ ਰਹਿਣ ਪਿੱਛੋਂ ਹੌਲੀ-ਹੌਲੀ ਸਿਰ ਚੁੱਕ ਕੇ ਗੰਭੀਰ ਸੁਰ ਵਿਚ) ਇਹਨੂੰ ਕਹਿੰਦੇ ਨੇ ਹਰੀਜਨ-ਦਹਨ । ਤੇ ਇਹ ਰਾਮਰਾਜਪੁਰ ਚ ਹੀ ਨਹੀਂ ਹੁੰਦਾ, ਚਾਮਰਾਜਪੁਰ ਚ ਵੀ ਹੁੰਦੈ ਤੇ ਦਾਮਰਾਜਪੁਰ 'ਚ ਵੀ । ਜੰਗੀ ਐਸ ਹੱਲੇ ਤੋਂ ਬਚ ਗਿਆ । ਤੇ ਜੰਗੀ ਕਦੇ ਮਰ ਵੀ ਨਹੀਂ ਸਕਦਾ । ਕਿਉਂਕਿ ਜੰਗੀ ਕੋਈ ਇਕੱਲਾ ਜਣਾ ਨਹੀਂ, ਪੂਰੀ ਇਕ ਜਮਾਤ ਐ । ਜਣੇ ਮਰ ਸਕਦੇ ਐ, ਪਰ ਜਮਾਤ ਨੂੰ ਐਂ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਦਾ । ਤੇ ਏਸ ਉਭਰ ਰਹੀ ਜਮਾਤ ਨੂੰ ਤਾਂ ਹਰਗਿਜ਼ ਹੀ ਨਹੀਂ । ਜੋ ਗਰਕ ਰਹੇ ਪੂੰਜੀਵਾਦੀ ਤੇ ਜ਼ਿਮੀਦਾਰ ਜਮਾਤ ਨੂੰ ਆਖਰੀ ਧੱਕਾ ਦੇਣ ਲਈ ਘੋਲ ਚ ਕੁੱਦ ਪਿਐ । ਪਰ ਭੈਣੋ ਤੇ ਭਰਾਵੋ, ਮੈਂ ਤੁਹਾਥੋਂ ਇੱਕੋ ਸਵਾਲ ਪੁੱਛਦਾਂ ਪਈ ਹਰੀਜਨ-ਦਹਨ ਦਾ ਇਹ ਨਾਟਕ ਤੁਸੀਂ ਆਖ਼ਰ ਕਦੋਂ ਤਕ ਦੇਖਦੇ ਸੁਣਦੇ ਰਹੋਗੇ ? ਕੀ ਤੁਹਾਡਾ ਇਹ ਫ਼ਰਜ਼ ਨਹੀਂ ਬਣਦਾ ਪਈ ਇਸ ਨਿਆਂ ਤੇ ਅਨਿਆਂ ਦੀ ਟੱਕਰ ਵਿਚ ਤੁਸੀਂ ਨਿਆਂ ਵਾਲੇ ਪਾਸੇ ਦੀ ਧਿਰ ਬਣ ਕੇ ਲੜਨ ਲਈ ਉੱਠੋਂ ? ਇਹ ਸਵਾਲ ਮੈਂ ਤੁਹਾਡੇ ਕੋਲੋਂ ਪੁੱਛਦਾ । ਤੁਹਾਡੇ ਕੋਲੋਂ ਵੀ । ਤੇ ਤੁਹਾਡੇ ਕੋਲੋਂ ਵੀ ।

[ਅਨੁ: ਅਮਰਜੀਤ ਚੰਦਨ]


ਸ਼ਹੀਦ ਭਗਤ ਸਿੰਘ ਦਾ ਫਾਂਸੀ ਦੇ ਤਖ਼ਤੇ ਤੋਂ ਲਿਖਿਆ ਲੇਖ

## ਮੈਂ ਨਾਸਤਕ ਕਿਉਂ ?

**

ਮੁੱਲ – 1 ਰੁਪਿਆ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

## ਬੇੜੀਆਂ ਤੇ ਬਾਦਬਾਨ

ਪੰਦਰਾਂ ਪ੍ਰਮੁਖ ਨੌਜਵਾਨ ਪੀੜ੍ਹੀ ਦੇ ਕਵੀਆਂ ਦਾ ਸੰਗ੍ਰਹਿ ਜਿਸ ਨੂੰ ਪਰਮਿੰਦਰਜੀਤ ਅਤੇ ਸ਼ਹਰਯਾਰ ਨੇ ਸੰਪਾਦਤ ਕੀਤਾ । ਇਸ ਨੂੰ ਪੰਜਾਬੀ ਕਵਿਤਾ ਦਾ ਮੀਲ ਪੱਥਰ ਕਿਹਾ ਜਾ ਸਕਦਾ ਹੈ ।

ਸਫ਼ੇ 96 – ਮੁੱਲ 3 ਰੁਪਏ

# ਪ੍ਰੇਮਚੰਦ : ਲੋਕ ਸਭਿਆਚਾਰ ਦੀ ਵਿਰਾਸਤ

ਚਮਨ ਲਾਲ

ਜੇਦ ਅਸੀਂ ਕਿਸੇ ਵੀ ਮਹਾਮ ਵਿਚਾਰਕ ਜਾਂ ਕਲਾਕਾਰਾ ਨੂੰ ਯਾਦ ਕਰਦੇ ਹਾਂ, ਸਤਿਕਾਰਦੇ ਹਾਂ ਤਾਂ ਉਸਦੇ ਵਿਚਾਰਾਂ ਤੇ ਕਲਾ ਨੂੰ ਇਤਿਹਾਸਕ ਤੇ ਸਮਕਾਲੀ ਪ੍ਰਸੰਗ ਵਿਚ ਉਸਦਾ ਮੁੱਲ ਅੰਕਣ ਕਰ ਕੇ ਹੀ ਉਸਦਾ ਸੱਚਾ ਸਤਿਕਾਰ ਕਰਦੇ ਹਾਂ। ਪ੍ਰੇਮਚੰਦ ਦਾ ਸੱਚਾ ਸਤਿਕਾਰ ਵੀ ਆਲੋਚਨਾਤਮਕ ਤਰੀਕੇ ਨਾਲ ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਰਾਹੀਂ, ਉਨ੍ਹਾਂ ਦੇ ਗ਼ਲਤ ਵਿਚਾਰਾਂ ਨੂੰ ਰੱਦ ਕਰਕੇ ਤੇ ਉਨ੍ਹਾਂ ਦੀ ਸਮਾਜੀ ਹਕੀਕਤ ਨੂੰ ਯਥਾਰਥ ਰੂਪ ਵਿਚ ਪੇਸ਼ ਕਰਨ ਦੀ ਉਨ੍ਹਾਂ ਦੀ ਯੋਗਤਾ ਤੇ ਸ਼ਕਤੀ ਨੂੰ ਸਲਾਹੁਦਿਆਂ ਤੇ ਉਸ ਤੋਂ ਸਿੱਖਦਿਆ ਹੀ ਕੀਤਾ ਜਾ ਸਕਦਾ ਹੈ। ਪ੍ਰੇਮਚੰਦ ਹਮੇਸ਼ਾ ਵਿਕਾਸ ਕਰਦੇ ਰਹੇ ਤੇ ਆਪਣੇ ਭਰਮਾਂ ਨੂੰ ਤਿਆਗ ਕੇ ਯਥਾਰਥ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਰਹੇ, ਪਰ ਫਿਰ ਵੀ ਉਨ੍ਹਾਂ ਦੇ ਸਭ ਤੋਂ ਮਹੱਵਪੂਰਣ ਆਖਰੀ ਲੇਖ, 'ਸਾਹਿਤਕਾਰ ਦਾ ਉਦੇਸ਼' ਜੋ ਉਨ੍ਹਾਂ ਲਖਨਊ ਵਿਚ 1936 ਵਿਚ ਪਹਿਲੇ ਪ੍ਰਗਤੀਸ਼ੀਲ ਲੇਖਕ ਸੰਘ ਦੀ ਪ੍ਰਧਾਨਗੀ ਕਰਦਿਆਂ ਪੜ੍ਹਿਆ ਸੀ, ਵਿਚ ਵੀ ਅਜਿਹੀਆਂ ਧਾਰਣਾਵਾਂ ਦੇਖੀਆਂ ਜਾ ਸਕਦੀਆਂ ਹਨ, ਜੋ ਉਨ੍ਹਾਂ ਦੇ ਭਰਮਾਂ ਨੂੰ ਉਘਾੜਦੀਆਂ ਹਨ। ਮਿਸਾਲ ਦੇ ਤੌਰ ਤੇ ਉਨ੍ਹਾਂ ਦਾ ਇਹ ਕਹਿਣਾ ਕਿ 'ਸਾਹਿਤਕਾਰ ਸੁਭਾ ਪੱਖੋਂ ਹੀ ਪ੍ਰਗਤੀਸ਼ੀਲ ਹੁੰਦਾ ਹੈ' ਆਦਰਸ਼ਵਾਦੀ ਭਰਮ ਦਾ ਹੀ ਸਿੱਟ ਹੈ। ਸੁਭਾ ਪੱਖੋਂ ਲੇਖਕ ਤਾਂ ਕੀ, ਕੋਈ ਵੀ ਆਦਮੀ ਨਾ ਪ੍ਰਗਤੀਸ਼ੀਲ ਹੁੰਦਾ ਹੈ ਨਾ ਪ੍ਰਤੀਕ੍ਰਿਆਵਾਦੀ। ਉਸ ਦੀ ਜ਼ਿੰਦਗੀ ਵਿਚ ਚੇਤੰਨ ਕ੍ਰਿਆ ਹੀ ਉਸ ਨੂੰ ਪ੍ਰਗਤੀਸ਼ੀਲ ਜਾਂ ਪ੍ਰਤਿਕ੍ਰਿਆਵਾਦੀ ਬਣਾਉਦੀ ਹੈ। ਏਥੋਂ ਤੱਕ ਕਿ ਸਮਾਜ ਦੀ ਸਭ ਤੋਂ ਵੱਧ ਇਨਕਲਾਬੀ ਜਮਾਤ, ਮਜ਼ਦੂਰ ਜਮਾਤ ਵੀ ਸੁਭਾ ਪੱਖੋਂ ਪ੍ਰਗਤੀਸ਼ੀਲ ਨਹੀਂ, ਸਗੋਂ ਚੇਤੰਨ ਹੋ ਕੇ ਪ੍ਰਗਤੀਸ਼ੀਲ ਹੁੰਦੀ ਹੈ।

ਬਨਾਰਸ ਨੇੜੇ ਲਮਹੀ ਨਾਂ ਦੇ ਪਿੰਡ ਵਿਚ 31 ਜੁਲਾਈ 1380 ਨੂੰ ਜਨਮੇ ਪ੍ਰੇਗਚੰਦ ਨੂੰ ਬਚਪਨ ਵਿੱਚ ਵਿਦਿਆ ਪ੍ਰਾਪਤੀ ਲਈ ਕਾਫੀ ਸੰਘਰਸ਼ ਕਰਨਾ ਪਿਆ ਸੀ। ਉਸ ਦੇ ਪਿਤਾ ਰਾਏ ਡਾਕਖਾਨੇ ਵਿੱਚ ਮੁਨਸ਼ੀ ਸਨ। ਮਗਰੋਂ ਵੀ ਮੰਦ ਹਾਲੀ ਤੇ ਸਵੈ-ਮਾਣ ਦੀ ਰੱਖਿਆ ਲਈ ਉਨ੍ਹਾਂ ਸਾਰੀ ਜ਼ਿੰਦਗੀ ਸੰਘਰਸ਼ ਕੀਤਾ। ਕੌਮੀ ਚੇਤਨਾ ਅਤੇ ਸਵੈ-ਮਾਣ ਦੀ ਭਾਵਨਾ ਤੋਂ ਸ਼ੁਰੂ ਕਰਕੇ ਪ੍ਰੇਮਚੰਦ ਨੇ ਸਮਾਜ ਨੂੰ ਖਾਸ ਕਰਕੇ ਪੇਂਡੂ ਸਮਾਜ ਅਤੇ ਕਿਰਸਾਣੀ ਦੀ ਗਲਤ ਨੂੰ ਉਸਦੇ ਬਹੁਪੱਖੀ ਰੂਪਾਂ ਵਿਚ ਦੇਖਿਆ ਅਤੇ ਸਮਝਿਆ ਅਤੇ ਆਪਣੇ ਨਾਵਲਾਂ, ਕਹਾਣੀਆਂ ਤੇ ਲੇਖਾਂ ਵਿਚ ਕਿਰਸਾਣੀ ਦੀ ਲੁੱਟ-ਖਸੁੱਟ ਦੀ ਪੂਰੀ ਪ੍ਰਕ੍ਰਿਆ ਨੂੰ ਪੂਰੀ ਕਲਾਤਮਕ ਸ਼ਿੱਦਤ ਨਾਲ ਉਘਾੜਿਆ। 'ਪ੍ਰੇਮਾਸ਼ਰਮ', 'ਕਰਮਭੂਮੀ' ਅਤੇ 'ਗੋਦਾਨ' ਉਸਦੇ ਪੇਂਡੂ ਜ਼ਿੰਦਗੀ ਤੇ ਛੋਟੇ ਕਿਰਸਾਣ ਦੀ ਆਰਥਕ, ਸਮਾਜਕ ਤੇ ਸਭਿਅਚਾਰਕ ਲੁਟ ਨੂੰ ਉਘਾੜਨ ਵਾਲੇ ਉਨ੍ਹਾਂ ਦੇ ਮੁੱਖ ਨਾਵਲ ਹਨ। ਏਨ੍ਹਾਂ ਵਿਚੋਂ 'ਗੋਦਾਨ' ਤਾਂ ਭਾਰਤੀ ਸਾਹਿਤ ਦਾ ਕਲਾਸਿਕੀ ਦਰਜਾ ਧਾਰਣ ਕਰ ਗਿਆ ਹੈ ਅਤੇ ਹਿੰਦੁਸਤਾਨ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਅਤੇ ਦੁਨੀਆ ਦੀਆਂ ਮੁੱਖ ਭਾਸ਼ਾਵਾ ਵਿਚ ਇਸ ਦਾ ਅਨੁਵਾਦ ਵੀ ਹੋ ਚੁੱਕਿਆ ਹੈ। 1936 ਵਿਚ ਛਪਿਆਂ 'ਗੋਦਾਨ' ਨਾਵਲ ਹਿੰਦੁਸਤਾਨੀ ਸਮਾਜ ਦੀ ਬਸਤੀਵਾਦੀ ਤੇ ਜਗੀਰੂ ਲੁੱਟ ਦੀ ਹਕੀਕਤ ਨੂੰ ਯਥਾਰਥ ਰੂਪ ਵਿਚ ਪੇਸ਼ ਕਰਦਾ ਹੈ। ਇਸ ਤੋਂ ਪਹਿਲਾਂ ਪ੍ਰੇਮਚੰਦ ਸਮਾਜ ਦੇ ਯਥਾਰਥ ਨੂੰ ਆਦਰਸ਼ਵਾਦ ਅਤੇ ਗਾਂਧੀਵਾਦ ਦੀ ਪਾਣ ਚੜ੍ਹਾ ਕੇ ਧੁੰਦਲਾ ਕਰਕੇ ਪੇਸ਼ ਕਰਦੇ ਸਨ। ਪਰ 'ਗੋਦਾਨ' ਤਕ ਆਉਂਦਿਆਂ ਉਨ੍ਹਾਂ ਦੇ ਆਦਰਸ਼ਵਾਦੀ ਤੇ ਗਾਂਧੀਵਾਦੀ ਭਰਮ ਜੇ ਪੂਰੀ ਤਰ੍ਹਾਂ ਨਹੀਂ ਤਾਂ ਕਾਫ਼ੀ ਹੱਦ ਤੱਕ ਟੁੱਟ ਗਏ ਸਨ ਅਤੇ ਹੁਣ ਮਹਾਜਨੀ ਸਭਿਅਤਾ ਦੇ ਪੂਰੇ ਅਤਿਆਚਾਰ ਉਨ੍ਹਾਂ ਸਾਹਮਣੇ ਸਪਸ਼ਟ ਉੱਘੜ ਰਹੇ ਸਨ। 'ਗੋਦਾਨ' ਦਾ ਨਾਇਕ ਹੋਰੀ ਭਾਰਤੀ ਛੋਟੀ ਕਿਰਸਾਣੀ ਦਾ ਪ੍ਰਤੀਨਿਧ ਪਾਤਰ ਹੈ, ਜੋ ਆਰਥਕ ਲੁਟ ਹਥੋਂ ਬਰਬਾਦ ਹੋ ਕੇ ਖੇਤ ਮਜ਼ਦੂਰ ਬਣਦਾ ਹੈ ਅਤੇ ਉਸੇ ਸੰਘਰਸ਼ ਵਿਚ ਦਮ ਤੋੜ ਦਿੰਦਾ ਹੈ। ਏਸ ਲੋਕ-ਵਿਰੋਧੀ ਜੀਗੀਰੂ ਢਾਚੇ ਤੇ ਕਰੜਾ ਵਿਅੰਗ ਕਰਦਿਆਂ ਪ੍ਰੇਮਚੰਦ ਨੇ ਇਸ ਦੇ ਸਭਿਆਚਾਰ ਤੇ ਥੋਥ ਨੂੰ ਵੀ ਹੋਰੀ ਦੀ

ਪਤਨੀ ਧਨੀਆ ਵਲੋਂ ਪੰਡਿਤ ਹੱਥੀ ਸਵਾ ਰੁਪੈ ਦੇ 'ਗੋਦਾਨ' ਰਾਹੀਂ, ਜੋ ਉਸੇ ਦਿਨ ਉਸਨੇ ਸੂਤਲੀ ਕੱਤ ਕੇ ਕਮਾਇਆ ਹੈ, ਬੇਰਹਿਮੀ ਨਾਲ ਨੰਗਾ ਕੀਤਾ ਹੈ। 'ਗੋਦਾਨ' ਦੇ ਹੀ ਸ਼ਹਿਰੀ ਜੀਵਨ ਦੇ ਪ੍ਰਸੰਗ ਵਿਚ ਪੂੰਜੀਪਤੀਆਂ ਹੱਥੋਂ ਮਜ਼ਦੂਰਾਂ ਦੀ ਬੇਰਹਿਮ ਲੁੱਟ ਨੂੰ ਵੀ ਉਘਾੜਿਆ ਹੈ ਅਤੇ ਹੋਰੀ ਦੇ ਪੁੱਤਰ ਗੋਬਰ ਦੇ ਰੂਪ ਵਿਚ ਬਾਗੀ ਮਜ਼ਦੂਰ ਦਾ ਖ਼ਾਕਾ ਉਘਾੜਿਆ ਹੈ, ਪਰ ਮਜ਼ਦੂਰ ਜਮਾਤ ਨੂੰ ਅਗਵਾਈ ਦੇਣ ਵਾਲੀ ਸੱਚੀ ਮਜ਼ਦੂਰ ਪਾਰਟੀ ਦੀ ਅਣਹੋਂਦ ਵਿਚ ਮੈਂਬਰ ਦਾ ਲੰਪਨ ਬਣਨਾ ਵੀ ਉਸ ਸਮੇਂ ਦੀ ਹਕੀਕਤ ਨੂੰ ਹੀ ਯਥਾਰਥ ਰੂਪ ਵਿਚ ਪੇਸ਼ ਕਰਨਾ ਹੈ।

'ਸੇਵਾਸਦਨ' 'ਗਬਨ' ਅਤ 'ਮੰਗਲਸੂਤਰ' (ਅਧੂਰਾ) ਆਦਿ ਨਾਵਲਾਂ ਵਿਚ ਪ੍ਰੇਮਚੰਦ ਨੇ ਮੱਧ ਵਰਗ ਦੀਆਂ ਸਮੱਸਿਆਵਾਂ ਨੂੰ ਉਘਾੜਿਆ ਹੈ। 'ਸੇਵਾਸਦਾਨ' ਵਿਚ ਵੇਸ਼ਵਾ ਸਮਸਿੱਆ ਅਤੇ ਉਸਦਾ ਆਦਰਸ਼ਵਾਦੀ ਹੱਲ ਪੇਸ਼ ਕੀਤਾ ਹੈ। 'ਗਬਨ' ਵਿਚ ਗਹਿਣਿਆਂ ਦੀ ਭਾਰਤੀ ਔਰਤ ਦੀ ਚਾਹ ਅਤੇ ਉਸ ਕਰਕੇ ਜਾਲਪਾ ਦੇ ਪਤੀ ਵਲੋਂ ਕੀਤੇ ਬੈਂਕ ਵਿਚੋਂ ਗਬਨ ਦੀ ਹਾਲਤ ਵਿਚੋਂ ਲੰਘਦਿਆਂ ਕੌਮੀ ਲਹਿਰ ਬਾਰੇ ਵੀ ਪ੍ਰੇਮਚੰਦ ਨੇ ਆਪਣੇ ਪਾਤਰਾਂ ਰਾਹੀਂ ਚਰਚਾ ਕਰਵਾਈ ਹੈ। 'ਮੰਗਲਸੂਤਰ' ਉਨ੍ਹਾਂ ਦਾ 'ਗੋਦਾਨ' ਤੋਂ ਬਾਦ ਲਿਖਿਆ ਜਾ ਰਿਹਾ ਸਵੈ-ਜੀਵਨੀ ਰੂਪੀ ਨਾਵਲ ਸੀ, ਜੋ ਉਨ੍ਹਾਂ ਦੀ ਕੁਵੇਲੀ ਮੌਤ ਕਾਰਣ ਅਧੂਰਾ ਰਹਿ ਗਿਆ, ਪਰ ਇਸ ਅਧੂਰੇ ਛਪੇ ਨਾਵਲ ਉਨ੍ਹਾਂ ਦੀ ਯਥਾਰਥਵਾਦੀ ਦ੍ਰਿਸ਼ਟੀ 'ਗੋਦਾਨ' ਨਾਲੋਂ ਵੀ ਵੱਧ ਸਪਸ਼ਟ ਰੂਪ ਵਿਚ ਉਘੜਦੀ ਨਜ਼ਰ ਆਉਂਦੀ ਹੈ। 'ਮੰਗਲਸੂਤਰ' ਦਾ ਵਿਸ਼ਾ ਇਕ ਲੇਖਕ ਦੀ ਜ਼ਿੰਦਗੀ ਤੇ ਉਸ ਦੀ ਸਮਾਜੀ ਭੂਮਕਾ ਹੈ।

ਪ੍ਰੇਮਚੰਦ ਨੇ 300 ਦੇ ਕਰੀਬ ਕਹਾਣੀਆਂ ਲਿਖੀਆਂ, ਜਿਨ੍ਹਾਂ ਵਿਚੋਂ ਕੁਝ ਕਹਾਣੀਆਂ 'ਕਫਨ' 'ਪੂਸ ਦੀ ਰਾਤ' ਆਦਿ ਤਾਂ ਕਲਾਸਿਕੀ ਕਹਾਣੀਆਂ ਸਮਝੀਆਂ ਜਾਣ ਲੱਗੀਆਂ ਹਨ। 'ਕਫਨ' ਉਨ੍ਹਾਂ ਦੀ ਬਹੁਤ ਹੀ ਤਿੱਖੀ ਵਿਅੰਗ ਰਚਨਾ ਹੈ, ਜਿਸ ਵਿਚ ਬੇਕਾਰੀ ਹੱਥੋਂ ਤੰਗ ਹੋਏ ਪਿਉ ਪੁੱਤ ਚੇਤਨਾ ਦੀ ਪੱਧਰ ਤੇ ਜਾ ਕੇ ਪੂਰੇ ਆਲਸੀ ਬਣ ਗਏ ਹਨ ਤੇ ਪਰ ਜ਼ੀਵੀ ਹੋਣ ਦੀ ਏਸ ਅਣਮਨੁੱਖੀ ਹੱਦ ਤੱਕ ਪਹੁੰਚ ਗਏ ਹਨ ਕਿ ਘਰ ਦੀ ਔਰਤ ਮਰ ਜਾਣ ਤੇ ਉਸਦੇ ਕਫਨ ਲਈ ਕੱਠਾ ਕੀਤਾ ਚੰਦਾ ਵੀ ਸ਼ਰਾਬ ਤੇ ਮੱਛੀ ਵਿਚ ਉੜਾ ਦਿੰਦੇ ਹਨ। 'ਪੂਸ ਕੀ ਰਾਤ' ਵਿਚ ਵੀ ਕਿਰਸਾਣ ਟਿੱਡੀ ਦਲ ਹੱਥੋਂ ਆਪਣੀ ਫਸਲ ਗੁਆ ਕੇ ਵੀ ਬੁਲ੍ਹੇਸ਼ਾਹੀ ਅੰਦਾਜ਼ ਵਿਚ 'ਖੁਸ਼' ਹੈ ਕਿ ਹੁਣ 'ਰਾਤਾਂ ਨੂੰ ਜਾਗਦਿਆਂ ਪਾਲੇ ਤਾਂ ਨਾ ਮਰਣਾ ਪਊ'। 'ਠਾਕੁਰ ਦਾ ਕੂਆ' ਪੰਜਾਹ ਵਰ੍ਹੇ ਪੁਰਾਣੀ ਕਹਾਣੀ ਹੋ ਕੇ ਵੀ ਏਨੀਂ ਹਕੀਕੀ ਹੈ, ਜਿਨੀਂ ਅੱਜ ਦੀ ਕਹਾਣੀ। ਪਿੰਡ ਵਿਚ ਕਿਵੇਂ ਹਰੀਜਨਾਂ ਨੂੰ ਉਚੀਆਂ ਜਾਤਾਂ ਦੇ ਖੂਹ ਤੋਂ ਪਾਣੀ ਲੈਣਾ ਮਨਾ ਹੈ ਤੇ ਬੀਮਾਰ ਬੰਦਾ ਕਿਵੇਂ ਤਿਰਹਾਇਆ ਗੰਦਾ ਪਾਣੀ ਪੀ ਕੇ ਹੀ ਗੁਜ਼ਾਰਾ ਕਰਦਾ ਹੈ, ਏਸ ਕੌੜੀ ਹਕੀਕਤ ਨੂੰ ਪ੍ਰੇਮਚੰਦ ਨੇ ਬਹੁਤ ਸਾਦਗੀ ਨਾਲ ਹੀ ਪੇਸ਼ ਕਰ ਦਿੱਤਾ ਹੈ।

'ਮਹਾਜਨੀ ਸਭਿਅਤਾ' ਅਤੇ 'ਸਾਹਿਤਕਾਰ ਦਾ ਉਦੇਸ਼' ਆਦਿ ਆਪਣੇ ਲੇਖਾਂ ਵਿਚ ਪ੍ਰੇਮਚੰਦ ਨੇ ਆਪਣੇ ਵੇਲੇ ਦੀ ਸਮਾਜਕ ਹਾਲਤ ਨੂੰ ਕੁਤੜਣ ਨਾਲ ਉਘਾੜਿਆ ਹੈ ਅਤੇ ਨਾਲ ਹੀ ਸਾਹਿਤਕਾਰ ਨੂੰ ਆਪਣਾ ਸਮਾਜਕ ਫਰਜ਼ ਵੀ ਚੇਤੇ ਕਰਵਾਇਆ ਹੈ।

1936 ਦਾ ਵਰ੍ਹਾ ਅਜਿਹਾ ਸੀ, ਜਿਸ ਵਿਚ ਦੁਨੀਆ ਦੇ ਤਿੰਨ ਵੱਡੇ ਦੇਸ਼ਾ ਦੇ ਤਿੰਨ ਪ੍ਰਤੀਨਿਧ ਤੇ ਮਹਾਨ ਲੇਖਕ ਕਾਲ ਦਾ ਸ਼ਿਕਾਰ ਹੋਏ। ਰੂਸ ਵਿਚ ਗੋਰਕੀ ਚਲ ਵਸੇ, ਚੀਨ ਵਿਚ ਲੂ-ਸੁਨ ਤੇ ਹਿੰਦੋਸਤਾਨ ਵਿਚ 19 ਅਕਤੂਬਰ 1936 ਨੂੰ ਪ੍ਰੇਮਚੰਦ ਵੀ ਕੁਲ 54 ਵਰ੍ਹਿਆਂ ਦੀ ਉਮਰ ਵਿਚ ਉਸ ਵੇਲੇ ਚਲ ਵਸੇ, ਜਿਸ ਵੇਲੇ ਉਨ੍ਹਾਂ ਦੀ ਚੇਤਨਾ ਭਰਮਾਂ ਤੋਂ ਮੁਕਤ ਹੋ ਚੁੱਕੀ ਸੀ ਤੇ ਬਹੁਤ ਹੀ ਉੱਚ ਪੱਧਰ ਦੀਆਂ ਰਚਨਾਵਾਂ ਉਹ ਰਚ ਰਹੇ ਸਨ।

ਪਰ ਪ੍ਰੇਮਚੰਦ ਨੂੰ ਉਸਦੇ ਸ਼ਤਾਬਦੀ ਵਰ੍ਹੇ ਵਿਚ ਯਾਦ ਕਰਦਿਆਂ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਭਗਤ ਸਿੰਘ ਜਾਂ ਪ੍ਰੇਮਚੰਦ ਵਰਗੀਆਂ ਸ਼ਖਸ਼ੀਅਤਾਂ ਨੂੰ ਏਥੋਂ ਦੀਆਂ ਲੁਟੇਰੀਆਂ ਜਮਾਤਾਂ ਆਪਣਾ ਬਣਾ ਕੇ 'ਹੀਰੋ' ਰੂਪ ਵਿਚ ਇਸ ਤਰ੍ਹਾਂ ਪੇਸ਼ ਕਰਦੀਆਂ ਹਨ ਕਿ ਉਨ੍ਹਾਂ ਦੇ ਵਿਚਾਰਾਂ ਦੇ ਸਾਰ ਤੱਤ ਵੱਲ ਧਿਆਨ ਨਾ ਜਾ ਕੇ ਉਨ੍ਹਾਂ ਨੂੰ ਇਕ ਵਿਅਕਤੀ ਦੀ ਮੂਰਤ ਵਾਂਗ ਸਜਾ ਦਿੱਤਾ ਜਾਵੇ। ਹਿੰਦੋਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ ਪ੍ਰੇਮਚੰਦ ਸ਼ਤਾਬਦੀ ਵਰ੍ਹੇ ਤੇ ਸਰਕਾਰੀ ਸੰਸਥਾਵਾਂ ਤੇ ਸਰਕਾਰੀ 'ਇਨਕਲਾਬੀ' ਸੰਸਥਾਵਾਂ (ਆਲ ਇੰਡੀਆ ਪੀਸ ਐਂਡ ਸੌਲਿਡੈਰਟੀ ਆਰਗੇਨਾਈਜ਼ੇਸ਼ਨ ਆਦਿ) ਵਲੋਂ ਬੜੇ ਜ਼ੋਰਾਂ ਸ਼ੋਰਾਂ ਨਾਲ 'ਵਿਸ਼ਵ' ਪੱਧਰ ਦੇ ਪ੍ਰੇਮਚੰਦ ਸਮਾਰੋਹ ਮਨਾਏ ਗਏ ਹਨ, ਜਿਨ੍ਹਾਂ ਵਿਚ ਪ੍ਰੇਮਚੰਦ ਨੂੰ ਇਜੀਪਟ ਦੀ 'ਮਮੀ' ਵਾਂਗ ਪੇਸ਼ ਕੀਤਾ ਹੈ।

# ਮਹਾਜਨੀ ਸਭਿਅਤਾ

ਪ੍ਰੇਮ ਚੰਦ

[ਪ੍ਰੇਮ ਚੰਦ ਦਾ ਜੂਨ 1936 ਵਿਚ ਲਿਖਿਆ ਇਹ ਅੰਤਮ ਮਹੱਤਵਪੂਰਨ ਲੇਖ ਸੀ । ਇਸਨੂੰ ਅਲੋਚਨਾਤਮਕ ਦ੍ਰਿਸ਼ਟੀ ਤੋਂ ਪੜ੍ਹਿਆ ਜਾਣਾ ਚਾਹੀਦਾ ਹੈ । ਇਸ ਲੇਖ ਦੇ ਆਰੰਭ ਵਿਚ ਉਨ੍ਹਾਂ ਵਲੋਂ ਜਾਗੀਰੂ ਢਾਂਚੇ ਦੀ ਕੀਤੀ ਗਈ ਪ੍ਰਸ਼ੰਸਾ ਉਨ੍ਹਾਂ ਦੀ ਸੂਝ ਬਾਰੇ ਆਦਰਸ਼ਵਾਦੀ ਅਤੇ ਗਲਤ ਸੋਚ ਦਾ ਸਿੱਟਾ ਹੈ । ਮਹਾਜਨੀ ਸਭਿਅਤਾ ਦੀ ਬੇਰਹਿਮੀ ਦਾ ਉਨ੍ਹਾਂ ਦਾ ਚਿੱਤ੍ਰਣ ਹਕੀਕੀ ਅਤੇ ਵਿਅਕਤੀਗਤ ਅਨੁਭਵ ਦਾ ਸਿੱਟਾ ਹੈ । ਰੂਸ ਵਿਚ ਉਸਰ ਰਹੀ ਸਮਾਜਵਾਦੀ ਸਭਿਆਚਾਰ ਬਾਰੇ ਉਨ੍ਹਾਂ ਦੀ ਘੱਟ ਜਾਣਕਾਰੀ, ਜਜ਼ਬਾਤੀ ਪਹੁੰਚ ਅਤੇ ਆਦਰਸ਼ ਮੁਖੀ ਸੋਚ ਦਾ ਪਤਾ ਚਲਦਾ ਹੈ]

ਜਾਗੀਰਦਾਰੀ ਸਭਿਅਤਾ ਵਿਚ ਤਾਕਤਵਰ ਬਾਹਵਾਂ ਅਤੇ ਮਜ਼ਬੂਤ ਕਲੇਜਾ ਜ਼ਿੰਦਗੀ ਦੀਆਂ ਲੋੜਾਂ ਵਿਚ ਗਿਣੇ ਜਾਂਦੇ ਸਨ, ਅਤੇ ਸਾਮਰਾਜਵਾਦ ਵਿਚ ਬੁੱਧੀ ਅਤੇ ਬੋਲਣ ਦੇ ਗੁਣ ਅਤੇ ਚੁਪ ਚਾਪ ਹੁਕਮ ਮੰਨਣਾ ਉਸ ਦੇ ਜ਼ਰੂਰੀ ਸਾਧਨ ਸਨ, ਪਰ ਉਨ੍ਹਾਂ ਦੋਵਾਂ ਹਾਲਤਾਂ ਵਿਚ ਦੋਸ਼ਾਂ ਦੇ ਨਾਲ ਕੁਝ ਗੁਣ ਵੀ ਸਨ । ਮਨੁੱਖ ਦੇ ਚੰਗੇ ਜਜ਼ਬੇ ਖ਼ਤਮ ਨਹੀਂ ਹੋਏ ਸਨ । ਜਗੀਰਦਾਰ ਦੁਸ਼ਮਣ ਦੇ ਖ਼ੂਨ ਨਾਲ ਆਪਣੀ ਪਿਆਸ ਬੁਝਾਉਂਦਾ ਸੀ ਤਾਂ ਅਕਸਰ ਆਪਣੇ ਕਿਸੇ ਮਿੱਤਰ, ਜਾਂ ਉਪਕਾਰੀ ਲਈ ਜਾਨ ਦੀ ਬਾਜ਼ੀ ਵੀ ਲਾ ਦਿੰਦਾ ਸੀ । ਬਾਦਸ਼ਾਹ ਜੇ ਆਪਣੇ ਹੁਕਮ ਨੂੰ ਕਾਨੂੰਨ ਸਮਝਦਾ ਸੀ ਅਤੇ ਉਸਦੀ ਉਦੂਲੀ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰ ਸਕਦਾ ਸੀ, ਤਾਂ ਪਰਜਾ ਪਾਲਨ ਵੀ ਕਰਦਾ ਸੀ, ਨਿਆਂਸ਼ੀਲ ਵੀ ਹੁੰਦਾ ਸੀ । ਦੂਸਰੇ ਦੇ ਮੁਲਕ ਤੇ ਚੜ੍ਹਾਈ ਜਾਂ ਤਾਂ ਕਿਸੇ ਅਪਮਾਨ-ਦੁਰਕਾਰ ਦਾ ਬਦਲਾ ਲੈਣ ਲਈ ਕਰਦਾ ਸੀ ਜਾਂ ਆਪਣੀ ਆਣ-ਬਾਣ, ਰੋਬਦਾਬ ਕਾਇਮ ਰੱਖਣ ਲਈ ਜਾਂ ਫੇਰ ਮੁਲਕ ਫਤਹਿ ਅਤੇ ਰਾਜ ਵਿਸਥਾਰ ਦੀ ਬਹਾਦਰਾਨਾ ਵੱਡੀ ਇੱਛਾ ਨਾਲ ਪ੍ਰੇਰਤ ਹੁੰਦਾ ਸੀ । ਉਸਦੀ ਜਿੱਤ ਦਾ ਉਦੇਸ਼ ਜਨਤਾ ਦਾ ਖ਼ੂਨ ਚੂਸਣਾ-ਹਰਗਿਜ਼ ਨਹੀਂ ਹੁੰਦਾ ਸੀ । ਕਾਰਨ ਇਹ ਹੈ ਕਿ ਰਾਜਾ ਅਤੇ ਬਾਦਸ਼ਾਹ ਆਮ ਲੋਕਾਂ ਨੂੰ ਸੁਆਰਥ-ਸਾਧਨ ਅਤੇ ਧਨ ਲੁੱਟਣ ਦੀ ਭੱਠੀ ਦਾ ਬਾਲਣ ਨਹੀਂ ਸਮਝਦੇ ਸਨ, ਸਗੋਂ ਉਨ੍ਹਾਂ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਸਨ ਅਤੇ ਉਨ੍ਹਾਂ ਦੇ ਗੁਣਾਂ ਦੀ ਕਦਰ ਕਰਦੇ ਸਨ । ( ? )

ਪਰ ਏਸ ਮਹਾਜਨੀ ਸਭਿਅਤਾ ਵਿਚ ਸਾਰੇ ਕੰਮਾਂ ਦੀ ਗਰਜ਼ ਮਹਿਜ਼ ਪੈਸਾ ਹੁੰਦਾ ਹੈ । ਕਿਸੇ ਮੁਲਕ ਤੇ ਰਾਜ ਕੀਤਾ ਜਾਂਦਾ ਹੈ ਤਾਂ ਏਸ ਲਈ ਕਿ ਮਹਾਜਨਾਂ-ਪੂੰਜੀਪਤੀਆਂ ਨੂੰ ਵੱਧ ਤੋਂ ਵੱਧ ਮੁਨਾਫਾ ਹੋਵੇ । ਏਸ ਦ੍ਰਿਸ਼ਟੀ ਤੋਂ ਤਾਂ ਅਜ ਦੁਨੀਆਂ ਵਿਚ ਮਹਾਜਨਾਂ ਦਾ ਹੀ ਰਾਜ ਹੈ । ਮਨੁੱਖੀ ਸਮਾਜ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ । ਵੱਡਾ ਹਿੱਸਾ ਤਾਂ ਮਰਨ ਅਤੇ ਖਪਣ ਵਾਲਿਆਂ ਦਾ ਹੈ, ਅਤੇ ਬਹੁਤ ਹੀ ਛੋਟਾ ਹਿੱਸਾ ਉਨ੍ਹਾਂ ਲੋਕਾਂ ਦਾ, ਜੋ ਆਪਣੀ ਸ਼ਕਤੀ ਅਤੇ ਪ੍ਰਭਾਵ ਨਾਲ ਵੱਡੇ ਹਿੱਸੇ ਨੂੰ ਵੱਸ ਵਿਚ ਕਰੀ ਹੋਏ ਹਨ । ਉਨ੍ਹਾਂ ਨੂੰ ਇਸ ਵੱਡੇ ਹਿੱਸੇ ਨਾਲ ਕਿਸੇ ਤਰ੍ਹਾਂ ਦੀ ਹਮਦਰਦੀ ਨਹੀਂ-ਭੋਰਾ ਵੀ ਰੂ-ਰਿਆਇਤ ਨਹੀਂ । ਉਨ੍ਹਾਂ ਦੀ ਹੋਂਦ ਸਿਰਫ ਇਸ ਲਈ ਹੈ ਕਿ ਆਪਣੇ ਮਾਲਕਾਂ ਲਈ ਮੁੜ੍ਹਕਾ ਵਹਾਏ, ਖ਼ੂਨ ਵਗਾਏ ਅਤੇ ਚੁਪ ਚਾਪ ਏਸ ਸੰਸਾਰ ਤੋਂ ਵਿਦਾ ਹੋ ਜਾਵੇ । ਵੱਧ ਦੁੱਖ ਦੀ ਗੱਲ ਤਾਂ ਇਹ ਹੈ ਕਿ ਹਾਕਮ ਜਮਾਤ ਦੇ ਵਿਚਾਰ ਅਤੇ ਸਿਧਾਂਤ ਅਧੀਨ ਜਮਾਤ ਅਦਰ ਵੀ ਸਮਾ ਗਏ ਹਨ, ਜਿਸਦਾ ਨਤੀਜਾ ਇਹ ਹੈ ਕਿ ਹਰ ਆਦਮੀ ਆਪਣੇ ਆਪ ਨੂੰ ਸ਼ਿਕਾਰੀ ਸਮਝਦਾ ਹੈ ਅਤੇ ਉਸਦਾ ਸ਼ਿਕਾਰ ਹੈ ਸਮਾਜ । ਉਹ ਖ਼ੁਦ ਸਮਾਜ ਤੋਂ ਬਿਲਕੁਲ ਵੱਖ ਹੈ,

ਜੇ ਕੋਈ ਸੰਬੰਧ ਹੈ ਤਾਂ ਇਹ ਕਿ ਕਿਸੇ ਚਾਲ ਜਾਂ ਢੰਗ ਨਾਲ ਬੱਸ ਸਮਾਜ ਨੂੰ ਉੱਲੂ ਬਣਾਏ ਅਤੇ ਉਸ ਤੋਂ ਜਿਨ੍ਹਾਂ ਲਾਭ ਲਿਆ ਜਾ ਸਕਦਾ ਹੈ, ਲੈ ਲਵੇ ।

ਧਨ ਦੇ ਲੋਭ ਨੇ ਮਨੁੱਖੀ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ ਹੈ । ਕੁਲੀਨਤਾ ਅਤੇ ਸ਼ਰਾਫ਼ਤ, ਗੁਣ ਅਤੇ ਕਮਾਲ ਦੀ ਕਸਵੱਟੀ ਪੈਸਾ ਅਤੇ ਸਿਰਫ ਪੈਸਾ ਹੈ । ਜਿਸਦੇ ਕੋਲ ਪੈਸਾ ਹੈ, ਦੇਵਤਾ-ਸਰੂਪ ਹੈ, ਉਸਦੀ ਜ਼ਮੀਰ ਕਿੰਨੀ ਵੀ ਕਾਲੀ ਕਿਉਂ ਨਾ ਹੋਵੇ । ਸਾਹਿਤ, ਸੰਗੀਤ ਅਤੇ ਕਲਾ ਸਾਰੇ ਧਨ ਦੀ ਦੇਹਲੀ ਤੇ ਮੱਥਾ ਟੇਕਣ ਵਾਲਿਆਂ ਵਿਚ ਹਨ । ਇਹ ਹਵਾ ਏਨੀ ਜ਼ਹਿਰੀਲੀ ਹੋ ਗਈ ਹੈ ਕਿ ਉਹ ਬਹੁਤੀ ਲੰਬੀ ਫੀਸ ਲਿਆਂ ਗੱਲ ਨਹੀਂ ਕਰਦਾ । ਵਕੀਲ ਅਤੇ ਬੈਰਿਸਟਰ ਹਨ ਕਿ ਉਹ ਮਿੰਟਾਂ ਨੂੰ ਅਸ਼ਰਫੀਆਂ ਨਾਲ ਤੋਲਦੇ ਹਨ । ਗੁਣ ਅਤੇ ਯੋਗਤਾ ਦੀ ਸਫਲਤਾ ਉਸਦੇ ਆਰਥਕ ਮੁੱਲ ਦੇ ਹਿਸਾਬ ਨਾਲ ਮੰਨੀ ਜਾ ਰਹੀ ਹੈ । ਮੌਲਵੀ ਸਾਹਿਬ ਅਤੇ ਪੰਡਿਤ ਜੀ ਵੀ ਪੈਸੇ ਵਾਲਿਆਂ ਦੇ ਬਿਨਾਂ ਪੈਸਿਓਂ ਗੁਲਾਮ ਹਨ, ਅਖ਼ਬਾਰ ਉਨ੍ਹਾਂ ਦਾ ਹੀ ਰਾਗ ਅਲਾਪਦੇ ਹਨ । ਇਸ ਪੈਸੇ ਨੇ ਆਦਮੀ ਦੇ ਦਿਲ ਦਿਮਾਗ ਤੇ ਏਨਾ ਕਬਜ਼ਾ ਕਰ ਲਿਆ ਹੈ ਕਿ ਉਸ ਦੇ ਰਾਜ ਤੇ ਕਿਸੇ ਪਾਸਿਓਂ ਵੀ ਹਮਲਾ ਕਰਨਾ ਮੁਸ਼ਕਲ ਜਾਪਦਾ ਹੈ । ਉਹ ਦਿਆਲਤਾ ਅਤੇ ਸਨੇਹ, ਸਚਾਈ ਅਤੇ ਸੱਜਣਤਾ ਦਾ ਪੁਤਲਾ ਮਨੁਖ ਦਇਆ ਮਮਤਾ ਹੀਨ ਜੜ੍ਹ ਮਸ਼ੀਨ ਬਣ ਕੇ ਰਹਿ ਗਿਆ ਹੈ । ਏਸ ਮਹਾਜਨੀ ਸਭਿਅਤਾ ਨੇ ਨਵੇਂ ਨਵੇਂ ਨੀਤੀ-ਨੇਮ ਘੜ ਲਏ ਹਨ ਜਿਨ੍ਹਾਂ ਤੇ ਅੱਜ ਦਾ ਸਮਾਜੀ ਢਾਂਚਾ ਚਲ ਰਿਹਾ ਹੈ । ਉਨ੍ਹਾਂ ਵਿਚੋਂ ਇਕ ਇਹ ਹੈ ਕਿ ਸਮਾਂ ਹੀ ਧਨ ਹੈ । ਪਹਿਲਾਂ ਸਮਾਂ ਜ਼ਿੰਦਗੀ ਸੀ, ਉਸਦਾ ਸਰਬੋਤਮ ਉਪਯੋਗ ਵਿਦਿਆ-ਕਲਾ ਦੀ ਪ੍ਰਾਪਤੀ ਜਾਂ ਦੀਨ-ਦੁਖੀਆਂ ਦੀ ਮਦਦ ਸੀ । ਹੁਣ ਉਸਦੀ ਸਭ ਤੋਂ ਚੰਗੀ ਵਰਤੋਂ ਪੈਸਾ ਕਮਾਉਣਾ ਹੈ । ਡਾਕਟਰ ਸਾਹਿਬ ਹੱਥ ਮਰੀਜ਼ ਦੀ ਨਬਜ਼ ਤੇ ਰੱਖਦੇ ਹਨ ਅਤੇ ਨਿਗਾਹ ਘੜੀ ਦੀ ਸੂਈ ਤੇ, ਉਨ੍ਹਾਂ ਦਾ ਇਕ ਇਕ ਮਿੰਟ ਅਸ਼ਰਫੀ ਹੈ । ਰੋਗੀ ਨੇ ਜੇ ਸਿਰਫ ਇਕ ਅਸ਼ਰਫੀ ਭੇਂਟ ਚਾੜ੍ਹੀ ਹੈ ਤਾਂ ਉਹ ਉਸਨੂੰ ਇਕ ਮਿੰਟ ਤੋਂ ਵੱਧ ਵਕਤ ਨਹੀਂ ਦੇ ਸਕਦੇ । ਰੋਗੀ ਆਪਣਾ ਦੁੱਖ-ਦਰਦ ਸੁਣਾਉਣ ਲਈ ਬੇਚੈਨ ਹੈ, ਪਰ ਡਾਕਟਰ ਸਾਹਿਬ ਦਾ ਉਧਰ ਬਿਲਕੁਲ ਧਿਆਨ ਨਹੀਂ । ਉਨ੍ਹਾਂ ਨੂੰ ਉਸ ਵਿਚ ਜ਼ਰਾ ਵੀ ਦਿਲਚਸਪੀ ਨਹੀਂ । ਉਨ੍ਹਾਂ ਦੀ ਨਿਗਾਹ ਵਿਚ ਉਸ ਆਦਮੀ ਦਾ ਅਰਥ ਸਿਰਫ ਏਨਾਂ ਹੀ ਹੈ ਕਿ ਉਹ ਉਨ੍ਹਾਂ ਨੂੰ ਫੀਸ ਦਿੰਦਾ ਹੈ । ਉਹ ਚਟਪਟ ਨੁਸਖਾ ਲਿਖਣਗੇ ਅਤੇ ਦੂਸਰੇ ਮਰੀਜ਼ ਨੂੰ ਦੇਖਣ ਚਲੇ ਜਾਣਗੇ । ਮਾਸਟਰ ਸਾਹਿਬ ਪੜ੍ਹਾਉਣ ਆਉਂਦੇ ਹਨ, ਉਨ੍ਹਾ ਦਾ ਇਕ ਘੰਟਾ ਵਕਤ ਬੱਝਿਆ ਹੋਇਆ ਹੈ । ਉਹ ਘੜੀ ਸਾਹਮਣੇ ਰੱਖ ਲੈਂਦੇ ਹਨ, ਜਿਉਂ ਹੀ ਘੰਟਾ ਪੂਰਾ ਹੋਇਆ, ਉਹ ਉਠ ਖਲੋਤੇ । ਮੁੰਡੇ ਦਾ ਪਾਠ ਅੱਧਾ ਰਹਿ ਗਿਆ ਤਾਂ ਰਹਿ ਜਾਵੇ, ਉਨ੍ਹਾਂ ਦੀ ਬਲਾ ਤੋਂ । ਉਹ ਘੰਟੇ ਤੋਂ ਵੱਧ ਸਮਾਂ ਕਿਵੇਂ ਦੇ ਸਕਦੇ ਹਨ, ਕਿਉਂਕਿ ਸਮਾਂ ਰੁਪਇਆ ਹੈ । ਏਸ ਧਨ ਲੋਭ ਨੇ ਮਨੁੱਖਤਾ ਅਤੇ ਮਿੱਤਰਤਾ ਦਾ ਨਾਂ ਮਿਟਾ ਛੱਡਿਆ ਹੈ । ਪਤੀ ਨੂੰ ਪਤਨੀ ਜਾਂ ਬੱਚਿਆਂ ਨਾਲ ਗੱਲ ਕਰਨ ਦੀ ਫੁਰਸਤ ਨਹੀਂ, ਮਿੱਤਰ ਅਤੇ ਸਬੰਧੀ ਕਿਸ ਗਿਣਤੀ ਵਿਚ ਹਨ । ਜਿੰਨੀ ਦੇਰ ਉਹ ਗੱਲ ਕਰੇਗਾ, ਉਨੀਂ ਦੇਰ ਵਿਚ ਤਾਂ ਕੁਝ ਕਮਾ ਲਵੇਗਾ । ਕੁਝ ਕਮਾ ਲੈਣਾ ਹੀ ਜ਼ਿੰਦਗੀ ਦੀ ਸਾਰਥਕਤਾ ਹੈ, ਬਾਕੀ ਸਭ ਕੁਝ ਸਮਾਂ-ਨਾਸ ਹੈ । ਬਿਨਾਂ ਖਾਧਿਆਂ ਪੀਤਿਆਂ ਗੁਜ਼ਾਰਾ ਨਹੀਂ ਹੁੰਦਾ, ਵਿਚਾਰਾ ਇਸ ਤੋਂ ਲਾਚਾਰ ਹੈ ਅਤੇ ਏਨਾ ਸਮਾਂ ਨਸ਼ਟ ਕਰਨਾ ਹੀ ਪੈਂਦਾ ਹੈ ।

ਤੁਹਾਡਾ ਕੋਈ ਮਿੱਤਰ ਜਾਂ ਸਬੰਧੀ ਆਪਣੇ ਸ਼ਹਿਰ ਵਿਚ ਪ੍ਰਸਿੱਧੀ ਹਾਸਲ ਕਰ ਚੁਕਿਆ ਹੈ ਤਾਂ ਸਮਝ ਲਓ, ਉਸ ਕੋਲ ਤੁਹਾਡੀ ਪਹੁੰਚ ਮੁਮਕਿਨ ਨਹੀਂ । ਤੁਹਾਨੂੰ ਉਸਦੇ ਦੌਲਤਖਾਨੇ ਜਾ ਕੇ ਕਾਰਡ ਭੇਜਣਾ ਪਵੇਗਾ । ਉਹਨਾਂ ਸ੍ਰੀਮਾਨ ਨੂੰ ਬਹੁਤ ਸਾਰੇ ਕੰਮ ਹੋਣਗੇ । ਮੁਸ਼ਕਲ ਨਾਲ ਤੁਹਾਡੇ ਨਾਲ ਇਕ ਦੋ ਗੱਲਾਂ ਕਰਨਗੇ ਜਾਂ ਸਾਫ ਜਵਾਬ ਦੇ ਦੇਣਗੇ ਕਿ ਅੱਜ ਫੁਰਸਤ ਨਹੀਂ ਹੈ । ਹੁਣ ਉਹ ਪੈਸੇ ਦੇ ਪੁਜਾਰੀ ਹਨ, ਮਿਤਰਤਾ ਅਤੇ ਸ਼ਰਾਫਤ-ਸੰਕੋਚ ਵੀ ਕਦੋਂ ਦੀ ਛੁਟੀ ਕਰ ਚੁਕੇ ਹਨ ।

ਤੁਹਾਡਾ ਕੋਈ ਦੋਸਤ ਵਕੀਲ ਹੈ ਅਤੇ ਤੁਸੀਂ ਕਿਸੇ ਮੁਕੱਦਮੇ ਵਿਚ ਫਸ ਗਏ ਹੋ ਤਾਂ ਉਸ ਕੋਲੋਂ ਕਿਸੇ ਤਰ੍ਹਾਂ ਦੀ ਮਦਦ ਦੀ ਆਸ ਨਾ ਰਖੋ, ਜੇ ਉਹ ਲਿਹਾਜ਼ ਨੂੰ ਗੰਗਾ ਵਿਚ ਨਹੀਂ ਡੁਬੋ ਚੁਕਿਆ ਤਾਂ ਤੁਹਾਡੇ ਨਾਲ ਲੈਣ-ਦੇਣ ਦੀ ਗੱਲ ਸ਼ਾਇਦ ਨਾ ਕਰੇ, ਪਰ ਤੁਹਾਡੇ ਮੁਕੱਦਮੇ ਵੱਲ ਜ਼ਰਾ ਵੀ ਧਿਆਨ ਨਹੀਂ ਦੇਵੇਗਾ । ਇਸ ਤੋਂ ਚੰਗਾ ਹੈ ਕਿ ਤੁਸੀਂ ਕਿਸੇ ਨਾਵਾਕਫ ਕੋਲ ਜਾਓ ਅਤੇ ਉਸ ਨੂੰ ਉਸਦੀ ਪੂਰੀ ਫੀਸ ਅਦਾ ਕਰੋ । ਰੱਬ ਨਾ ਕਰੇ ਕਿ ਅੱਜ ਕਿਸੇ ਨੂੰ ਕਿਸੇ ਚੀਜ਼ ਵਿਚ ਕਮਾਲ ਹਾਸਲ ਹੋ ਜਾਵੇ, ਫੇਰ ਉਸ ਵਿਚ ਮਨੁੱਖਤਾ ਨਾਂ ਨੂੰ ਵੀ ਨਹੀਂ ਰਹਿ ਜਾਵੇਗੀ, ਉਸਦਾ ਇਕ ਇਕ ਮਿੰਟ

ਕੀਮਤੀ ਹੋ ਜਾਵੇਗਾ ।

ਇਸਦਾ ਅਰਥ ਇਹ ਨਹੀਂ ਕਿ ਵਾਧੂ ਦੀਆਂ ਗੱਪਾਂ ਵਿਚ ਸਮਾਂ ਬਰਬਾਦ ਕੀਤਾ ਜਾਵੇ, ਪਰ ਇਹ ਅਰਥ ਅਵੱਸ਼ ਹੈ ਕਿ ਧਨ-ਲਿਪਸਾ ਨੂੰ ਏਨਾ ਨਾ ਵਧਣ ਦਿਤਾ ਜਾਵੇ ਕਿ ਉਹ ਮਨੁੱਖਤਾ, ਮਿੱਤਰਤਾ, ਸਨੇਹ, ਹਮਦਰਦੀ, ਸਾਰਿਆਂ ਨੂੰ ਬਾਹਰ ਕੱਢ ਦੇਵੇ ।

ਪਰ ਤੁਸੀਂ ਉਸ ਪੈਸੇ ਦੇ ਗੁਲਾਮ ਨੂੰ ਮਾੜਾ ਨਹੀਂ ਕਹਿ ਸਕਦੇ । ਸਾਰੀ ਦੁਨੀਆਂ ਜਿਸ ਵਹਿਣ ਵਿਚ ਵਹਿ ਰਹੀ ਹੈ । ਮਾਣ-ਇੱਜਤ ਹਮੇਸ਼ਾਂ ਤੋਂ ਮਨੁੱਖੀ ਇੱਛਾਵਾਂ ਦੀ ਮੰਜ਼ਿਲ ਰਹੀ ਹੈ । ਜਦ ਵਿਦਿਆ-ਕਲਾ ਮਾਣ-ਇੱਜ਼ਤ ਦਾ ਸਾਧਨ ਸੀ, ਉਸ ਵੇਲੇ ਲੋਕ ਏਨਾਂ ਦਾ ਅਭਿਆਸ ਪ੍ਰਾਪਤ ਕਰਦੇ ਹਨ । ਜਦ ਧਨ ਉਸਦਾ ਇਕੱਲਾ ਵਸੀਲਾ ਹੈ ਤਾਂ ਮਨੁੱਖ ਮਜ਼ਬੂਰ ਹੈ ਕਿ ਇਕਾਗਰ ਚਿੱਤ ਨਾਲ ਉਸੇ ਦੀ ਉਪਾਸਨਾ ਕਰੇ । ਉਹ ਕੋਈ ਸਾਧੂ-ਮਹਾਤਮਾ-ਸੰਨਿਆਸੀ-ਉਦਾਸੀ ਨਹੀਂ । ਉਹ ਵੇਖ ਰਿਹਾ ਹੈ ਕਿ ਉਸਦੇ ਪੇਸ਼ੇ ਵਿਚ ਜੋ ਸੁਭਾਗੇ ਸਫਲਤਾ ਦੀ ਔਖੀ ਯਾਤਰਾ ਪੂਰੀ ਕਰ ਸਕੇ ਹਨ, ਉਹ ਉਸੇ ਰਾਜ-ਮਾਰਗ ਦੇ ਰਾਹੀ ਸਨ, ਜਿਸ ਤੇ ਉਹ ਖ਼ੁਦ ਚਲ ਰਿਹਾ ਹੈ । ਸਮਾਂ ਧਨ ਹੈ ਇਕ ਸਫਲ ਆਦਮੀ ਦਾ, ਉਹ ਇਸ ਸਿਧਾਂਤ ਦੇ ਪਿੱਛੇ ਚਲਦਿਆਂ ਵੇਖਦਾ ਹੈ, ਫਿਰ ਉਹ ਵੀ ਉਸੇ ਦੀਆਂ ਪੈੜਾਂ ਪਿੱਛੇ ਚਲਦਾ ਹੈ । ਤਾਂ ਉਸ ਦਾ ਕੀ ਦੋਸ਼ ? ਮਾਣ-ਇੱਜਤ ਦੀ ਲਾਲਸਾ ਤਾਂ ਦਿਲ ਚੋਂ ਕੱਢੀ ਨਹੀਂ ਜਾ ਸਕਦੀ । ਉਹ ਦੇਖ ਰਿਹਾ ਹੈ ਕਿ ਜਿਨ੍ਹਾਂ ਕੋਲ ਦੌਲਤ ਨਹੀਂ ਅਤੇ ਇਸ ਲਈ ਕਿ ਜਿਨ੍ਹਾਂ ਵਕਤ ਨੂੰ ਦੌਲਤ ਨਹੀਂ ਸਮਝਿਆ, ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ । ਉਹ ਆਪਣੇ ਪੇਸ਼ੇ ਵਿਚ ਉਸਤਾਦ ਹਨ ਫੇਰ ਵੀ ਉਨ੍ਹਾਂ ਦੀ ਕਿਤੇ ਪੁੱਛ ਨਹੀਂ । ਜਿਸ ਆਦਮੀ ਵਿਚ ਜ਼ਿੰਦਗੀ ਦੀ ਥੋੜੀ ਜਿਹੀ ਵੀ ਇੱਛਾ ਹੈ, ਉਹ ਤਾਂ ਇਸ ਨਜ਼ਰ-ਅੰਦਾਜ਼ੀ ਦੀ ਹਾਲਤ ਨੂੰ ਬਰਦਾਸ਼ਤ ਨਹੀਂ ਕਰ ਸਕਦਾ । ਉਸਨੂੰ ਤਾਂ ਲਿਹਾਜ, ਦੋਸਤੀ ਅਤੇ ਸੱਜਣਤਾ ਨੂੰ ਧਿਰਕਾਰ ਕੇ ਆਪਣੇ ਆਪ ਨੂੰ ਲੱਛਮੀ-ਪੂਜਾ ਵਿਚ ਲੀਨ ਕਰਨਾ ਪਵੇਗਾ ਤਾਂ ਹੀ ਇਸ ਦੇਵੀ ਦਾ ਵਰਦਾਨ ਉਸ ਨੂੰ ਮਿਲੇਗਾ ਅਤੇ ਇਹ ਕੋਈ ਸਵੈ-ਇੱਛਾ ਦਾ ਕਾਰਜ ਨਹੀਂ, ਬਲਕਿ ਪੂਰੀ ਤਰ੍ਹਾਂ ਬੰਧਨ ਹੈ । ਉਸ ਦੇ ਮਨ ਦੀ ਹਾਲਤ ਆਪਣੇ ਆਪ ਕੁੱਝ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਉਸ ਨੂੰ ਧਨ ਕਮਾਉਣ ਤੋਂ ਸਿਵਾ ਹੋਰ ਕਿਸੇ ਕੰਮ ਨਾਲ ਲਗਾਅ ਨਹੀਂ ਰਿਹਾ । ਜੇ ਕਿਸੇ ਸਭਾ ਜਾਂ ਵਿਆਖਿਆਨ ਵਿਚ ਉਸਨੂੰ ਅੱਧਾ ਘੰਟਾ ਬਹਿਣਾ ਪਵੇ ਤਾਂ ਸਮਝ ਲਓ, ਉਹ ਕੈਦ ਦੀ ਘੜੀ ਕੱਟ ਰਿਹਾ ਹੈ । ਉਸ ਦੀਆਂ ਮਾਨਸਕ, ਜਜ਼ਬਾਤੀ, ਸਭਿਆਚਾਰਕ ਸਾਰੀਆਂ ਦਿਲਚਸਪੀਆਂ ਏਸ ਕੇਂਦਰ-ਬਿੰਦੂ ਤੇ ਆ ਕੇ ਇਕੱਤਰ ਹੋ ਗਈਆਂ ਹਨ । ਅਤੇ ਹੋਣ ਕਿਉਂ ਨਾ ? ਉਹ ਦੇਖ ਰਿਹਾ ਹੈ ਕਿ ਸਿਵਾ ਪੈਸੇ ਤੋਂ ਕੋਈ ਉਸਦਾ ਆਪਣਾ ਨਹੀਂ । ਸਨੇਹੀ ਮਿੱਤਰ ਵੀ ਗਰਜ਼ ਲੈ ਕੇ ਹੀ ਉਸ ਕੋਲ ਆਉਂਦੇ ਹਨ, ਭਾਈਚਾਰਾ-ਸਬੰਧੀ ਵੀ ਉਸ ਦੇ ਪੈਸੇ ਦੇ ਹੀ ਪੁਜਾਰੀ ਹਨ । ਉਹ ਜਾਣਦਾ ਹੈ ਕਿ ਜੇ ਉਹ ਕਮਜ਼ੋਰ ਹੁੰਦਾ ਤਾਂ ਇਹ ਜਿਹੜਾ ਦੋਸਤਾਂ ਦਾ ਜਮਘਟਾ ਲਗ ਰਿਹੈ, ਉਸ 'ਚੋਂ ਇਕ ਦੋ ਵੀ ਦਰਸ਼ਨ ਨਾ ਹੁੰਦੇ । ਏਸ ਭਾਈਚਾਰੇ-ਸਬੰਧੀਆਂ ਵਿਚੋਂ ਕੋਈ ਨੇੜੇ ਨਾ ਢੁੱਕਦਾ । ਉਸ ਨੇ ਸਮਾਜ ਵਿਚ ਆਪਣੀ ਹੈਸੀਅਤ ਬਨਾਉਣੀ ਹੈ, ਬੁਢੇਪੇ ਲਈ ਕੁਝ ਬਚਾਉਣਾ ਹੈ, ਮੁੰਡਿਆਂ ਲਈ ਕੁਝ ਕਰਕੇ ਜਾਣਾ ਹੈ ਜਿਸ ਨਾਲ ਉਨ੍ਹਾਂ ਨੂੰ ਦਰ ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ । ਏਸ ਕਠੋਰ, ਹਮਦਰਦੀ ਰਹਿਤ ਹਾਲਤ ਦਾ ਉਸ ਨੂੰ ਪੂਰਾ ਅਨੁਭਵ ਹੈ । ਆਪਣੇ ਮੁੰਡਿਆਂ ਨੂੰ ਉਹ ਉਨ੍ਹਾਂ ਮੁਸ਼ਕਲ ਹਾਲਤਾਂ ਵਿਚ ਪੈਣ ਨਹੀਂ ਦੇਣਾ ਚਾਹੁੰਦਾ, ਜੋ ਸਾਰੀਆਂ ਉਮੀਦਾਂ-ਉਮੰਗਾਂ ਤੇ ਪਾਣੀ ਫੇਰ ਦਿੰਦੀਆਂ ਹਨ, ਹਿੰਮਤ-ਹੌਸਲੇ ਨੂੰ ਤੋੜ ਕੇ ਰੱਖ ਦਿੰਦੀਆਂ ਹਨ । ਉਸ ਨੇ ਉਹ ਸਾਰੀਆਂ ਮੰਜ਼ਲਾਂ ਜੋ ਇਕੋ ਵੇਲੇ ਜ਼ਿੰਦਗੀ ਦੇ ਲੋੜੀਂਦੇ ਹਿਸੇ ਹਨ, ਆਪ ਤੈਅ ਕਰ ਲਈਆਂ ਹਨ ਅਤੇ ਜ਼ਿੰਦਗੀ ਨੂੰ ਵਪਾਰ ਦੇ ਸਿਧਾਂਤਾਂ ਤੇ ਚਲਾਏ ਬਿਨਾਂ ਉਹ ਏਨਾਂ ਵਿਚੋਂ ਇਕ ਵੀ ਮੰਜ਼ਿਲ ਪਾਰ ਨਹੀਂ ਕਰ ਸਕਦਾ

ਏਸ ਸਭਿਅਤਾ ਦਾ ਦੂਸਰਾ ਸਿਧਾਂਤ ਹੈ 'Business is Business' ਅਰਥਾਤ ਵਪਾਰ ਵਪਾਰ ਹੈ । ਉਸ ਵਿਚ ਭਾਵੁਕਤਾ ਲਈ ਗੁੰਜ਼ਾਇਸ਼ ਨਹੀਂ । ਪੁਰਾਣੇ ਜੀਵਨ-ਸਿਧਾਂਤ ਵਿਚ ਉਹ ਲੱਠਮਾਰ ਸਾਫਗੋਈ ਨਹੀਂ ਹੈ, ਜੋ ਬੇਸ਼ਰਮੀ ਕਹੀ ਜਾ ਸਕਦੀ ਹੈ ਅਤੇ ਜੋ ਇਸ ਨਵੇਂ ਸਿਧਾਂਤ ਦੀ ਆਤਮਾ ਹੈ । ਜਿਥੇ ਲੈਣ-ਦੇਣ ਦਾ ਸਵਾਲ ਹੈ, ਰੁਪੈ-ਪੈਸੇ ਦਾ ਮਾਮਲਾ ਹੈ, ਉਥੇ ਨਾ ਦੋਸਤੀ ਦਾ ਗੁਜ਼ਾਰਾ ਹੈ, ਨਾ ਲਿਹਾਜ਼ ਦਾ, ਨਾ ਇਨਸਾਨੀਅਤ ਦਾ, ਬਿਜ਼ਨਿਸ ਵਿਚ ਦੋਸਤੀ ਕੈਸੀ ? ਜਿਥੇ ਕਿਸੇ ਨੇ ਏਸ ਸਿਧਾਂਤ ਦੀ ਢਾਲ ਬਣਾਈ ਤੁਸੀਂ ਲਾਜਵਾਬ ਹੋਏ । ਫੇਰ ਤੁਹਾਡੀ ਜ਼ਬਾਨ ਨਹੀਂ ਖੁਲ੍ਹ

ਸਕਦੀ । ਇਕ ਸੱਜਣ ਲੋੜੋਂ ਲਾਚਾਰ ਹੋ ਕੇ ਆਪਣੇ ਕਿਸੇ ਮਹਾਜਨ ਦੋਸਤ ਕੋਲ ਜਾਂਦੇ ਹਨ ਅਤੇ ਚਾਹੁੰਦੇ ਹਨ ਕਿ ਉਹ ਕੁਝ ਮਦਦ ਕਰੇ । ਇਹ ਵੀ ਉਮੀਦ ਕਰਦੇ ਹਨ ਕਿ ਸ਼ਾਇਦ ਉਹ ਦਰ ਕੁਝ ਘਟਾ ਦੇਵੇ, ਪਰ ਜਦ ਦੇਖਦੇ ਹਨ ਕਿ ਇਹ ਮਹਾਂ ਪੁਰਸ਼ ਮੇਰੇ ਨਾਲ ਵੀ ਉਹੋ ਕਾਰੋਬਾਰੀ ਵਰਤਾਰਾ ਕਰ ਰਹੇ ਹਨ, ਤਾਂ ਕੁਝ ਰਿਆਇਤ ਦੀ ਬੇਨਤੀ ਕਰਦੇ ਹਨ, ਮਿੱਤਰਤਾ ਅਤੇ ਨੇੜਤਾ ਦੇ ਅਧਾਰ ਤੇ ਅੱਖਾਂ ਵਿਚ ਹੰਝੂ ਭਰ ਕੇ ਬੜੀ ਕਰੁਣ ਅਵਾਜ਼ ਵਿਚ ਕਹਿੰਦੇ ਹਨ--ਮਹਾਰਾਜ, ਮੈਂ ਇਸ ਸਮੇਂ ਬੜਾ ਪਰੇਸ਼ਾਨ ਹਾਂ, ਨਹੀਂ ਤਾਂ ਤੁਹਾਨੂੰ ਕਸ਼ਟ ਨਾ ਦਿੰਦਾ, ਰੱਬ ਦੇ ਵਾਸਤੇ ਮੇਰੇ ਹਾਲ ਤੇ ਰਹਿਮ ਕਰੋ । ਸਮਝ ਲੈਣਾ ਕਿ ਇਕ ਪੁਰਾਣੇ ਦੋਸਤ......ਉਥੇ ਹੀ ਗੱਲ ਟੁੱਕ ਕੇ ਹੁਕਮ ਦੇ ਸੁਰ ਵਿਚ ਫੁਰਮਾਇਆ ਜਾਂਦਾ ਹੈ ਪਰ ਜਨਾਬ ਤੁਸੀਂ 'ਬਿਜ਼ਹਿਸ ਇਜ਼ ਬਿਜ਼ਨਿਸ' ਇਸਨੂੰ ਭੁੱਲ ਜਾਂਦੇ ਹੋ । ਉਸ ਦਿਨ ਦੀਨ ਪ੍ਰਾਰਥੀ ਤੇ ਜਿਵੇਂ ਬੰਬ ਦਾ ਗੋਲਾ ਫਟਿਆ । ਹੁਣ ਉਸ ਦੇ ਕੋਲ ਕੋਈ ਤਰਕ ਨਹੀਂ, ਦਲੀਲ ਨਹੀਂ । ਚੁਪ ਚਾਪ ਉਠ ਕੇ ਆਪਣੇ ਰਾਹ ਲਗਦੇ ਜਾਂ ਫੇਰ ਆਪਣੇ ਵਪਾਰਕ ਸਿਧਾਂਤ ਦੇ ਭਗਤ ਮਿੱਤਰ ਦੀਆਂ ਸਾਰੀਆਂ ਸ਼ਰਤਾਂ ਕਬੂਲ ਕਰ ਲੈਂਦਾ ਹੈ ।

ਮਹਾਜਨੀ ਸਭਿਅਤਾ ਨੇ ਦੁਨੀਆਂ ਵਿਚ ਜੋ ਨਵੀਆਂ ਰੀਤੀਆਂ-ਨੀਤੀਆਂ ਚਲਾਈਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਧ ਅਤੇ ਖੂਨ ਚੂਸੂ ਇਹੋ ਵਪਾਰ ਵਾਲਾ ਸਿਧਾਂਤ ਹੈ । ਮੀਆਂ-ਬੀਵੀ ਵਿਚ ਬਿਜ਼ਨਿਸ, ਪਿਓ ਪੁੱਤਰ ਵਿਚ ਬਿਜ਼ਨਿਸ, ਗੁਰੂ-ਚੇਲੇ ਵਿਚ ਬਿਜ਼ਨਿਸ । ਸਾਰੇ ਮਨੁੱਖੀ ਅਧਿਆਤਮਕ ਅਤੇ ਸ਼ਮਾਜਕ ਮੋਹ-ਰਿਸ਼ਤੇ ਖਤਮ । ਆਦਮੀ ਆਦਮੀ ਵਿਚਕਾਰ ਬੱਸ ਕੋਈ ਲਗਾਉ ਹੈ ਤਾਂ ਬਿਜ਼ਨਿਸ ਦਾ, ਲਾਨਤ ਹੈ ਇਸ ਬਿਜ਼ਨਿਸ ਤੇ । ਕੁੜੀ ਜੇ ਮੰਦੇਭਾਗੀਂ ਕੁਆਰੀ ਰਹਿ ਗਈ ਅਤੇ ਆਪਣੇ ਰੁਜ਼ਗਾਰ ਦਾ ਕੋਈ ਉਪਾਅ ਨਾ ਕਰ ਸਕੀ ਤਾਂ ਪਿਓ ਦੇ ਘਰ ਹੀ ਨੌਕਰਾਣੀ ਬਨਣਾ ਪੈ ਜਾਂਦਾ ਹੈ । ਉਂਝ ਮੁੰਡੇ-ਕੁੜੀਆਂ ਸਾਰੇ ਘਰਾਂ ਵਿਚ ਹੀ ਕੰਮ ਕਰਦੇ ਹਨ, ਪਰ ਕੋਈ ਉਨ੍ਹਾਂ ਨੂੰ ਨੌਕਰ ਨਹੀਂ ਸਮਝਦਾ, ਪਰ ਏਸ ਮਾਹਜਨੀ ਸਭਿਅਤਾ ਵਿਚ ਕੁੜੀ ਇਕ ਖਾਸ ਉਮਰ ਤੋਂ ਬਾਅਦ ਨੌਕਰਾਣੀ ਅਤੇ ਆਪਣੇ ਭਰਾਵਾਂ ਦੀ ਮਜ਼ਦੂਰਨੀ ਬਣ ਜਾਂਦੀ ਹੈ । ਸਤਿਕਾਰ ਯੋਗ ਪਿਤਾ ਜੀ ਵੀ ਆਪਣੇ ਪਿਤਾ-ਭਗਤ ਪੁੱਤਰ ਦੇ ਨੌਕਰ ਬਣ ਜਾਂਦੇ ਹਨ ਅਤੇ ਮਾਂ ਆਪਣੇ ਸਪੁੱਤਰ ਦੀ ਨੌਕਰਾਣੀ, ਭਾਈਚਾਰਾ-ਸਬੰਧੀ ਤਾਂ ਕਿਸੇ ਗਿਣਤੀ ਵਿਚ ਹੀ ਨਹੀਂ । ਭਰਾ ਵੀ ਭਰਾ ਦੇ ਘਰ ਆਵੇ ਤਾਂ ਪ੍ਰਾਹੁਣਾ ਹੈ । ਅਕਸਰ ਤਾਂ ਉਸਨੂੰ ਪ੍ਰਾਹੁਣਚਾਰੀ ਦਾ ਬਿਲ ਵੀ ਤਾਰਣਾ ਪੈਂਦਾ ਹੈ । ਏਸ ਸਭਿਅਤਾ ਦੀ ਆਤਮਾ ਹੈ ਵਿਅਕਤੀ-ਵਾਦ, ਤੁਸੀਂ ਸਵਾਰਥੀ ਬਣੋ, ਸਭ ਕੁਝ ਆਪਣੇ ਲਈ ਕਰੋ !

ਪਰ ਇਥੇ ਵੀ ਅਸੀਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ । ਉਹੋ ਮਾਣ-ਇੱਜ਼ਤ, ਉਹੋ ਭਵਿੱਖ ਦੀ ਚਿੰਤਾ, ਉਹੋ ਆਪਣੇ ਮਗਰੋਂ ਬੀਵੀ-ਬੱਚਿਆਂ ਦੇ ਗੁਜ਼ਾਰੇ ਦਾ ਸਵਾਲ, ਉਹੋ ਨੁਮਾਇਸ਼ ਅਤੇ ਦਿਖਾਵੇ ਦੀ ਲੋੜ ਹਰ ਇਕ ਦੀ ਧੌਣ ਤੇ ਸਵਾਰ ਹੈ, ਅਤੇ ਉਹ ਹਿੱਲ ਨਹੀਂ ਸਕਦਾ । ਉਹ ਏਸ ਸਭਿਅਤਾ ਦੇ ਨੀਤੀ-ਨਿਯਮਾਂ ਦਾ ਪਾਲਨ ਨਾ ਕਰੇ ਤਾਂ ਉਸਦਾ ਭਵਿੱਖ ਹਨੇਰਾ ਹੈ ।

ਹੁਣ ਤੱਕ ਦੁਨੀਆਂ ਲਈ ਇਸ ਸਭਿਅਤਾ ਦੀ ਰੀਤੀ-ਨੀਤੀ ਪਿਛੇ ਲੱਗਣ ਤੋਂ ਸਿਵਾ ਹੋਰ ਕੋਈ ਉਪਾਅ ਨਹੀਂ ਸੀ, ਉਸਨੂੰ ਝੱਖ ਮਾਰ ਕੇ ਉਸਦੇ ਹੁਕਮਾਂ ਸਾਹਮਣੇ ਸਿਰ ਝੁਕਾਉਣਾ ਪੈਂਦਾ ਸੀ । ਸਾਰੀ ਦੁਨੀਆਂ ਉਸ ਦੇ ਚਰਨਾਂ ਵਿਚ ਨੱਕ ਰਗੜ ਰਹੀ ਸੀ । ਬਾਦਸ਼ਾਹ ਉਸ ਦਾਂ ਬੰਦਾ, ਵਜ਼ੀਰ ਉਸਦੇ ਗੁਲਾਮ, ਸੰਧੀ-ਝਗੜੇ ਦੀ ਕੁੰਜੀ ਉਸ ਦੇ ਹੱਥ ਵਿਚ, ਦੁਨੀਆਂ ਉਸਦੀਆਂ ਮਹਾਨ ਇਛਾਵਾਂ ਸਾਹਮਣੇ ਸਿਰ ਝੁਕਾਏ ਹੋਏ, ਹਰ ਮੁਲਕ ਵਿਚ ਉਸਦਾ ਬੋਲ-ਬਾਲਾ ।

ਪਰ ਹੁਣ ਨਵੀਂ ਸਭਿਅਤਾ ਦਾ ਸੂਰਜ ਦੂਰ ਪੱਛਮ ਤੋਂ ਉਦੈ ਹੋ ਰਿਹਾ ਹੈ, ਜਿਸਨੇ ਏਸ ਨਾਰਕੀ ਮਹਾਜਨਵਾਦ ਜਾਂ ਪੂੰਜੀਵਾਦ ਦੀਆਂ ਜੜ੍ਹਾਂ ਪੁੱਟ ਕੇ ਸੁਟ ਦਿਤੀਆਂ ਹਨ, ਜਿਸਦਾ ਮੂਲ ਸਿਧਾਂਤ ਇਹ ਹੈ ਕਿ ਹਰ ਆਦਮੀ, ਜੋ ਆਪਣੇ ਸਰੀਰ ਜਾਂ ਦਿਮਾਗ ਨਾਲ ਮਿਹਨਤ ਕਰਕੇ ਕੁਝ ਪੈਦਾ ਕਰ ਸਕਦਾ ਹੈ, ਰਾਜ ਅਤੇ ਸਮਾਜ ਦਾ ਪਰਮ ਆਦਰ ਯੋਗ ਮੈਂਬਰ ਹੋ ਸਕਦਾ ਹੈ ਅਤੇ ਜੋ ਸਿਰਫ ਦੂਜਿਆਂ ਦੀ ਮਿਹਨਤ ਜਾਂ ਬਾਪ-ਦਾਦਿਆਂ ਦੇ ਜੋੜੇ ਹੋਏ ਧਨ ਤੇ ਰਈਸ ਬਣਿਆਂ ਫਿਰਦਾ ਹੈ, ਉਹ ਸਭ ਤੋਂ ਨੀਚ ਪ੍ਰਾਣੀ ਹੈ । ਉਸਨੂੰ ਰਾਜ-ਪ੍ਰਬੰਧ ਵਿਚ ਰਾਇ ਦੇਣ ਦਾ ਹੱਕ ਨਹੀਂ ਅਤੇ ਉਹ ਨਾਗ-ਰਿਕਤਾ ਦੇ ਹੱਕਾਂ ਦਾ ਵੀ ਪਾਤਰ ਨਹੀਂ । ਮਹਾਜਨ ਏਸ ਨਵੀਂ ਲਹਿਰ ਤੋਂ ਬਹੁਤ ਬੇਚੈਨ ਹੋ ਕੇ ਬੌਖਲਾਇਆ ਫਿਰ ਰਿਹਾ ਹੈ ਅਤੇ ਸਾਰੀ ਦੁਨੀਆਂ ਦੇ ਮਹਾਜਨਾਂ ਦੀ ਸ਼ਾਮਲ ਆਵਾਜ਼ ਏਸ ਨਵੀਂ ਸਭਿਅਤਾ ਨੂੰ ਕੋਸ ਰਹੀ ਹੈ, ਉਸ ਨੂੰ ਸਰਾਪ ਦੇ ਰਹੀ ਹੈ । ਵਿਅਕਤੀ ਦੀ ਅਜ਼ਾਦੀ, ਧਾਰਮਕ-ਵਿਸ਼ਵਾਸ ਦੀ ਆਜ਼ਾਦੀ, ਆਪਣੀ ਅੰਤਰਮਾਤਮਾ ਦੇ ਆਦੇਸ਼ ਤੇ ਚਲਣ ਦੀ ਆਜ਼ਾਦੀ--ਉਹ ਏਨਾਂ ਸਾਰਿਆ ਦੀ ਘਾਤਕ, ਗਲਾ ਘੁੱਟਣ ਵਾਲੀ ਦੱਸੀ ਜਾ ਰਹੀ ਹੈ । ਉਨ੍ਹਾਂ ਸਾਰਿਆਂ

ਸਾਧਨਾਂ ਤੋਂ ਜੋ ਪੈਸੇ ਵਾਲਿਆਂ ਲਈ ਸੌਖੇ ਹਨ, ਕੰਮ ਲੈ ਕੇ ਉਸ ਵਿਰੁੱਧ ਪ੍ਰਚਾਰ ਕੀਤਾ ਜਾ ਰਿਹਾ ਹੈ, ਪਰ ਸਚਾਈ ਜੋ ਏਸ ਸਾਰੇ ਹਨੇਰੇ ਨੂੰ ਚੀਰ ਕੇ ਦੁਨੀਆਂ ਵਿਚ ਆਪਣੀ ਜੋਤ ਦਾ ਉਜਾਲਾ ਫੈਲਾ ਰਹੀ ਹੈ।

ਨਿਰਸੰਦੇਹ ਏਸ ਨਵੀਂ ਸਭਿਅਤਾ ਨੇ ਵਿਅਕਤੀ-ਸੁਤੰਤਰਤਾ ਦੇ ਪੰਜੇ, ਨਹੁੰ ਤੇ ਦੰਦ ਭੰਨ ਦਿਤੇ ਹਨ। ਉਸਦੇ ਰਾਜ ਵਿਚ ਹੁਣ ਇਕ ਪੂੰਜੀਪਤੀ ਲੱਖਾਂ ਮਜ਼ਦੂਰਾਂ ਦਾ ਖੂਨ ਪੀ ਕੇ ਮੋਟਾ ਨਹੀਂ ਹੋ ਸਕਦਾ। ਉਸ ਨੂੰ ਹੁਣ ਇਹ ਅਜ਼ਾਦੀ ਨਹੀਂ ਕਿ ਆਪਣੇ ਮੁਨਾਫੇ ਲਈ ਸਧਾਰਣ ਲੋੜਾਂ ਦੀਆਂ ਚੀਜ਼ਾਂ ਦੇ ਭਾਅ ਚੜ੍ਹਾ ਸਕੇ, ਦੂਸਰੇ ਆਪਣੇ ਮਾਲ ਦੀ ਖਪਤ ਲਈ ਜੰਗ ਕਰਵਾ ਦੇਵੇ, ਗੋਲਾ-ਬਰੂਦ ਤੇ ਜੰਗੀ ਸਮਾਨ ਬਣਾ ਕੇ ਕਮਜ਼ੋਰ ਦੇਸ਼ਾਂ ਨੂੰ ਕੁਚਲੇ। ਜੇ ਇਸ ਗੱਲ ਦੀ ਅਜ਼ਾਦੀ ਹੀ ਅਜ਼ਾਦੀ ਹੈ ਤਾਂ ਨਿਰਸੰਦੇਹ ਨਵੀਂ ਸਭਿਅਤਾ ਵਿਚ ਅਜ਼ਾਦੀ ਨਹੀਂ, ਪਰ ਜੇ ਅਜ਼ਾਦੀ ਦਾ ਅਰਥ ਇਹ ਹੈ ਕਿ ਆਮ ਲੋਕਾਂ ਨੂੰ ਹਵਾਦਾਰ ਮਕਾਨ, ਸਿਹਤਮੰਦ ਭੋਜਨ, ਸਾਫ਼ ਸੁਥਰੇ ਪਿੰਡ, ਮਨੋਰੰਜਨ ਅਤੇ ਕਸਰਤ ਦੀਆਂ ਸਹੂਲਤਾਂ, ਬਿਜਲੀ ਦੇ ਪੱਖੇ ਅਤੇ ਰੋਸ਼ਨੀ, ਸਸਤਾ ਅਤੇ ਸੌਖ ਨਾਲ ਮਿਲਦੇ ਇਨਸਾਫ ਦੀ ਪ੍ਰਾਪਤੀ ਹੋਵੇ ਤਾਂ ਏਸ ਸਮਾਜਕ ਢਾਂਚੇ ਵਿਚ ਜੋ ਸੁਤੰਤਰਤਾ ਅਤੇ ਅਜ਼ਾਦੀ ਹੈ ਉਹ ਦੁਨੀਆਂ ਦੀ ਕਿਸੇ ਸਭ ਤੋਂ ਵੱਧ ਸਭਿਅ ਕਹਾਉਣ ਵਾਲੀ ਜਾਤੀ ਨੂੰ ਵੀ ਸੌਖੀ ਤਰ੍ਹਾਂ ਹਾਸਲ ਨਹੀਂ ਹੈ। ਧਰਮ ਦੀ ਸੁਤੰਤਰਤਾ ਦਾ ਅਰਥ ਜੇ ਪੁਰੋਹਤਾਂ, ਪਾਦਰੀਆਂ, ਮੁੱਲਾਂਵਾਂ ਦੀ ਮੁਫਤਖੋਰ ਜਮਾਤ ਦੇ ਦੰਭੀ ਉਪਦੇਸ਼ਾਂ ਅਤੇ ਅੰਧ-ਵਿਸ਼ਵਾਸੀ ਰੂੜ੍ਹੀਆਂ ਮਗਰ ਲੱਗਣਾ ਹੈ ਤਾਂ ਨਿਰਸੰਦੇਹ ਉਥੇ ਇਸ ਤਰ੍ਹਾਂ ਦੀ ਸੁਤੰਤਰਤਾ ਦੀ ਅਣਹੋਂਦ ਹੈ, ਪਰ ਧਰਮ-ਸੁਤੰਤਰਤਾ ਦਾ ਅਰਥ ਜੇ ਲੋਕ-ਸੇਵਾ, ਸਹਿਣ-ਸ਼ੀਲਤਾ, ਸਮਾਜ ਲਈ ਵਿਅਕਤੀ ਦੀ ਕੁਰਬਾਨੀ, ਨੇਕਨੀਅਤੀ, ਸਰੀਰ ਅਤੇ ਮਨ ਦੀ ਪਵਿੱਤਰਤਾ ਹੈ ਤਾਂ ਏਸ ਸਭਿਅਤਾ ਵਿਚ ਧਰਮ ਆਚਰਣ ਦੀ ਅਜ਼ਾਦੀ ਹੈ, ਹੋਰ ਦੇਸ਼ਾਂ ਨੂੰ ਉਸ ਦੇ ਦਰਸ਼ਨ ਵੀ ਨਹੀਂ ਹੁੰਦੇ।

ਜਿਥੇ ਧਨ ਦੇ ਘਾਟੇ-ਵਾਧੇ ਦੇ ਅਧਾਰ ਤੇ ਨਾਬਰਾਬਰੀ ਹੈ ਉਥੇ ਈਰਖਾ, ਜ਼ੋਰ-ਜਬਰਦਸਤੀ, ਬੇਇਮਾਨੀ, ਝੂਠ, ਝੂਠੇ ਦੋਸ਼-ਸ਼ਕਾਇਤਾਂ, ਵੇਸਵਾ ਬਿਰਤੀ, ਵਿੱਭਚਾਰ ਅਤੇ ਸਾਰੀ ਦੁਨੀਆਂ ਦੀਆਂ ਬੁਰਾਈਆਂ ਲਾਜ਼ਮੀ ਰੂਪ ਵਿਚ ਮੌਜੂਦ ਹਨ। ਜਿਥੇ ਧਨ ਦੀ ਵਧੀਕੀ ਨਹੀਂ, ਜ਼ਿਆਦਾਤਰ ਮਨੁੱਖ ਇਕੋ ਸਥਿਤੀ ਵਿਚ ਹਨ, ਉਥੇ ਸਾੜਾ ਕਿਉਂ ਹੋਵੇ ਅਤੇ ਜ਼ਬਰ ਕਿਉਂ ਹੋਵੇ ਅਤੇ ਸਤੀਤਵ-ਵਿਕਰੀ ਕਿਉਂ ਹੋਵੇ, ਝੂਠੇ ਮੁਕਦਮੇ ਕਿਉਂ ਚਲਣ ਅਤੇ ਚੋਰੀ-ਡਾਕਿਆਂ ਦੀਆਂ ਵਾਰਦਾਤਾਂ ਕਿਉਂ ਹੋਣ? ਇਹ ਸਾਰੀਆਂ ਬੁਰਾਈਆਂ ਤਾਂ ਦੌਲਤ ਦੀ ਦੇਣ ਹੈ, ਪੈਸੇ ਦਾ ਪ੍ਰਸ਼ਾਦ ਹੈ, ਮਹਾਜਨੀ ਸਭਿਅਤਾ ਨੇ, ਏਨ੍ਹਾਂ ਦੀ ਸ੍ਰਿਸ਼ਟੀ ਕੀਤੀ ਹੈ। ਉਹੋ ਏਨਾਂ ਨੂੰ ਪਾਲਦੀ ਹੈ ਅਤੇ ਉਹੋ ਇਹ ਵੀ ਚਾਹੁੰਦੀ ਹੈ ਕਿ ਜੋ ਕੁਚਲੇ, ਪੀੜਤ ਅਤੇ ਅਧੀਨ ਹਨ, ਉਹ ਇਸ ਨੂੰ ਰੱਬੀ ਵਿਧਾਨ ਮੰਨ ਕੇ ਆਪਣੀ ਸਥਿਤੀ ਤੇ ਸੰਤੁਸ਼ਟ ਰਹਿਣ। ਉਨ੍ਹਾਂ ਵਲੋਂ ਜ਼ਰਾ ਜਿੰਨੀ ਵੀ ਬਗਾਵਤ-ਵਿਰੋਧ ਦਾ ਜ਼ਜ਼ਬਾ ਦਿਖਾਇਆ ਗਿਆ ਤਾਂ ਉਨ੍ਹਾਂ ਦਾ ਸਿਰ ਕੁਚਲਣ ਲਈ ਪੁਲਸ ਹੈ, ਅਦਾਲਤ ਹੈ, ਕਾਲਾ ਪਾਣੀ ਹੈ। ਤੁਸੀਂ ਸ਼ਰਾਬ ਪੀ ਕੇ ਉਸ ਦੇ ਨਸ਼ੇ ਤੋਂ ਬਚ ਨਹੀਂ ਸਕਦੇ। ਅੱਗ ਲਾ ਕੇ ਚਾਹੋ ਕਿ ਲਾਟਾਂ ਨਾ ਉਠਣ, ਅਸੰਭਵ ਹੈ। ਪੈਸਾ ਆਪਣੇ ਨਾਲ ਇਹ ਸਾਰੀ ਦੁਨੀਆਂ ਲਿਆਉਂਦਾ ਹੈ, ਜਿਨ੍ਹਾਂ ਨੇ ਦੁਨੀਆਂ ਨੂੰ ਨਰਕ ਬਣਾ ਦਿੱਤਾ ਹੈ। ਏਸ ਪੈਸਾ-ਪੂਜਾ ਨੂੰ ਹਟਾ ਦਿਓ, ਸਾਰੀਆਂ ਬੁਰਾਈਆਂ ਆਪਣੇ ਆਪ ਮਿਟ ਜਾਣਗੀਆਂ, ਜੜ੍ਹ ਨਾ ਫਰੋਲ ਕੇ ਸਿਰਫ ਫੰਗਸ ਦੀਆਂ ਪੱਤੀਆਂ ਤੋੜਨਾ ਫਜ਼ੂਲ ਹੈ। ਇਹ ਨਵੀਂ ਸਭਿਅਤਾ ਅਮੀਰੀ ਨੂੰ ਛੋਟਾਪਣ ਅਤੇ ਸ਼ਰਮਨਾਕ ਅਤੇ ਘਾਤਕ ਜ਼ਹਿਰ ਸਮਝਦੀ ਹੈ। ਉਥੇ ਕੋਈ ਆਦਮੀ ਅਮੀਰਾਨਾ ਢੰਗ ਨਾਲ ਰਹੇ ਤਾਂ ਲੋਕਾਂ ਦੀ ਈਰਖਾ ਦਾ ਪਾਤਰ ਨਹੀਂ ਹੁੰਦਾ, ਸਗੋਂ ਤੁੱਛ ਅਤੇ ਨੀਚ ਸਮਝਿਆ ਜਾਂਦਾ ਹੈ। ਗਹਿਣਿਆਂ ਨਾਲ ਲੱਦੀ ਕੋਈ ਔਰਤ ਸੁੰਦਰੀ ਨਹੀਂ ਬਣਦੀ, ਨਫਰਤ ਦੀ ਪਾਤਰ ਬਣਦੀ ਹੈ। ਸਧਾਰਣ ਜਨ-ਸਮਾਜ ਤੋਂ ਉੱਚਾ ਰਹਿਣ ਸਹਿਣ ਰੱਖਣਾ ਉਥੇ ਬੇਹੂਦਗੀ ਸਮਝੀ ਜਾਂਦੀ ਹੈ। ਸ਼ਰਾਬ ਪੀਕੇ ਉਥੇ ਬਹਿਕਿਆ ਨਹੀਂ ਜਾ ਸਕਦਾ, ਵੱਧ ਸ਼ਰਾਬਨੋਸ਼ੀ ਉਥੇ ਦੋਸ਼ ਸਮਝਿਆ ਜਾਂਦਾ ਹੈ, ਧਾਰਮਕ ਦ੍ਰਿਸ਼ਟੀ ਤੋਂ ਨਹੀਂ, ਸਗੋਂ ਸ਼ੁੱਧ ਸਮਾਜਕ ਦ੍ਰਿਸ਼ਟੀ ਤੋਂ, ਕਿਉਂਕਿ ਸ਼ਰਾਬਖੋਰੀ ਨਾਲ ਆਦਮੀ ਵਿਚੋਂ ਧੀਰਜ ਅਤੇ ਤਕਲੀਫਾਂ ਝੱਲਣ, ਅਧਿਐਨ ਅਤੇ ਮਿਹਨਤੀਪਣੇ ਦਾ ਅੰਤ ਹੋ ਜਾਂਦਾ ਹੈ।

ਹਾਂ, ਏਸ ਸਮਾਜਕ ਢਾਂਚੇ ਨੇ ਆਦਮੀ ਨੂੰ ਇਹ ਅਜ਼ਾਦੀ ਨਹੀਂ ਦਿਤੀ ਹੈ ਕਿ ਆਮ ਲੋਕਾਂ ਨੂੰ ਆਪਣੀਆਂ ਇੱਛਾਵਾਂ ਦੀ ਤ੍ਰਿਪਤੀ ਦਾ ਸਾਧਨ ਬਣਾਵੇ ਅਤੇ ਤਰ੍ਹਾਂ ਤਰ੍ਹਾਂ ਦੇ ਬਹਾਨਿਆਂ ਨਾਲ ਉਨ੍ਹਾਂ ਦੀ ਮਿਹਨਤ ਦਾ ਫਾਇਦਾ ਉਠਾਵੇ ਜਾਂ ਸਰਕਾਰੀ ਰੁਤਬਾ ਹਾਸਲ ਕਰਕੇ ਮੋਟੀਆਂ ਮੋਟੀਆਂ ਤਨਖਾਹਾਂ ਉਡਾਵੇ ਅਤੇ ਮੁੱਛਾਂ ਨੂੰ ਤਾਅ ਦਿੰਦਾ ਫਿਰੇ।

(ਬਾਕੀ ਸਫਾ 43)

ਕਹਾਣੀ

# ਬਦਬੂ

ਸ਼ੇਖਰ ਜੋਸ਼ੀ

---

ਉਹ ਉਹਦੀ ਪਰੇਸ਼ਾਨੀ ਦਾ ਕਾਰਨ ਤਾੜ ਗਿਆ ਸੀ — ਐਂ ਨਹੀਂ ਉਤਰਨਾ ਮਾਸਟਰ ! ਆ, ਤੇਲ ਚ ਧੋ ਲੈ – ਆਖ ਕੇ ਉਸ ਸਾਥੀ ਨੇ ਉਹਨੂੰ ਆਪਣੇ ਨਾਲ ਚਲਣ ਦਾ ਇਸ਼ਾਰਾ ਕੀਤਾ ।

ਵੱਡੇ – ਸਾਰੇ ਟੱਬ ਵਿਚ ਘਟੀਆ ਕਿਸਮ ਦਾ ਮਿੱਟੀ ਦਾ ਤੇਲ ਪਿਆ ਸੀ । ਦੋਹਵਾਂ ਨੇ ਆਪਣੀਆਂ ਬਾਹਵਾਂ ਨੂੰ ਕੂਹਣੀਆਂ ਤਕ ਡੁਬੋ ਕੇ ਤੇਲ ਨਾਲ ਮਲੀਆਂ । ਹੁਣ ਤਲੀਆਂ ਤੇ ਬਾਹਵਾਂ ਨਾਲ ਲੱਗੀ ਸਾਰੀ ਥਿੰਦੀ ਕਾਲਖ ਲੱਥ ਗਈ ਸੀ, ਪਰ ਉਹਨੂੰ ਲਗਾ ਜਿਵੇਂ ਦੋਹਵਾਂ ਬਾਹਵਾਂ ਵਿਚ ਅਦਿਖ ਕੀੜੀਆਂ ਰੀਂਗ ਰਹੀਆਂ ਹੋਣ । ਮਿੱਟੀ ਦੇ ਤੇਲ ਦੀ ਬੂ ਕਾਰਨ ਉਹਦਾ ਜੀ ਕੱਚਾ –– ਜਿਹਾ ਹੋ ਗਿਆ । ਇਸ ਖਿੱਝ ਤੇ ਗੰਧ ਤੋਂ ਖਹਿੜਾ ਛਡਾਉਣ ਲਈ ਉਹ ਨਲਕੇ ਵਲ ਹੋਇਆ ।

ਆਖ਼ਰੀ ਸਾਇਰਨ ਵੱਜ ਚੁਕਾ ਸੀ । ਪਾਣੀ ਦੇ ਹਰ ਇਕ ਨਲਕੇ ਉਤੇ ਅਨੇਕਾਂ ਮਜ਼ਦੂਰ ਘਿਰੇ ਹੋਏ ਸਨ । ਕੁਝ ਲੋਕ ਹੱਥਾਂ ਨੂੰ ਸਾਬਣ ਮਲ ਰਹੇ ਸਨ ਤੇ ਬਾਕੀ ਸਾਬਣ ਮਲ ਕੇ ਹੱਥਾਂ ਨੂੰ ਧੋਣ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ । ਉਹਨੂੰ ਦੇਖ ਕੇ ਸਾਰਿਆਂ ਦੀਆਂ ਅਜਨਬੀ ਨਿਗਾਹਾਂ ਉਹਦੇ ਵਲ ਲਗ ਗਈਆਂ । ਇਕ – ਦੋ ਮਜ਼ਦੂਰਾਂ ਨੇ ਸੱਜਣਤਾ ਦਿਖਾਉਂਦਿਆਂ ਵਾਰੀ ਤੋਂ ਪਹਿਲਾਂ ਹੀ ਉਹਨੂੰ ਨਲਕੇ ਅਗੇ ਹੋਣ ਲਈ ਕਿਹਾ । ਕੁਝ ਸੰਕੋਚ ਮਗਰੋਂ ਉਹਨੇ ਅਗੇ ਹੋ ਕੇ ਪਾਣੀ ਲੈ ਲਿਆ । ਇਹ ਸੰਕੋਚ ਸੁਭਾਵਕ ਸੀ । ਆਪਣੀ ਵਾਰੀ ਆਉਣ ਤੋਂ ਪਹਿਲਾਂ ਪਾਣੀ ਲੈਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਉਤਸਾਹਤ ਕਰਨ ਦੀ ਇੱਛਾ ਕਿਸੇ ਵਿਚ ਨਹੀਂ ਸੀ, ਉਹ ਦੋ ਬਿੰਦ ਪਹਿਲਾਂ ਕਈਆਂ ਕੋਲੋਂ ਸੁਣ ਚੁਕਿਆ ਸੀ ।

ਪਰ ਉਹਨੂੰ ਪਾਣੀ ਲੈਂਦਿਆਂ ਦੇਖ ਕੇ ਕਿਸੇ ਨੇ ਏਤਰਾਜ਼ ਨਾ ਕੀਤਾ । ਇਕ ਵਾਰੀ ਹੱਥ ਚੰਗੀ ਤਰ੍ਹਾਂ ਧੋ ਲੈਣ ਮਗਰੋਂ ਉਹਨੇ ਸੁੰਘੇ । ਮਿੱਟੀ ਦੇ ਤੇਲ ਦੀ ਗੰਧ ਹਾਲੇ ਗਈ ਨਹੀਂ । ਦੂਜੀ ਵਾਰੀ ਸਾਬਣ ਨਾਲ ਧੋਤਿਆਂ ਵੀ ਉਹਨੂੰ ਲਗਾ ਕਿ ਗੰਧ ਗਈ ਨਹੀਂ । ਉਹਨੇ ਸਾਬਣ ਇਕ ਵਾਰ ਫੇਰ ਜੇਬ ਵਿਚੋਂ ਕਢਿਆ ਤੇ ਹੱਥਾਂ ਨਾਲ ਲਾਉਣਾ ਸ਼ੁਰੂ ਕਰ ਦਿੱਤਾ ।

ਘਾਸੀ ਸੁਵਾਦ ਲੈ-ਲੈ ਕਿੱਸਾ ਸੁਣਾਉਣ ਲੱਗ ਪਿਆ ਤੇ ਸਾਰੇ ਜਣੇ ਆਪਣਾ ਰੁਝੇਵਾਂ ਭੁੱਲ ਕੇ ਉਹਦੀ ਗੱਲ ਸੁਣਨ ਲਗ ਪਏ –

ਕਿਸੇ ਪਿੰਡ ਮਿਹਤਰ ਦੀ ਧੀ ਸੀ । ਉਹ ਵਿਆਹੀ ਗਈ ਸ਼ਹਰ । ਤੁਹਾਨੂੰ ਪਤਾ ਹੀ ਐ, ਪਿੰਡ ਦੇ ਮਿਹਤਰਾਂ ਨੂੰ ਤਾਂ ਕਦੇ ਗੰਦ ਚੁੱਕਣ ਦੀ ਲੋੜ ਹੀ ਨਹੀਂ ਪੈਂਦੀ । ਨਵੀਂ-ਨਵੀਂ ਸ਼ਹਰ ਗਈ ਸੀ । ਦਿਨੇ-ਰਾਤ ਨੱਕ ਚਾੜ੍ਹ ਕੇ ਆਪਣੇ ਖਸਮ ਨੂੰ ਕਿਹਾ ਕਰੇ – ਬੋ ਆਉਂਦੀ ਹੈ । ਮਾਲਕ ਕੀ ਕਰਦਾ ! ਉਹਦੀ ਖਾਤਰ ਕੰਮ ਤਾਂ ਛੱਡ ਨਹੀਂ ਸਕਦਾ । ਹੌਲੀ-ਹੌਲੀ ਕੁੜੀ ਵੀ ਕੰਮ ਤੇ ਜਾਣ ਲਗ ਪਈ । ਸਾਲ ਛੇ ਮਹੀਨੇ ਪਾ ਕੇ ਮਿਹਤਰ ਦੀ ਸੱਸ ਧੀ ਨੂੰ ਮਿਲਣ ਆਈ । ਰਸਤੇ ਚ ਹੀ ਹੱਥ ਚ ਝਾੜੂ ਟੋਕਰਾ ਲਈ ਗਈ । ਮਾਂ ਪਹਲਾਂ ਤਾਂ ਲਾਡ ਨਾਲ ਧੀ ਨੂੰ ਗਲ ਲੱਗ ਕੇ ਮਿਲੀ ਤੇ ਫੇਰ ਨੱਕ ਪੱਲੇ ਨਾਲ ਢਕ ਲਿਆ ।

ਧੀ ਪੁੱਛਦੀ - ਏ ਅੰਮਾ ਨੱਕ ਮੂੰਹ ਕਾਹਤੋਂ ਢਕ ਲਿਆ ?

ਮਾ ਕਹਿੰਦੀ - ਧੀਏ, ਬੋ ਆਉਂਦੀ ਐ ।

ਧੀ ਹੈਰਾਨ – ਕਾਹਦੀ ਬੋ, ਮੈਨੂੰ ਤਾਂ ਨਹੀਂ ਆਉਂਦੀ !

ਨਲਕੇ ਦੁਆਲੇ ਇਕੱਠੇ ਹੋਏ ਸਾਰੇ ਮਜ਼ਦੂਰਾਂ ਦੇ ਥੱਕੇ ਹੋਏ ਚਿਹਰਿਆਂ ਉੱਤੇ ਉਹਦੀ ਗੱਲ ਸੁਣ ਕੇ ਹਾਸਾ ਖਿਲਰ ਗਿਆ । ਘਾਸੀ ਨੇ ਹੀ ਫੇਰ ਗੱਲ ਸਾਫ਼ ਕੀਤੀ –

ਇਹ ਭਾਈ ਵੀ ਹੁਣੇ ਹੱਥ ਨੱਕ ਅੱਗੇ ਲੈ-ਜਾ ਲੈ-ਜਾ ਸੁੰਘ ਰਿਹਾ ਸੀ, ਤਾਂਹੀਓਂ ਗੱਲ ਯਾਦ ਆ ਗਈ। ਪਹਿਲਾਂ-ਪਹਿਲਾਂ ਅਸੀਂ ਵੀ ਐਂ ਹੀ ਸੁੰਘਦੇ ਹੁੰਦੇ ਸੀ। ਪਰ ਹੁਣ ਤਾਂ ਸਹੁਰਾ ਪਤਾ ਈ ਨਹੀਂ ਲਗਦਾ। ਕਈ ਵਾਰੀ ਤਾ ਸਾਬਣ ਹੀ ਨਹੀਂ ਜੁੜਦਾ, ਐ ਹੀ ਪੂੰਝ-ਪਾਂਝ ਕੇ ਰੋਟੀ ਖਾਣ ਬੈਠ ਜਾਈਦੈ।

ਇਸ਼ਾਰਾ ਓਸੇ ਵੱਲ ਹੀ ਸੀ। ਮਖੌਲ ਦੇ ਜਵਾਬ ਵਿਚ ਗੰਭੀਰ ਹੋ ਜਾਣਾ ਉਹਨੂੰ ਵਾਜਬ ਨਾ ਲੱਗਾ। ਸਾਰਿਆਂ ਨਾਲ ਉਹ ਵੀ ਹੱਸ ਪਿਆ। ਪਰ ਘਾਸੀ ਦੀ ਗੱਲ ਉੱਤੇ ਉਹਨੂੰ ਹੈਰਾਨੀ ਹੋ ਰਹੀ ਸ਼ੀ। ਤੇਲ ਦੀ ਐਨੀ ਤਿੱਖੀ ਬਦਬੂ ਨੂੰ ਸਾਬਣ ਨਾਲ ਹਟਾਊਣ ਤੋਂ ਬਿਨਾ ਬੰਦਾ ਭਲਾ ਚੈਨ ਨਾਲ ਕਿਵੇਂ ਰਹਿ ਸਕਦਾ ਹੈ। ਇਹਦਾ ਉਹਨੂੰ ਯਕੀਨ ਨਹੀਂ ਹੋ ਰਿਹਾ ਸੀ।

ਉਹ ਕਪੜੇ ਬਦਲ ਕੇ ਲਾਈਨ ਵਿਚ ਜਾ ਲੱਗਾ। ਇਕਹਰੀ ਕਤਾਰ ਦੇ ਸ਼ੁਰੂ ਵਿਚ ਹੈਡੱ ਫ਼ੋਰਮੈਨ ਦੇ ਨਾਲ ਗੋਰਖਾ ਸਿਪਾਹੀ ਖੜ੍ਹਾ ਸੀ। ਹਰ ਇਕ ਮਜ਼ਦੂਰ ਆਪਣਾ ਰੋਟੀ ਵਾਲਾ ਖਾਲੀ ਡੱਬਾ ਖੋਲ੍ਹਕੇ ਉਹਨੂੰ ਦਿਖਾਉਂਦਾ ਤੇ ਫੇਰ ਦੋਹਵੇਂ ਹੱਥ ਉਤੇ ਚੁੱਕ ਤੇ ਤਲਾਸ਼ੀ ਦੇਣ ਦੇ ਅੰਦਾਜ਼ ਵਿਚ ਖੜ੍ਹਾ ਹੋ ਜਾਂਦਾ। ਗੋਰਖਾ ਮਜ਼ਦੂਰ ਦੀ ਛਾਤੀ, ਕਮਰ ਤੇ ਜੇਬਾਂ ਟੋਹ ਕੇ ਅੱਗੇ ਵਧ ਜਾਣ ਦਾ ਇਸ਼ਾਰਾ ਕਰਦਾ। ਘਰ ਛੇਤੀ ਪਹੁੰਚਣ ਦੀ ਇੱਛਾ ਰਖਣ ਵਾਲਿਆਂ ਨੂੰ ਕਤਾਰ ਦੀ ਧੀਮੀ ਰਫ਼ਤਾਰ ਕਾਰਨ ਝੁੰਜਲਾਹਟ ਹੋ ਰਹੀ ਸੀ। ਇਸ ਝੁੰਜਲਾਹਟ ਵਿਚ ਕਦੀ-ਕਦੀ ਲੋਕ ਕਤਾਰ ਵਿਚ ਆਪਣੇ ਤੋਂ ਅਗਲੇ ਜਣੇ ਨੂੰ ਧੱਕ ਦਿੰਦੇ। ਵਿਚ-ਵਿਚ ਮੋਟਾ ਫ਼ੋਰਮੈਨ ਉਨ੍ਹਾਂ ਦੀ ਇਸ ਜਲਦਬਾਜ਼ੀ ਨੂੰ ਕਿਸੇ ਗੰਦੀ, ਅਸ਼ਲੀਲ ਗੱਲ ਨਾਲ ਜੋੜ ਕੇ ਹੱਸ ਪੈਂਦਾ। ਉਹਨੂੰ ਫ਼ੋਰਮੈਨ ਦੀ ਇਹ ਗੱਲ ਚੰਗੀ ਨਾ ਲੱਗੀ। ਪਰ ਕਤਾਰ ਵਿਚੋਂ ਹੀ ਉਹਨੇ ਕਿਸੇ ਨੂੰ ਕਹਿੰਦਿਆਂ ਸੁਣਿਆ — ਫ਼ੋਰਮੈਨ ਜੀ ਵੀ ਬੜੇ ਰੰਗੀਨ ਬੰਦੇ ਨੇ। ਸਹਿਮਤੀ ਪ੍ਰਗਟਾਉਣ ਵਾਲਾ ਅੱਧਖੜ ਬੰਦਾ ਸੀ, ਹਾਲੇ ਵੀ ਕ੍ਰਿਤਗਤਾ ਨਾਲ ਫ਼ੋਰਮੈਨ ਵਲ ਦੇਖ ਰਿਹਾ ਸੀ ਕਿ ਜਿਵੇਂ ਫ਼ੋਰਮੈਨ ਨੇ ਇਹ ਮਜ਼ਾਕ ਕਰ ਕੇ ਉਹਦੇ ਉੱਤੇ ਬੜੀ ਮਿਹਰ ਕਰ ਦਿੱਤੀ ਹੋਵੇ।

ਉਹਦੀ ਤਲਾਸ਼ੀ ਦੇਣ ਦੀ ਵਾਰੀ ਆ ਗਈ ਸੀ। ਗੀਂਡੇ ਸਿਪਾਹੀ ਨੇ ਅੱਡੀਆਂ ਚੁੱਕ ਕੇ ਬੜੀ ਔਖਿਆਈ ਨਾਲ ਉਹਦੀ ਤਲਾਸ਼ੀ ਲਈ। ਸਿਪਾਹੀ ਦੀ ਇਸ਼ ਹਰਕਤ ਉੱਤੇ ਉਹਨੇ ਹੱਸਣਾ ਚਹਿਆ, ਪਰ ਉਹਦੇ ਮਨ ਉੱਤੇ ਉਦਾਸੀ ਦੀ ਧੁੰਦ ਏਨੀ ਡੂੰਗੀ ਛਾਈ ਹੋਈ ਸੀ ਕਿ ਉਹ ਹੱਸ਼ ਨਾ ਸਕਿਆ। ਵੱਡੇ ਫਾਟਕ ਤੋਂ ਪਹਿਲਾਂ ਫੇਰ ਇਕਹਰੀ ਕਤਾਰ ਬਣ ਗਈ ਸੀ। ਪਰ ਇਸ ਵਾਰ ਕਤਾਰ ਦੇ ਪਰਲੇ ਸਿਰੇ ਤੇ ਖੜ੍ਹਾ ਸਿਪਹੀ ਤਲਾਸ਼ੀ ਨਹੀਂ ਸੀ ਲੈ ਰਿਹਾ, ਸਗੋਂ ਉਹ ਇਹ ਦੇਖਣ ਲਈ ਖੜ੍ਹਾ ਸੀ ਕਿ ਕੋਈ ਵੀ ਜਣਾ ਟੇਢੀ ਡਿਗੀ ਪਈ ਲਕੜ ਨੂੰ ਉਲੰਘੇ ਬਿਨਾ ਨਾ ਚਲਾ ਜਾਏ। ਹੋਰ ਸਾਰੇ ਮਜ਼ਦੂਰਾਂ ਵਾਂਗ ਉਹ ਵੀ ਲਕੜੀ ਨੂੰ ਉਲੰਘ ਕੇ ਬਾਹਰ ਆ ਗਿਆ। ਉਹਨੇ ਪਿਛਾਂਹ ਮੁੜ ਕੇ ਦੇਖਿਆ, ਮਜ਼ਦੂਰ ਹਾਲੇ ਵੀ ਇਕ-ਇਕ ਕਰਦੇ ਲੱਕੜ ਟੱਪਦੇ ਆ ਰਹੇ ਸਨ। ਇਸ ਟੱਪ-ਟਪਾਈ ਦਾ ਮਕਸਦ ਉਹ ਸਮਝ ਨਾ ਸਕਿਆ। ਗੇਟ ਤੋਂ ਬਾਹਰ ਨਿਕਲ ਕੇ ਉਹਨੇ ਮਹਸੂਸ ਕੀਤਾ, ਜਿਵੇਂ ਉਹ ਬੰਦ ਕੋਠੜੀ ਵਿਚੋਂ ਨਿਕਲ ਕੇ ਖੁਲ੍ਹੀ ਹਵਾ ਵਿਚ ਆ ਗਿਆ ਹੋਏ।

– ਕੀ ਆਫ਼ਤ ਆਈ ਪਈ ਐ! ਉਹਦੇ ਮੂੰਹੋਂ ਅਚਾਨਕ ਨਿਕਲਿਆ।

ਅਣਜਾਣਤਾ ਵਿਚ ਆਖੇ ਇਹ ਬੋਲ ਨਾਲ ਚਲਣ ਵਾਲੇ ਬਜ਼ੁਰਗ ਨੇ ਸੁਣ ਲਏ। ਉਹਨੇ ਹੌਲੀ-ਦੇਣੀਂ ਆਪਣੀ ਰਾਏ ਪ੍ਰਗਟ ਕੀਤੀ - ਨਵਾਂ ਆਇਆ ਲਗਦੈਂ! ਪਹਿਲਾਂ-ਪਹਿਲਾਂ ਐਦਾਂ ਹੀ ਲਗਦਾ ਹੁੰਦੈ। ਹੌਲੀ-ਹੌਲੀ ਆਦਤ ਪੈ ਜਾਊ। ਆਸਮਾਨ ਵਲ ਉਂਗਲ ਕਰਕੇ ਉਹ ਨੇ ਗੱਲ ਤੋਰੀ — ਉਸ ਨੀਲੀ ਛਤਰੀ ਵਾਲੇ ਦਾ ਸ਼ੁਕਰ ਕਰ ਪਈ ਇਥੇ ਕੰਮ ਮਿਲ ਗਿਆ। ਚੰਗੇ-ਭਲੇ ਪੜ੍ਹੇ-ਲਿਖੇ ਧੱਕੇ ਖਾਂਦੇ ਫਿਰਦੇ ਐ; ਸਾਡੇ ਗਵਾਂਢ ਇਕ ਮੁੰਡਾ... ਬਜ਼ੁਰਗ ਆਪਣੇ ਅਨੁਭਵ ਦੀ ਪਟਾਰੀ ਖੋਲ੍ਹ ਕੇ ਬਹੁਤ ਕੁਝ ਖਲਾਰਨਾ ਚਾਹੁੰਦਾ ਸੀ, ਪਰ ਉਹਦਾ ਕਨ ਉਹਦੀਆਂ ਗੱਲਾਂ ਵਿਚ ਨਹੀਂ ਸੀ। ਉਹਨੇ ਉਹਨੂੰ ਕੱਨਖੀਏਂ ਦੇਖਿਆ। ਉਸ ਉਪਰ ਵਾਲੇ ਦੇ ਅਹਸਾਨ ਦਾ ਬੋਝ ਚੁੱਕਦਿਆਂ-ਚੁੱਕਦਿਆਂ ਹੀ ਜਿਵੇਂ ਉਹਦੀ ਕਮਰ ਦੂਹਰੀ ਹੋ ਗਈ ਸੀ। ਉਹ ਤੋਰ ਤੇਜ਼ ਕਰ ਕੇ ਅੱਗੇ ਵਧ ਗਿਆ।

ਰਸਤੇ ਭਰ ਉਹਦੇ ਦਿਮਾਗ ਵਿਚ ਓਹੀ ਸਭ ਕੁਝ ਘੁੰਮਦਾ ਰਿਹਾ, ਜੋ ਉਹਨੇ ਸਾਰਾ ਦਿਨ ਦੇਖਿਆ –– ਸੁਣਿਆ ਸੀ। ਘਾਸੀ ਤੇ ਉਸ ਬਜ਼ੁਰਗ ਦੀ ਗੱਲ ਯਾਦ ਆਉਣ ਤੇ ਉਹ ਸੋਚਣ ਲਗਾ, ਕੀ ਸੱਚੀ ਇਕ ਦਿਨ ਉਹ ਵੀ ਸਭ ਕੁਝ ਸਹਾਰਨ ਦਾ ਆਦੀ ਹੋ ਜਾਏਗਾ ਤੇ ਨੀਲੀ ਛਤਰੀ ਵਾਲੇ ਦੇ ਅਹਸਾਨਾਂ ਦਾ ਬੋਝ ਉਹਦੀ ਕਮਰ ਨੂੰ ਵੀ ਉਵੇਂ ਹੀ ਝੁਕਾ ਦਏਗਾ।

ਕਾਰਖਾਨੇ ਵਿਚ ਉਹਦਾ ਇਹ ਪਹਿਲਾ ਦਿਨ ਸੀ।

ਫੇਰ ਇਕ-ਇਕ ਕਰਕੇ ਕਈ ਦਿਨ ਬੀਤਦੇ ਗਏ। ਪਰ ਘੁਟਨ ਤੇ ਉਦਾਸੀ ਦੀ ਛਾਂ ਦਿਨੋਂ-ਦਿਨ ਬੋਝਲ ਹੁੰਦੀ ਗਈ।

ਸ਼ਹਿਰ ਦੇ ਬਾਹਰਵਾਰ ਕਾਰਖਾਨੇ ਦੀ ਪਹਿਲੀ ਸੀਟੀ ਤੇ ਹਰ ਰੋਜ਼ ਮਜ਼ਦੂਰ ਆਪਣੀ-ਆਪਣੀ ਗ੍ਰਹਸਥੀ

ਛਡ ਕੇ. ਹੱਥਾਂ ਵਿਚ ਰੋਟੀ ਦਾ ਪੋਣਾ ਜਾਂ ਡੱਬਾ ਲਟਕਾਈ ਆਪਣੀ ਸੁਧ-ਬੁਧ ਗੁਆ ਕੇ ਤੇਜ਼ ਕਦਮਾਂ ਨਾਲ ਕਾਰ-ਖ਼ਾਨੇ ਵਲ ਤੁਰ ਪੈਂਦੇ। ਦਿਨ ਭਰ ਕਾਰਖ਼ਾਨੇ ਦੀ ਖਟਰ-ਖਟਰ ਵਿਚ ਮਸ਼ੀਨਾਂ ਤੇ ਔਜ਼ਾਰਾਂ ਨਾਲ ਜੂਝ ਕੇ ਹਾਰੀਆਂ-ਹੰਭੀਆਂ ਦੇਹਾਂ ਵਾਲਾ ਇਹ ਕਾਫ਼ਲਾ ਸੰਝ ਦੇ ਧੁੰਦਲਕੇ ਵਿਚ ਆਪਣੇ ਘਰਾਂ ਵਲ ਤੁਰ ਪੈਂਦਾ। ਸਰਦੀ, ਗਰਮੀ; ਬਰਸਾਤ ਵਿਚ ਕਦੇ ਵੀ ਇਸ ਤਰਤੀਬ ਵਿਚ ਕਦੇ ਕੋਈ ਵਿਘਨ ਨਾ ਪੈਂਦਾ।

ਕਾਰਖ਼ਾਨੇ ਵਿਚ ਆਪਣੇ-ਆਪਣੇ ਅੱਡੇ ਤੇ ਕੰਮ ਕਰਦੇ ਜਣਿਆਂ ਨੂੰ ਹਰ ਰੋਜ਼ ਸਵੇਰ ਤੋਂ ਸ਼ਾਮ ਤਕ ਇੱਕੋ ਜਗ੍ਹਾ, ਉਨ੍ਹਾਂ ਹੀ ਜਾਣੀਆਂ-ਪਛਾਣੀਆਂ ਹਰਕਤਾਂ ਵਿਚ ਦੇਖ ਕੇ ਉਹਨੂੰ ਲਗਦਾ ਜਿਵੇਂ ਉਹ ਵਰ੍ਹਿਆਂ ਤੋਂ ਏਸੇ ਜਗ੍ਹਾ ਇਸੇ ਰੂਪ ਵਿਚ ਦੇਖਦਾ ਆ ਰਿਹਾ ਹੋਵੇ। ਇਸ ਨੀਰਸ ਜ਼ਿੰਦਗੀ ਵਿਚ ਕੋਈ ਹਿਲਜੁਲ ਹੋ ਵੀ ਜਾਂਦੀ ਤਾਂ ਉਹਦਾ ਅਸਰ ਦੇਰ ਤਕ ਨਾ ਰਹਿੰਦਾ। ਛਪੜ ਦੇ ਰੁਕੇ ਹੋਏ ਪਾਣੀ ਵਿਚ ਢੀਮ ਸੁੱਟ ਦੇਣ ਨਾਲ ਜਿਵੇਂ ਬਿੰਦ ਕੁ ਲਈ ਹਿਲਜੁਲ ਹੁੰਦੀ ਹੈ, ਇਵੇਂ ਹੀ ਕਿਸੇ ਨਵੀ ਘਟਨਾਂ ਦਾ ਪ੍ਰਭਾਵ ਇਥੇ ਪੈਂਦਾ। ਇਕ-ਦੋ ਦਿਨ ਕਾਰਖ਼ਾਨੇ ਵਿਚ ਉਸ ਘਟਨਾ ਦੀ ਚਰਚਾ ਹੁੰਦੀ ਰਹਿੰਦੀ ਤੇ ਫੇਰ ਸਭ ਕੁਝ ਪਹਿਲਾਂ ਵਾਂਗ ਸ਼ਾਂਤ ਹੋ ਜਾਂਦਾ। ਸਾਥੀ ਮਜ਼ਦੂਰਾਂ ਦੇ ਚਿਹਰਿਆਂ ਉੱਤੇ ਅਸਹਿ ਦੁੱਖਾਂ-ਤਕਲੀਫ਼ਾਂ ਦੀ ਡੂੰਘੀ ਛਾਪ ਸੀ, ਜੋ ਗੱਲਬਾਤ ਜਾਂ ਹਾਸੇ ਠੱਠੇ ਵਿਚ ਵੀ ਸਪਸ਼ਟ ਝਲਕਦੀ ਸੀ। ਕਿਸੇ ਤਰ੍ਹਾਂ ਦੀ ਨਵੀਨਤਾ ਤਾਈਂ ਸਾਰਿਆਂ ਦੇ ਮਨਾਂ ਵਿਚ ਅਜੀਬ ਸੰਸਾ-ਭਾਵ ਜੜ੍ਹ ਜਮਾਈ ਬੈਠਾ ਰਹਿੰਦਾ। ਸ਼ਾਇਦ ਇਹੀ ਕਾਰਨ ਸੀ ਕਿ ਅਚਾਨਕ ਹੀ ਛੋਟੀ-ਜਿਹੀ ਘਟਨਾ ਮਗਰੋਂ ਉਹਦੇ ਸਾਥੀਆਂ ਦਾ ਸਲੂਕ ਉਹਦੇ ਤਾਈਂ ਸ਼ੱਕੀ ਹੋ ਗਿਆ ਸੀ।

ਉਂਜ ਇਹ ਘਟਨਾ ਕੋਈ ਖ਼ਾਸ ਨਹੀਂ ਸੀ। ਓਦਣ ਕਾਰਖ਼ਾਨੇ ਵਿਚ ਹਰ ਜਗ੍ਹਾ ਬੀੜੀ ਦਾ ਤੂਫ਼ਾਨ ਮਚਿਆ ਹੋਇਆ ਸੀ।

– ਬਈ ਹੱਦ ਹੋ ਗਈ ਯਾਰ, ਸਾਲਾ ਬੁਧੂਵਾ ਬਲਦੀ ਬੀੜੀ ਨਿਗਲ ਗਿਆ।

– ਅਸੀਂ ਓਥੇ ਹੀ ਖੜ੍ਹੇ ਸੀ ਬਈ। ਸਾਹਬ ਨੇ ਕਿਹਾ ਮੂੰਹ ਖੋਲ੍ਹ ਤਾਂ ਬੀੜੀ ਮੂੰਹ 'ਚ ਨਹੀਂ ਸੀ।

– ਕਮਾਲ ਐ। ਸਾਲੇ ਮੇਰੇ ਨੂੰ ਸਰਕਸ 'ਚ ਭਰਤੀ ਹੋਣਾ ਚਾਹੀਦੈ।

ਚੀਫ਼ ਸਾਹਬ ਦੇ ਹੁਕਮ ਤੇ ਮਜ਼ਦਰ ਇਕ ਥਾਂ ਇਕੱਠੇ ਹੋ ਗਏ ਸਨ। ਸਾਹਬ ਦੇ ਨੇੜੇ ਹੀ ਬੁੱਧਨ ਸਿਰ ਨਿਵਾਈ ਖੜ੍ਹਾ ਸੀ। ਹਾਜ਼ਰ ਇਕੱਠ ਨੂੰ ਨਸੀਹਤ ਦਿੰਦਿਆਂ ਸਾਹਬ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਪਿੱਛਿਓਂ ਜਾ ਕੇ ਬੁੱਧਨ ਨੂੰ ਕਾਰਖ਼ਾਨੇ ਦੇ ਅੰਦਰ ਬੀੜੀ ਪੀਂਦਿਆਂ ਫੜਿਆ ਤੇ ਕਿਸ ਤਰ੍ਹਾਂ ਚਾਲਾਕੀ ਨਾਲ ਉਹਨੇ ਬੀੜੀ ਨਿਗਲ ਕੇ ਗ਼ਾਇਬ ਕਰ ਲਈ ਸੀ।

ਸਾਹਿਬ ਬੋਲਿਆ — ਕਾਰਖ਼ਾਨੇ 'ਚ ਐਨੀਆਂ ਕੀਮਤੀ ਚੀਜ਼ਾਂ ਪਈਆਂ ਰਹਿੰਦੀਆਂ ਹਨ। ਕਿਸੇ ਵੀ ਵੇਲੇ ਅੱਗ ਲਗ ਸਕਦੀ ਐ। ਇੱਕੋ ਆਦਮੀ ਦੇ ਕਾਰਨ ਲੱਖਾਂ ਦਾ ਨੁਕਸਾਨ ਹੋ ਸਕਦੈ। ਅਸੀਂ ਐਸੀਆਂ ਗਲਤੀਆਂ ਦੀ ਸਖ਼ਤ ਤੋਂ ਸਖ਼ਤ ਸਜ਼ਾ ਦਿਆਂਗੇ।

ਬੁੱਧਨ ਨੂੰ ਸਖ਼ਤ ਚਿਤਾਵਨੀ ਨਾਲ ਇਕ ਰੁਪਏ ਦਾ ਡੰਨ ਲਾਉਣ ਦਾ ਸਾਹਬ ਨੇ ਐਲਾਨ ਕਰ ਦਿੱਤਾ। ਕੋਈ ਭੀੜ ਵਿਚੋਂ ਉੱਚੀ-ਦੇਣੀਂ ਬੋਲਿਆ — ਸਾਹਬ, ਅੱਗ ਤਾਂ ਕਿਸੇ ਦੀ ਵੀ ਬੀੜੀ-ਸਿਗਰਟ ਨਾਲ ਲਗ ਸਕਦੀ ਐ।

ਸੈਂਕੜੇ ਹੈਰਾਨਕੁਨ ਅੱਖਾਂ ਉਸ ਪਾਸੇ ਉੱਠੀਆਂ ਜਿਧਰੋਂ ਆਵਾਜ਼ ਆਈ ਸੀ। ਸਾਹਬ ਦੇ ਕੁਝ ਆਖਣ ਤੋਂ ਪਹਿਲਾਂ ਹੀ ਉਹੀ ਜਣਾ ਬੋਲ ਪਿਆ – ਅਫ਼ਸਰ ਸਾਹਬਾਨ ਤਾਂ ਸਾਰੇ ਕਾਰਖ਼ਾਨੇ ਚ ਮੂੰਹ ਚ ਸਿਗਰਟ ਲਈ ਘੁੰਮਦੇ ਰਹਿੰਦੇ ਆ।

ਭੀੜ ਵਿਚ ਭਿਆਨਕ ਚੁੱਪ ਛਾ ਗਈ। ਇਸ ਮੂੰਹ ਜ਼ੋਰ ਨਵੇਂ ਆਦਮੀ ਦੀ ਹਿਮਾਕਤ ਦੇਖ ਕੇ ਸਾਹਬ ਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ। ਬੜੀ ਔਖ ਨਾਲ ਉਹਦੇ ਮੂੰਹੋਂ ਨਿਕਲਿਆ – ਠੀਕ ਐ, ਅਸੀਂ ਦੇਖਾਂਗੇ। ਤੇ ਜਾਂਦਿਆਂ-ਜਾਂਦਿਆਂ ਉਹਨੇ ਤਿੱਖੀ ਨਜ਼ਰ ਉਹਦੇ ਵਲ ਦੇਖਿਆਂ, ਜਿਵੇਂ ਉਹਦੀ ਸ਼ਕਲ ਨੂੰ ਚੰਗੀ ਤਰ੍ਹਾਂ ਪਛਾਣ ਲੈਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਚੀਫ਼ ਸਾਹਬ ਆਪਣੇ। ਚੈਂਬਰ ਵਲ ਤੁਰ ਪਏ। ਭੀੜ ਖਿਲਰ ਗਈ। ਚਾਰੇ ਪਾਸੇ ਅਜੀਬ ਜਿਹੀ ਘੁਸਰ-ਮੁਸਰ ਹੋਣ ਲੱਗੀ। ਲੋਕਾਂ ਦਾ ਧਿਆਨ ਬੁੱਧਨ ਵੱਲੋਂ ਹਟ ਓਹਦੀ ਵਲ ਕੇਂਦਰਿਤ ਹੋ ਗਿਆ ਸੀ।

ਓਦਣ ਛੁੱਟੀ ਮਗਰੋਂ ਮੁੜਦਿਆਂ ਦੋ-ਤਿੰਨ ਨੌ-ਜਵਾਨ ਉਹਦੇ ਨਾਲ ਆਏ। ਸਿੱਧੇ ਤੌਰ ਤੇ ਕਿਸੇ ਨੇ ਵੀ ਬੀੜੀ ਵਾਲੀ ਗੱਲ ਦੀ ਉਹਦੀ ਵਡਿਆਈ ਨਾ ਕੀਤੀ, ਸਗੋਂ ਉਨ੍ਹਾਂ ਦੀ ਗੱਲਬਾਤ ਤੋਂ ਲੱਗਾ, ਜਿਵੇਂ ਉਹਨਾਂ ਨੂੰ ਇਹ ਗੱਲ ਚੰਗੀ ਲੱਗੀ ਹੋਵੇ ਤੇ ਉਹਦੇ ਹੋਰ ਨੇੜੇ ਆਉਣਾ ਚਾਹੁੰਦੇ ਹੋਣ। ਲੱਕੜ ਉਲੰਘ ਕੇ ਕੋਈ ਨੌਜਵਾਨ ਬੁੜ-ਬੁੜ ਕਰਨ ਲੱਗਾ — ਸਾਲਿਆਂ ਨੂੰ ਸ਼ੱਕ ਮਾਰੀ ਜਾਂਦੇ ਪਈ ਅਸੀਂ ਲੱਤਾਂ ਨਾਲ ਕੁਸ ਬੰਨ੍ਹ ਕੇ ਲੈ-ਚੱਲੇ ਆਂ। ਹੁਣ ਇਹ ਨੱਚਣ-ਟੱਪਣ ਦਾ ਖੇਡ ਕਰਾਉਣ ਲਗ ਪਏ ਐ।

— ਇਨ੍ਹਾਂ ਦਾ ਵੱਸ ਚਲੇ ਤਾਂ ਇਹ ਗੇਟ ਤਕ

ਸਾੜੀ ਨਾਂਗੇ ਸਾਧਾਂ ਵਰਗੀ ਬਾਰਾਤ ਬਣਾ ਕੇ ਭੇਜਿਆ ਕਰਨ। ਦੂਜੇ ਨੇ ਉਹਦੀ ਹਮਾਇਤ ਕੀਤੀ।

– 'ਖੀਰ ਖਾਏ ਬਾਹਮਣੀ ਫਾਂਸੀ ਚੜ੍ਹੇ ਸ਼ੇਖ' ਨਹੀਂ ਦੇਖਿਆ ਤਾਂ ਇਥੇ ਆ ਕੇ ਦੇਖ। ਛੋਟੇ ਸਾਹਬ ਦੀ ਗੱਡੀ ਦੇ ਪਿਸਟਨ ਅੰਦਰ ਬਦਲੇ ਗਏ ਨੇ। ਮੈਂ ਆਪਣੀਆਂ ਅੱਖਾਂ ਨਾਲ ਦੇਖਿਐ। ਪਹਿਲੇ ਜਣੇ ਨੇ ਆਵੇਸ਼ ਵਿਚ ਆ ਕੇ ਕਿਹਾ।

– ਚੁੱਪ, ਦੂਜੇ ਨੌਜਵਾਨ ਨੇ ਹੌਲੀ-ਦੇਣੀ ਆਖ ਕੇ ਉਹਨੂੰ ਟੋਕ ਦਿੱਤਾ – ਟੇਲੀਫੂਨ ਜਾਂਦੈ।

ਚੁਸਤ-ਚਲਾਕ ਆਦਮੀ ਉਨ੍ਹਾਂ ਦੇ ਨਾਲ-ਨਾਲ ਤੁਰਨ ਲਗ ਪਿਆ ਸੀ। ਫੇਰ ਉਨ੍ਹਾਂ ਦੋਹਵਾਂ ਨੌਜਵਾਨਾਂ ਆਪਣੀਆਂ ਘਰ ਵਾਲੀਆਂ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਸ ਘਟਨਾ ਮਗਰੋਂ ਕੁਝ ਜਣਿਆਂ ਦੀ ਦੱਬੀ-ਦੱਬੀ ਹਮਦਰਦੀ ਦੇਖ ਕੇ ਉਹਨੂੰ ਮਹਿਸੂਸ ਹੋਇਆ ਜਿਵੇਂ ਕਿਸੇ ਅਨ੍ਹੇਰੇ ਬੰਦ ਤਹਖ਼ਾਨੇ ਵਿਚ ਚਾਨਣ ਦੀ ਹਲਕੀ ਕਿਰਨ ਦਾ ਆਸਰਾ ਉਹਨੂੰ ਮਿਲ ਗਿਆ ਹੋਵੇ। ਪਰ ਸਾਰੇ ਮਜ਼ਦੂਰਾਂ ਦੀਆਂ ਅੱਖਾਂ ਵਿਚ ਹਮਦਰਦੀ ਦਾ ਇਹ ਭਾਵ ਨਹੀਂ ਸੀ। ਅਨੇਕਾਂ ਮਜ਼ਦੂਰ ਇਸ ਘਟਨਾ ਮਗਰੋਂ ਉਹਦੇ ਨਾਲ ਰੁੱਖਾ ਵਰਤਣ ਲਗ ਪਏ ਸਨ, ਤੇ ਕੁਝ ਇਜੇਹੀਆਂ ਵੀ ਅੱਖਾਂ ਸਨ, ਜਿਨ੍ਹਾਂ ਵਿਚ ਅਚਾਨਕ ਹੀ ਈਰਖਾ ਤੇ ਬੇਵਾਸਤਗੀ ਉਭਰ ਆਈ ਸੀ। ਇਜੇਹੀਆਂ ਦੋ ਅੱਖਾਂ ਇਕ ਦਿਨ ਛੁੱਟੀ ਮਗਰੋਂ ਰਸਤੇ ਵਿਚ ਦੂਰ ਤਕ ਉਹਦਾ ਪਿੱਛਾ ਕਰਦੀਆਂ ਰਹੀਆਂ ਸਨ। ਉਹਨੂੰ ਲੱਗਾ ਜਿਵੇਂ ਨਾਲ-ਨਾਲ ਚਲਣ ਵਾਲਾ ਉਹ ਜਣਾ ਉਹਨੂੰ ਕੁਝ ਆਖਣ ਲਈ ਉਤਾਵਲਾ ਹੋ ਰਿਹਾ ਹੋਵੇ! ਉਨ੍ਹਾਂ ਦੋਹਵਾਂ ਦੇ ਨਾਲ-ਨਾਲ ਮਜ਼ਦੂਰਾਂ ਦਾ ਝੁੰਡ ਹੱਥਾਂ ਵਿਚ ਝੋਲਾ ਜਾਂ ਟਿਫ਼ਨ ਜਾਂ ਖਾਲੀ ਡੱਬਾ ਲਟਕਾਈ ਜਾ ਰਿਹਾ ਸੀ। ਨਵੀਂ ਉਮਰ ਦੇ ਸ਼ਰਾਰਤੀ ਕਾਰੀਗਰ ਬੀਰੂ ਨੇ ਆਪਣੇ ਅੱਗੇ ਤੁਰੇ ਜਾਂਦੇ ਅੱਧਖੜ੍ਹ ਲਾਲਮਣੀ ਦੇ ਕੁੜਤੇ ਦਾ ਪਿਛਲਾ ਹਿੱਸਾ ਚੁੱਕ ਕੇ ਸਿਗਰਟ ਦੀ ਖਾਲੀ ਡੱਬੀ ਵਿਚ ਫਸਾ ਦਿੱਤੀ ਸੀ। ਪਿੱਛੇ-ਪਿੱਛੇ ਤੁਰਨ ਵਾਲੀ ਭੀੜ ਲਾਲਮਣੀ ਦੇ ਕੁੜਤੇ ਦੀ ਪੂਛਨੁਮਾ ਬਣਾਵਟ ਤੇ ਉਹਦੀ ਅਗਿਆਨਤਾ ਦਾ ਮਜ਼ਾ ਲੈ ਰਹੀ ਸੀ। ਤਦੇ ਕਿਸੇ ਨੇ ਉਹਦੇ ਨਾਲ ਤੁਰੇ ਜਾਂਦੇ ਜਣੇ ਨੂੰ ਆਵਾਜ਼ ਦਿੱਤੀ – ਨੇਤਾ ਜੀ, ਜੈ ਰਾਮ ਜੀ ਕੀ।

ਨਾਲ ਚਲਣ ਵਾਲੇ ਜਣੇ ਦੀ ਈਰਖਾ ਵਾਨ ਨਜ਼ਰ ਦਾ ਭੇਤ ਉਹਦੀ ਸਮਝ ਵਿਚ ਆ ਗਿਆ। ਜਵਾਬ ਵਿਚ ਨੇਤਾ ਜੀ ਨੇ ਵਿਅੰਗ ਨਾਲ ਕਿਹਾ –– ਕਿਉਂ ਸ਼ਰਮਿੰਦਿਆਂ ਕਰਦੈਂ ਬਈ, ਹੁਣ ਤਾਂ ਕਾਰਖ਼ਾਨੇ ਚ ਵੱਡੇ ਵੱਡੇ ਨੇਤਾ ਪੈਦਾਂ ਹੋ ਗਏ। ਅਸੀਂ ਕਿਹੜੇ ਬਾਗ਼ ਦੀ ਮੂਲੀ ਆਂ!

ਜਿਸ ਗੱਲ ਦਾ ਉਹਨੂੰ ਸ਼ੱਕ ਸੀ, ਉਹੀ ਹੋਈ। ਸ਼ਾਇਦ ਰਾਤ ਦੀ ਸਾਰੀ ਰਿਪੋਰਟ ਚੀਫ਼ ਸਾਹਬ ਕੋਲ ਪਹੁੰਚ ਗਈ ਸੀ। ਚਪੜਾਸੀ ਨੇ ਸਾਹਬ ਦੇ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਉਹਨੂੰ ਉਹਦੇ ਸਾਹਮਣੇ ਪਹੁੰਚਾ ਦਿੱਤਾ, ਫੇਰ ਦਰਵਾਜ਼ਾ ਬੰਦ ਹੋ ਗਿਆ। ਸਾਹਬ ਨੇ ਆਪਣੇ ਹੱਥੀਂ ਸਟੂਲ ਚੁੱਕ ਕੇ ਉਹਦੇ ਬੈਠਣ ਲਈ ਅੱਗੇ ਕਰ ਦਿੱਤਾ ਤੇ ਫਿਰ ਨਰਮੀ ਨਾਲ ਕਹਿਣ ਲੱਗਾ –– ਅਸੀਂ ਤੇਰੀ ਭਲਾਈ ਵਾਸਤੇ ਹੀ ਆਖ ਰਹੇ ਆਂ। ਜ਼ਮਾਨਾ ਬੁਰਾ ਐ। ਬਾਲ-ਬੱਚੇਦਾਰ ਨੂੰ ਐਹੋ ਜਿਹੇ ਕੰਮਾਂ ਚ ਨਹੀਂ ਪੈਣਾ ਚਾਹੀਦਾ।

ਆਪਣੀ ਗੱਲ ਦਾ ਪ੍ਰਤੀਕਰਮ ਜਾਣਨ ਲਈ ਸਾਹਬ ਨੇ ਓਹਦੇ ਵਲ ਦੇਖਿਆ। ਸਾਹਬ ਦੇ ਹੱਥ ਮੇਜ਼ਪੋਸ਼ ਦੇ ਵੱਟ ਸਿੱਧੇ ਕਰਨ ਵਿਚ ਮਸਰੂਫ਼ ਸਨ। ਸਾਹਬ ਵਲ ਦੇਖਦਿਆਂ ਇਸ ਸਵਾਲ ਦਾ ਜਵਾਬ ਉਹਦੀਆਂ ਅੱਖਾਂ ਵਿਚ ਹੀ ਝਾਕਣ ਦਾ ਉਹਦਾ ਮਨ ਕੀਤਾ। ਪਰ ਕਾਲੀ ਐਨਕ ਦੇ ਅਪਾਰਦਰਸ਼ੀ ਸ਼ੀਸ਼ੇ ਪਿੱਛੇ ਲੁਕੀਆਂ ਹੋਈਆਂ ਅੱਖਾਂ ਦੀ ਥਾਂ ਸਿਰਫ਼ ਅਨ੍ਹੇਰਾ ਛਾਇਆ ਹੋਇਆ ਸੀ।

– ਐਸਾ ਕੋਈ ਖ਼ਤਰਨਾਕ ਕੰਮ ਤਾਂ ਮੈਂ ਕੀਤਾ ਨਹੀਂ ਸਾਹਬ। ਉਸਨੇ ਪੇਪਰਵੇਟ ਦੇ ਫੁੱਲਾਂ ਉੱਤੇ ਨਜ਼ਰ ਜਮਾ ਕੇ ਜਵਾਬ ਦਿੱਤਾ।

– ਸਾਨੂੰ ਪਤੈ, ਸਭ ਕੁਸ਼ ਪਤੈ। ਕੱਲ੍ਹ ਰਾਤੀਂ ਘਰ ਮੀਟਿੰਗ ਹੋਈ ਸੀ ਜਾਂ ਨਹੀਂ? ਮਾਨਸਿਕ ਉੱਤੇਜਨਾ ਕਾਰਨ ਦੋਹਵਾਂ ਹੱਥਾਂ ਦੀਆਂ ਉਂਗਲਾਂ ਨੂੰ ਆਪਸ ਵਿਚ ਉਲਝਾਂਦਿਆਂ ਬੋਲਿਆ।

– ਦੋ-ਚਾਰ ਦੋਸਤ ਬੈਠਣ ਲਈ ਆ ਜਾਣ ਤਾਂ ਉਹਨੂੰ ਮੀਟਿੰਗ ਕੌਣ ਆਖੂਗਾ ਸਾਹਬ? ਉਹਨੇ ਗੱਲ ਦੀ ਅਹਮੀਅਤ ਘਟ ਕਰਨ ਦੀ ਕੋਸ਼ਿਸ਼ ਵਿਚ ਮੁਸਕਰਾਉਣ ਦੀ ਐਕਟਿੰਗ ਕੀਤੀ।

– ਸੁਣ ਨੌਜਵਾਨ! ਯਾਰਾਂ-ਦੋਸਤਾਂ ਦੀ ਮਹਫ਼ਲ ਚ ਗੱਪਾਂ ਚਲਦੀਆਂ ਨੇ, ਤਾਸ਼ ਖੇਡੀ ਜਾਂਦੀ ਐ, ਸ਼ਰਾਬ ਪੀਤੀ ਜਾਂਦੀ ਐ, ਪਰ ਸਕੀਮਾਂ ਨਹੀਂ ਬਣਦੀਆਂ ਹੁੰਦੀਆਂ। ਇਸ ਵਾਰ ਸਾਹਬ ਦੀ ਆਵਾਜ਼ ਕੁਝ ਵਧ ਸਤੀ ਹੋਈ ਸੀ।

– ਸਾਹਬ, ਲੋਕਾਂ ਨੂੰ ਮਕਾਨ ਦੀ ਮੁਸ਼ਕਲ ਐ। ਛੁੱਟੀਆਂ ਦਾ ਠੀਕ ਹਸਾਬ ਨਹੀਂ। ਨਿੱਕੀਆਂ ਨਿੱਕੀਆਂ ਗੱਲਾਂ ਤੋਂ ਜੁਰਮਾਨਾ ਹੋ ਜਾਂਦੈ। ਇਹੀ ਗੱਲਾਂ ਤੁਹਾਨੂੰ ਅਰਜ਼ ਕਰਨੀਆਂ ਸਨ। ਇਹੀ ਓਕੇ ਸੋਚ ਰਹੇ ਸੀ। –

ਉਹਦੀ ਅਵਾਜ਼ ਵਿਚ ਦੀਨਤਾ ਸੀ, ਪਰ ਸਾਹਬ ਦੇ ਚਿਹਰੇ ਉੱਤੇ ਟਿਕੀ ਹੋਈ ਉਹਦੀ ਤਿੱਖੀ ਨਜ਼ਰ ਜਿਵੇਂ ਅਣਜਾਣਿਆਂ ਹੀ ਇਸ ਅਭਿਨਯ ਨੂੰ ਝੁਠਲਾ ਰਹੀ ਸੀ।

– ਮੈਂ ਕੌਣ ਹੁੰਦਾਂ, ਜੋ ਤੁਸੀਂ ਮੈਨੂੰ ਇਹ ਕਹਿਣ ਲਈ ਆਉਂਦੇ ਹੋ ? ਮੈਂ ਵੀ ਤਾਂ ਭਾਈ, ਤੁਹਾਡੇ ਵਾਂਗ ਹੀ ਛੋਟਾ-ਮੋਟਾ ਨੌਕਰ ਆਂ। – ਆਪਣੀਆਂ ਦੋਹਵਾਂ ਤਲੀਆਂ ਨੂੰ ਮੇਜ਼ ਉੱਤੇ ਫੈਲਾ ਕੇ ਸਾਹਬ ਨੇ ਬਣਾਉਟੀ ਮੁਸਕਰਾਹਟ ਦਾ ਕਰਜ਼ ਉਤਾਰ ਦਿੱਤਾ ਅਤੇ ਆਪਣੀ ਕੁਰਸੀ ਉੱਤੇ ਵਧੇਰੇ ਬੇਫ਼ਿਕਰੀ ਨਾਲ ਬੈਠ ਗਿਆ। ਉਹਦੇ ਅੱਗੇ ਬੈਠੇ ਹੋਏ ਸ਼ਖਸ ਨੂੰ ਇਹੋ ਸਮਝੌਤਾ ਮਨਜ਼ੂਰ ਨਹੀਂ ਸੀ। ਬਣਾਉਟੀਪਨ ਦੇ ਲਬਾਦੇ ਨੂੰ ਪੂਰੀ ਤਰ੍ਹਾਂ ਉਤਾਰ-ਦਿਆਂ ਉਹ ਦ੍ਰਿੜ੍ਹਤਾ ਨਾਲ ਬੋਲਿਆ – ਤਾਂ ਜਿਹੜਾ ਵੀ ਸਾਡੀ ਗੱਲ ਸੁਣੂਗਾ ਉਹਨੂੰ ਆਖਾਂਗੇ ਸਾਹਬ !

ਅਚਾਨਕ ਸਾਹਬ ਬੁਖਲਾ ਕੇ ਕੁਰਸੀ ਤੋਂ ਉਠਿਆ - ਤੂੰ ਬਾਹਰ ਦੀਆਂ ਪਾਰਟੀਆਂ ਦਾ ਏਜੰਟ ਐਂ। ਓਹੋ ਲੋਕ ਹੀ ਹੜਤਲਾਂ ਕਰਵਾਉਂਦੇ ਐ। ਮੈਂ ਕੱਲੇ ਨੂੰ ਤਕਲੇ ਵਾਂਗ ਸਿੱਧਿਆਂ ਕਰ ਦੇਊਂ। ਮੈਨੂੰ ਪਤੈ ਤੁਹਾਡੇ ਜੁਟ ਚ ਕੌਣ ਕੌਣ ਹੈਗਾ। ਅਗੋਂ ਤੋਂ ਇਹੋ ਜਿਹੀਆਂ ਗੱਲਾਂ ਮੈਂ ਨਹੀਂ ਸੁਣਨਾ ਚਾਹੁੰਦਾ।

ਉਹ ਚੀਫ਼ ਦੇ ਕਮਰੇ ਵਿਚੋਂ ਨਿਕਲ ਕੇ ਆਪਣੇ ਕੰਮ ਤੇ ਪਰਤਿਆ, ਤਾਂ ਮਿਸਤਰੀ ਉਹਨੂੰ ਕੋਲ ਬੈਠਾ ਕੇ ਸਮਝਾਉਣ ਲੱਗਾ - ਏਸ ਦੁਨੀਆ ਚ ਸਾਰਿਆਂ ਨਾਲ ਮੇਲ ਜੋਲ ਰਖ ਕੇ ਚਲਣੈ ਪੈਂਦੈ। ਦਰਿਆ ਕੰਢੇ ਦਾ ਘਾਹ ਪਾਣੀ ਦੇ ਨਾਲ ਥੋਹੜਾ ਝੁਕ ਜਾਂਦੈ ਤੇ ਫੇਰ ਉਠ ਖੜ੍ਹਾ ਹੁੰਦੈ। ਪਰ ਵੱਡੇ ਵੱਡੇ ਰੁੱਖ ਵਹਿਣ ਅਗੇ ਅੜਦੇ ਨੇ ਤੇ ਟੁੱਟ ਜਾਂਦੇ ਨੇ। ਸਾਹਬ ਨੇ ਤੇਰੀ ਬਦਲੀ ਕਾਸਟਿਕ ਟੈਂਕ ਤੇ ਕਰ 'ਤੀ ਐ। ਬੜਾ ਸਖ਼ਤ ਕੰਮ ਐ। ਹਾਲੇ ਵੀ ਸਾਹਬ ਨੂੰ ਖ਼ੁਸ਼ ਕਰ ਦੇਹ, ਤਾਂ ਬਦਲੀ ਰੁਕ ਸਕਦੀ ਐ।

ਅਗੋਂ ਉਹ ਕੁਝ ਨਾ ਬੋਲਿਆ। ਉਠ ਕੇ ਕਾਸਟਿਕ ਟੈਂਕ ਤੇ ਚਲੇ ਗਿਆ। ਟੈਂਕ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਉਹਨੂੰ ਦੇਖ ਕੇ ਅਣਡਿੱਠ ਕਰ ਦਿੱਤਾ। ਉਹਨੂੰ ਲੱਗਾ ਜਿਵੇਂ ਉਹ ਲੋਕ ਜਾਣਬੁਝ ਕੇ ਉਹਦੇ ਤੋਂ ਅੱਡ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਰਾਣੇ ਰੋਗਨ ਵਾਲੇ ਤੇ ਜੰਗਾਲ ਵਾਲੇ 'ਸਾਮਾਨ ਨੂੰ ਕਾਸਟਿਕ ਸੋਡੇ ਵਿਚ ਧੋਇਆ ਜਾ ਰਿਹਾ ਸੀ। ਉਹਨੇ ਅੱਗੇ ਹੋ ਕੇ ਉਨ੍ਹਾਂ ਵਾਂਗ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸ਼ਾਮ ਤਕ ਕੰਮ ਦਾ ਇਹੀ ਸਿਲਸਿਲਾ ਚਲਦਾ ਰਿਹਾ। ਘਰ ਆ ਕੇ ਉਹਨੇ ਮਹਿਸੂਸ ਕੀਤਾ – ਹੱਥਾਂ ਪੈਰਾਂ ਚ ਅਜੀਬ ਕਿਸਮ ਦੀ ਜਲਣ ਹੋ ਰਹੀ ਹੈ।

ਘਰ ਪੁੱਜਦਿਆਂ-ਪੁੱਜਦਿਆਂ ਅਨ੍ਹੇਰਾ ਹੋ ਗਿਆ ਸੀ। ਹੱਥ ਮੂੰਹ ਧੋ ਕੇ ਉਹਨੇ ਛੇਤੀ-ਛੇਤੀ ਰੋਟੀ ਖਾਧੀ ਤੇ ਫੇਰ ਬੱਚੇ ਨੂੰ ਲੈ ਕੇ ਵਿਹੜੇ ਵਿਚ ਅਲਾਣੀ ਮਜੀ ਉਤੇ ਆ ਬੈਠਾ। ਆਥਣ ਹੱਦੋਂ ਵਧ ਉਦਾਸ ਸੀ। ਬੱਚੇ ਨੇ ਉਹਦੇ ਨਾਲ ਖੇਲਣ ਦੀ ਕੁਝ ਚਿਰ ਤਕ ਕੋਸ਼ਿਸ਼ ਕੀਤੀ, ਪਰ ਪਿਓ ਵੱਲੋਂ ਖ਼ਾਸ ਹੁੰਗਾਰਾ ਨਾ ਮਿਲਣ ਤੇ ਉਹ ਕਚੋਂ ਆਪਣੀ ਮਾਂ ਕੋਲ ਚਲੇ ਗਿਆ, ਇਹਦਾ ਉਹਨੂੰ ਧਿਆਨ ਨਾ ਰਿਹਾ। ਜਿਨ੍ਹਾਂ ਦੀ ਉਹਨੂੰ ਉਡੀਕ ਸੀ, ਉਨ੍ਹਾਂ ਵਿਚੋਂ ਕੋਈ ਵੀ ਨਹੀਂ ਸੀ ਬਹੁੜਿਆ, ਸਿਰਫ਼ ਹਰੀ ਰਾਮ ਨੇ ਆ ਕੇ ਹੁਣ ਤਕ ਦੋ-ਤਿੰਨ ਬੀੜੀਆਂ ਫੂਕ ਲਈਆਂ ਸਨ।

ਹਰੀ ਰਾਮ ਨੇ ਦੋ-ਤਿੰਨ ਬਾਰੀ ਗੱਲਬਾਤ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਹਦੇ ਅਟੁੱਟ ਮੌਨ ਕਾਰਨ ਉਹਦੀ ਹਰ ਕੋਸ਼ਿਸ਼ ਨਾਕਾਮਯਾਬ ਸਾਬਤ ਹੋਈ ਸੀ। ਐਸ ਵਾਰ ਵੀ ਹਰੀ ਰਾਮ ਨੇ ਹੀ ਗੱਲ ਛੇੜੀ।

– ਘਨਸ਼ਿਆਮ ਦੀ ਤਾਂ ਘਰ ਵਾਲੀ ਬੀਮਾਰ ਹੋ ਗਈ। ਪਰ ਮੋਹਨ, ਰਾਧੇ, ਹਨੀਫ਼ ਹੁਰਾਂ ਨੂੰ ਤਾਂ ਆਉਣਾ ਚਾਹੀਦਾ ਸੀ।

– ਸ਼ਾਇਦ ਉਨ੍ਹਾਂ ਦੇ ਨਿਆਣੇ ਬੀਮਾਰ ਹੋ ਗਏ ਹੋਣਗੇ। – ਉਹਨੇ ਝੁੰਜਲਾ ਕੇ ਜਵਾਬ ਦਿੱਤਾ।

ਹਰੀਰਾਮ ਨੇ ਫੇਰ ਗੱਲ ਦੁਹਰਾਈ। ਇਸ ਵਾਰੀ ਆਵਾਜ਼ ਵਿਚ ਚਾਲਾਕੀ ਦੀ ਭਰਮਾਰ ਸੀ – ਅਸੀਂ ਤਾਂ ਤੇਰੇ ਪਿੱਛੇ ਹਾਂ ਭਾਈ। ਜਿੱਦਾਂ ਆਖੇਂਗਾ, ਕਰਨ ਨੂੰ ਤਿਆਰ ਹਾਂ। ਮੈਂ ਤਾਂ ਠੀਕ ਟੈਮ ਤੇ ਆ ਗਿਆ ਸੀ, ਦੇਖ ਲੈ।

– ਤੂੰਹੀਓ ਠੀਕ ਟੈਮ ਤੇ ਨਾ ਆਏਂਗਾ ਤਾਂ ਚੀਫ਼ ਸਾਹਬ ਨੂੰ ਰਪੋਟ ਕੌਣ ਦਊਗਾ ? ਹਰੀਰਾਮ ਵਲ ਕੌੜੀ ਨਜ਼ਰ ਸੁਟਦਿਆਂ ਨਫ਼ਰਤ ਨਾਲ ਉਹਨੇ ਕਿਹਾ ਤੇ ਆਪਣੀ ਸਾਈਕਲ ਚੁੱਕ ਕੇ ਬਾਹਰ ਨਿਕਲ ਗਿਆ।

ਉਹਦੇ ਵਿਰੁੱਧ ਕਦੋਂ ਕਿਹੜੀ ਸਾਜ਼ਸ਼ ਰਚ ਦਿੱਤੀ ਜਾਏਗੀ – ਇਹ ਉਹਨੂੰ ਸ਼ੱਕ ਰਹਿਣ ਲਗ ਪਿਆ ਸੀ। ਛੁੱਟੀ ਹੋਈ, ਤਾਂ ਉਹਨੇ ਛੇਤੀ-ਛੇਤੀ ਝੋਲਾ ਮੋਢੇ 'ਤੇ ਰਖਿਆ। ਦੁਪਹਿਰੇ ਉਹਨੇ ਸਾਰੀਆਂ ਰੋਟੀਆਂ ਖਾ ਲਈਆਂ ਸਨ। ਪਰ ਅੱਜ ਝੋਲਾ ਪਹਿਲਾਂ ਨਾਲੋਂ ਜ਼ਿਆਦਾ ਭਾਰਾ ਸੀ। ਹੈਰਾਨੀ ਨਾਲ ਉਹਨੇ ਰੋਟੀ ਵਾਲਾ ਡੱਬਾ ਖੋਲ੍ਹਿਆ – ਕਾਗਜ਼ ਵਿਚ ਕੁਝ ਪੁਰਜ਼ੇ ਲਪੇਟੇ ਪਏ ਸਨ। ਉਹਨੇ ਮਹਿਸੂਸ ਕੀਤਾ ਕਿ ਉਹਦਾ ਦਿਲ ਧੱਕ-ਧੱਕ ਕਰਨ ਲਗ ਪਿਆ ਹੈ। ਉੱਤੇਜਨਾ ਵਿਚ ਉਹਦਾ ਮੁੱਕਾ ਵੱਟਿਆ ਗਿਆ, ਪਰ ਫੇਰ ਸਹਜ ਹੋ ਕੇ ਉਹਨੇ ਉਹ ਸਮਾਨ ਨਾਲ ਦੀ ਅਲਮਾਰੀ ਵਿਚ ਰਖ ਦਿੱਤਾ।

ਬਾਹਰ ਕਤਾਰ ਦੇ ਪਹਿਲੇ ਸਿਰੇ ਤੇ ਫ਼ੋਰਮੈਨ ਰੌਲਾ ਪਾਈ ਜਾਂਦਾ ਸੀ ਕਿ ਆਪਣੇ-ਆਪਣੇ ਝੋਲੇ-ਡੱਬੇ ਖੋਲ੍ਹ ਕੇ ਦਿਖਾਓ। ਉਹਦੀ ਵਾਰੀ ਆ ਗਈ। ਫ਼ੋਰਮੈਨ ਨੇ ਆਪ ਉਹਦਾ ਡੱਬਾ ਦੇਖਿਆ, ਉਹਦਾ ਮੂੰਹ ਫਿੱਕਾ ਪੈ ਗਿਆ। ਉਹਨੇ ਤਲਾਸ਼ੀ ਵਾਲੇ ਨੂੰ ਕਿਹਾ ਕਿ ਸਾਰਿਆਂ ਦੀਆਂ ਜੇਬਾਂ ਫੋਲੇ ਤੇ ਉਹਦੀਆਂ ਜੇਬਾਂ ਫ਼ੋਰਮੈਨ ਨੇ ਆਪ ਫੋਲੀਆਂ। ਉਹ ਫੇਰ ਨਿਰਾਸ ਹੋ ਗਿਆ। ਜਾਂਦਿਆਂ-ਜਾਂਦਿਆਂ ਉਹਨੇ ਫ਼ੋਰਮੈਨ ਵਲ ਦੇਖਿਆ। ਫ਼ੋਰਮੈਨ ਅੱਖਾਂ ਨਿਵਾਈ ਖੜਾ ਸੀ। ਮਾਣ ਨਾਲ ਹਿੱਕ ਤਾਣ ਕੇ ਉਹ ਵੱਡੇ ਗੇਟ ਵਲ ਤੁਰ ਪਿਆ।

ਸਵੇਰੇ ਆਖਰੀ ਸਾਇਰਨ ਹੋ ਜਾਣ ਤੇ ਗੇਟ ਬੰਦ ਹੋ ਜਾਣਾ ਚਾਹੀਦਾ ਹੈ, ਪਰ ਅੱਧਾ ਘੰਟਾ ਉਹਦੇ ਖੁਲ੍ਹਣ ਦੀ ਉਡੀਕ ਕਰਨੀ ਪੈਂਦੀ ਹੈ, ਪਰ ਆਮ ਤੌਰ ਤੇ ਇੰਜ ਨਹੀਂ ਹੁੰਦਾ। ਸਾਇਰਨ ਸੁਣ ਕੇ ਦੂਰੋਂ ਪੈਦਲ ਆਉਣ ਵਾਲੇ ਦੌੜ ਲਾਉਣੀ ਸ਼ੁਰੂ ਕਰ ਦਿੰਦੇ ਹਨ। ਸਾਈਕਲਾਂ ਦੇ ਪੈਡਲ ਦੁਗਣੀ ਰਫ਼ਤਾਰ ਨਾਲ ਚਲਣ ਲਗਦੇ ਹਨ। ਲੋਕ ਸਾਹੋ-ਸਾਹ ਹੋਏ ਦੋ-ਤਿੰਨ ਮਿੰਟਾਂ ਦੇ ਵਿਚ-ਵਿਚ ਪਹੁੰਚ ਜਾਂਦੇ ਹਨ। ਪੱਕੀ ਉਮਰ ਦੇ ਵੱਡੇ ਬੁਢੇ ਅੰਦਰ ਆ ਕੇ ਘੜੀ-ਭਰ ਸਾਹ ਲੈਣ ਮਗਰੋਂ ਹੀ ਗੇਟ ਬੰਦ ਕਰਵਾ ਦਿੱਤਾ। ਉਹ ਗੇਟ ਤੋਂ ਵੀਹ-ਤੀਹ ਗਜ਼ ਹੀ ਦੂਰ ਹੋਣਾ ਹੈ, ਪਰ ਓਥੇ ਪੁਜਣ ਤੋਂ ਪਹਿਲਾਂ ਹੀ ਚੌਕੀਦਾਰ ਨੇ ਜਾਲੀ ਖੋਲ੍ਹ ਦਿੱਤੀ।

ਵੀਹ-ਪੱਚੀ ਆਦਮੀ ਹੋਰ ਵੀ ਸਨ, ਜੋ ਸਾਹੋ-ਸਾਹ ਹੋਏ ਆ ਰਹੇ ਸਨ। ਨੇੜੇ ਆ ਕੇ ਸਾਰੇ ਉਦਾਸ ਹੋ ਗਏ। ਅੱਧਾ ਘੰਟਾ ਲੇਟ ਆਉਣ ਦਾ ਡੰਨ ਛੇ-ਅੱਠ ਆਨਿਆਂ ਤੋਂ ਘਟ ਨਹੀਂ ਹੁੰਦਾ।

ਪਿਛਲੀ ਵਾਰੀ ਤਨਖਾਹ ਵਾਲੇ ਦਿਨ ਘਰ ਜਾਣ ਤੇ ਪਤਨੀ ਨੇ ਉਹਦੇ ਕੋਲੋਂ ਪੁਛਿਆ ਸੀ – ਕਿੰਨੇ ਐਂ ?

– ਚੁਰੰਜਾ ਅੱਠ ਆਨੇ।

– ਅੱਛਾ। ਮੈਂ ਤਾਂ ਪੂਰੇ ਪਚਵੰਜਾ ਦਾ ਹਸਾਬ ਲਾਇਆ ਸੀ। ਬਬੂਏ ਦੀ ਟੋਪੀ ਏਸ ਮਹੀਨੇ ਵੀ ਰਹਿ ਗਈ।

ਸਾਹੋ-ਸਾਹ ਹੋਏ ਜਣਿਆਂ ਵਿਚੋਂ ਕਿੰਨਿਆਂ ਦੇ ਬਬੂਆਂ ਦੀਆਂ ਟੋਪੀਆਂ ਏਸ ਵਾਰ ਵੀ ਰਹਿ ਜਾਣਗੀਆਂ, ਉਹਨੇ ਸੋਚਿਆ। ਪਰ ਓਦੋਂ ਹੀ ਉਹਨੇ ਜੋ ਕੁਝ ਸੁਣਿਆ, ਉਹ ਸੁਣ ਕੇ ਉਹਨੂੰ ਲਗਾ ਕਿ ਜਿਵੇਂ ਸਾਰਾ ਕਸੂਰ ਉਸੇ ਦਾ ਹੈ। ਉਹ ਝੁਕੀ ਕਮਰ ਵਾਲਾ ਬੁੱਢਾ ਹਫ਼ਦਿਆਂ ਆਖ ਰਿਹਾ ਸੀ – 'ਘੋੜੇ ਦੇ ਪਛਾੜੀ ਤੇ ਅਫ਼ਸਰ ਦੇ ਅਗਾੜੀ ਕਿਹੜਾ ਅਕਲਮੰਦ ਜਾਊ ? ਇਕ ਬੰਦੇ ਪਿਛੇ ਏਨੇ ਸਾਰੇ ਲੋਕਾਂ ਦਾ ਨੁਕਸਾਨ ਹੋ ਗਿਆ। ਜੇ ਲੜਨ-ਭਿੜਨ ਦਾ ਐਡਾ ਹੀ ਸ਼ੌਂਕ ਐ ਤਾਂ ਬੰਦਾ ਦੰਗਲ ਕਰੇ ਅਖਾੜੇ 'ਚ ਜਾਵੇ। ਨੌਕਰੀ ਤਾਂ ਨੌਕਰ ਹੋ ਕੇ ਹੀ ਕਰਨੀ ਪੈਂਦੀ ਐ।'

ਉਹਦਾ ਜੀਅ ਕੀਤਾ ਕਿ ਬਜ਼ੁਰਗ ਕੋਲ ਜਾ ਕੇ ਗੱਲ ਕਰੇ। ਪਰ ਨਾ ਜਾਣੇ ਕਿਉਂ ਉਹ ਉਹਦੇ ਕੋਲ ਜਾ ਨਾ ਸਕਿਆ।

ਉਹ ਦਿਨ ਭਰ ਜੰਤਰਵਤ ਕੰਮ ਕਰਦਾ ਰਿਹਾ। ਥਕੇਵੇਂ ਕਾਰਨ ਉਹਦਾ ਸਰੀਰ ਚੂਰ-ਚੂਰ ਹੋ ਰਿਹਾ ਸੀ। ਪਰ ਬੈਠ ਕੇ ਢੂਈ ਸਿੱਧੀ ਕਰਨ ਨੂੰ ਵੀ ਉਹਦਾ ਜੀਅ ਨਾ ਕੀਤਾ। ਕੈਨਟੀਨ ਵਿਚ ਜਾ ਕੇ ਉਹਨੇ ਚਾਹ ਲਈ ਤੇ ਮਹਿਸੂਸ ਕੀਤਾ ਕਿ ਚਾਹ ਬਕਬਕੀ ਹੈ। ਪਹਿਲਾਂ ਕਿਸੇ ਦਿਨ ਇਹ ਗੱਲ ਹੁੰਦੀ, ਤਾਂ ਉਹ ਕੈਨਟੀਨ ਦੇ ਮੈਨੇਜਰ ਕੋਲ ਜਾ ਕੇ ਸ਼ਕਾਇਤ ਕਰਦਾ। ਪਰ ਅੱਜ ਉਹ ਅੱਧੀ ਚਾਹ ਵਿੱਚੇ ਛਡ ਕੇ ਆ ਗਿਆ। ਗਰੀਸ ਤੇ ਤੇਲ ਲੱਗਾ ਸਾਮਾਨ ਚੁੱਕਣ ਕਾਰਣ ਹੱਥ ਗੰਦੇ ਹੋਏ ਪਏ ਸਨ। ਸਾਇਰਨ ਦੀ ਆਵਾਜ਼ ਉਹਦੇ ਕੰਨੀਂ ਪਈ, ਤਾਂ ਉਹਨੇ ਕੰਮ ਬੰਦ ਕਰ ਦਿੱਤਾ। ਇੰਜ ਲਗਦਾ ਸੀ ਕਿ ਜੇ ਕਿਸੇ ਕਾਰਨ ਸਾਇਰਨ ਨਾ ਵੱਜਦਾ, ਤਾਂ ਉਹ ਉਸੇ ਤਰ੍ਹਾਂ ਮਸ਼ੀਨ ਵਾਂਗ ਕੰਮ ਕਰੀ ਜਾਂਦਾ। ਜਲਦੀ-ਜਲਦੀ ਉਹਨੇ ਆਪਣੇ ਹੱਥ ਮਿੱਟੀ ਦੇ ਤੇਲ ਨਾਲ ਧੋਤੇ। ਸਾਬਣਦਾਨੀ ਦੇਖੀ, ਤਾਂ ਉਹ ਖਾਲੀ ਸੀ। ਜ਼ਮੀਨ ਤੋਂ ਥੋੜੀ ਮਿੱਟੀ ਚੁੱਕ ਕੇ ਉਹ ਨਲਕੇ ਵਲ ਤੁਰ ਪਿਆ। ਪਿਛਲੇ ਤਿੰਨ-ਚਾਰ ਮਹੀਨਿਆਂ ਦੀ ਨੌਕਰੀ ਵਿਚ ਅੱਜ ਉਹ ਪਹਿਲੀ ਵਾਰੀ ਮਿੱਟੀ ਨਾਲ ਹੱਥ ਧੋ ਰਿਹਾ ਸੀ। ਭੁਰਭੁਰੀ ਮਿੱਟੀ ਪਾਣੀ ਨਾਲ ਲਾ ਕੇ ਓਹਨੇ ਹੱਥਾਂ ਨੂੰ ਮਲੀ ਤੇ ਫੇਰ ਦੋਹਵੇਂ ਹੱਥ ਨਲਕੇ ਥੱਲੇ ਕਰ ਦਿਤੇ। ਪਾਣੀ ਨਾਲ ਮਿੱਟੀ ਦੀ ਪਤਲੀ ਤਹਿ ਵੀ ਵਹਿ ਗਈ। ਦੂਜੀ ਵਾਰੀ ਮਿੱਟੀ ਲਾਉਣ ਤੋਂ ਪਹਿਲਾਂ ਉਹਨੇ ਹੱਥਾਂ ਨੂੰ ਸੁੰਘਿਆ ਤੇ ਲੱਗਾ ਕਿ ਹੱਥਾਂ ਦੀ ਗੰਧ ਹਟ ਗਈ ਹੈ। ਅਚਾਨਕ ਅਜੀਬ ਦਹਸ਼ਤ ਨਾਲ ਉਹਦਾ ਸਾਰਾ ਸਰੀਰ ਕੰਬ ਉਠਿਆ। ਉਹਨੂੰ ਲੱਗਾ ਜਿਵੇਂ ਅੱਜ ਉਹ ਵੀ ਘਾਸੀ ਵਾਂਗ ਇਸ ਬਦਬੂ ਦਾ ਆਦੀ ਹੋ ਗਿਆ ਹੈ। ਉਹਨੇ ਇਕ ਵਾਰ ਫੇਰ ਹੱਥਾਂ ਨੂੰ ਸੁੰਘਣਾ ਚਾਹਿਆ, ਪਰ ਉਹਦੀ ਹਿੰਮਤ ਨਾ ਪਈ। ਪਰ ਫੇਰ ਬੜੀ ਮੁਸ਼ਕਿਲ ਨਾਲ ਉਹ ਦੋਹਵੇਂ ਹੱਥ ਨੱਕ ਤਕ ਲੈ ਗਿਆ ਤੇ ਏਸ ਵਾਰ ਉਹਦੀ ਖੁਸ਼ੀ ਦੀ ਹੱਦ ਨਾ ਰਹੀ। ਉਹਨੂੰ ਪਹਿਲੀ ਵਾਰ ਭਰਮ ਹੋਇਆ ਸੀ। ਹੱਥਾਂ ਵਿਚੋਂ ਮਿੱਟੀ ਦੇ ਤੇਲ ਦੀ ਬਦਬੂ ਹਾਲੇ ਵੀ ਆ ਰਹੀ ਸੀ।

O

ਗੋਲ ਮੇਜ਼

# ਪ੍ਰਗਤੀਵਾਦੀ ਅਨੁਭਵ ਤੇ ਜੁਗਤ

○ ਸੁਰਜੀਤ ਹਾਂਸ

[ ਸਮਤਾ ਦੇ ਪ੍ਰਵੇਸ਼ ਅੰਕ ਵਿਚ 'ਗੋਲ ਮੇਜ਼' ਕਾਲਮ ਹੇਠ ਪ੍ਰਕਾਸ਼ਿਤ ਸੁਰਜੀਤ ਹਾਂਸ ਦੇ ਲੇਖ ਬਾਰੇ ਕਈ ਪਾਠਕਾਂ ਦੇ ਪੱਤਰ ਮਿਲੇ ਸਨ, ਜਿਨ੍ਹਾਂ ਵਿਚ ਉਹਨਾਂ ਨੇ ਲੇਖ ਦੇ ਕਈ ਨੁਕਤਿਆਂ ਨੂੰ ਵਿਸਤਾਰ ਨਾਲ ਸਪਸ਼ਟ ਕਰਨ ਦੀ ਬੇਨਤੀ ਕੀਤੀ ਸੀ। ਹੇਠਾਂ ਅਸੀਂ ਸੁਰਜੀਤ ਹਾਂਸ ਵਲੋਂ ਇਹਨਾਂ ਅਹਿਮ ਨੁਕਤਿਆਂ ਦੀ ਕੀਤੀ ਵਜ਼ਾਹਤ ਛਾਪ ਰਹੇ ਹਾਂ।]

ਮੈਨੂੰ ਸੰਪਾਦਕ 'ਸਮਤਾ' ਦਾ ਹੁਕਮ ਹੋਇਆ ਹੈ ਕਿ ਮੈਂ 'ਸਮਤਾ' ਦੇ ਪ੍ਰਵੇਸ਼ ਅੰਕ ਵਿਚ ਆਏ ਆਪਣੇ ਦੋ ਨੁਕਤਿਆਂ ਦੀ ਵਜ਼ਾਹਤ ਕਰਾਂ। ਪਹਿਲਾ ਨੁਕਤਾ ਹੈ ਕਿ ਪ੍ਰਗਤੀਵਾਦੀ ਲਿਖਾਰੀ ਲਈ ਅਨੁਭਵ ਦਾ ਸਿਧਾਂਤ ਕਾਫ਼ੀ ਨਹੀਂ ਹੈ। ਦੂਸਰਾ ਨੁਕਤਾ ਸੀ ਕਿ ਅਸੀਂ ਆਪਣੀਆਂ ਇਨਕਲਾਬੀ ਲੋੜਾਂ ਦੇ ਹਿਤ ਲਈ ਆਪਣੀ ਪਰੰਪਰਾ ਤੋਂ ਉਹ ਕੁਝ ਨਹੀਂ ਸਿਖਿਆ ਜਿਸ ਦੀ ਸੰਭਾਵਨਾ ਹੈ।

ਅਨੁਭਵ ਦੇ ਸਿਧਾਂਤ ਦਾ ਦਿਲਚਸਪ ਇਤਿਹਾਸ ਹੈ। ਦੁਨੀਆਂ ਵਿਚ 19ਵੀਂ ਸਦੀ ਤੋਂ ਪਹਿਲਾਂ ਕਦੇ ਵੀ ਅਨੁਭਵ ਨੂੰ ਸਾਹਿਤ ਦਾ ਨਿਰੋਲ ਅਤੇ ਮੂਲ ਅਧਾਰ ਨਹੀਂ ਸਮਝਿਆ ਗਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਰਸਤੂ ਤੋਂ ਲੈ ਕੇ 18ਵੀਂ ਸਦੀ ਤਕ ਜੁਗਤ ਨੂੰ ਹੀ ਪ੍ਰਥਮਤਾ ਮਿਲਦੀ ਰਹੀ। ਲੌਂਗੀਨੁਸ ਵਰਗੇ ਲਿਖਾਰੀ ਦਾ ਖ਼ਿਆਲ ਸੀ ਕਿ ਜੁਗਤ ਰਾਹੀਂ ਹੀ ਉੱਦਾਤ (sublime) ਪੈਦਾ ਹੁੰਦਾ ਹੈ। ਸੰਸਕ੍ਰਿਤ ਦੇ ਸਨਾਤਨੀ ਕਵੀਆਂ ਤੋਂ ਲੈ ਕੇ ਭਾਈ ਕਾਹਨ ਸਿੰਘ ਨਾਭਾ ਤਕ ਅਲੋਚਨਾ ਦਾ ਇਹੀ ਅਧਾਰ ਰਿਹਾ ਕਿ ਛੰਦ ਅਤੇ ਅਲੰਕਾਰ ਰਾਹੀਂ ਹੀ ਕਾਵਿਕ ਸੁੰਦਰਤਾ ਨੂੰ ਬੰਨਿਆ ਜਾ ਸਕਦਾ ਹੈ। ਇਸ ਸਿਧਾਂਤ ਦੀ ਦੂਸਰੇ ਸ਼ਿਲਪਾਂ ਨਾਲ ਇਸੇ ਗੱਲ ਦੀ ਸਾਂਝ ਸੀ ਕਿ ਜੁਗਤ ਹੀ ਇਕੋ ਇਕ ਗ੍ਰਹਿਣ ਯੋਗ ਚੀਜ਼ ਹੈ। ਸ਼ਾਇਦ ਇਸ ਦਾ ਅਧਾਰ ਬਹੁਤ ਸੁਸਤੀ ਨਾਲ ਬਦਲਦੇ ਸਮਾਜ ਵਿਚ ਸੀ, ਜਿਸ ਨੂੰ ਕੇਵਲ ਸਧਾਰਨ ਬੰਦਿਆਂ ਦੀ ਪਰੰਪਰਿਕ ਸਿਖਲਾਈ ਦੀ ਲੋੜ ਸੀ ਅਤੇ ਇਸ ਵਿਚ ਨਵੀਨਤਾ ਅਤੇ ਨਿੱਜੀ ਕਾਢ ਲਈ ਕੋਈ ਥਾਂ ਨਹੀਂ ਸੀ। ਜੁਗਤ ਦੀ ਕਲਾ ਦਾ ਇਕ ਅਨਿੱਖੜਵੀਂ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪਰੰਪਰਾ ਲਈ ਬਹੁਤ ਸਤਿਕਾਰ ਸੀ। ਇਹ ਭੂਤ-ਮੁਖੀ ਸੀ।

ਇਹ ਵੀ ਵਰਨਣਯੋਗ ਗੱਲ ਹੈ ਕਿ ਪਹਿਲੀ ਵਾਰ ਪਰੰਪਰਾ ਨੂੰ 18ਵੀਂ ਸਦੀ ਵਿਚ ਵੰਗਾਰਿਆ ਗਿਆ ਜਦੋਂ 'ਪ੍ਰਾਚੀਨ' ਬਨਾਮ 'ਆਧੁਨਿਕ' ਦੇ ਵਿਸ਼ੇ ਤੇ ਬਹਿਸ ਛਿੜੀ। ਕੁਝ ਲੋਕਾਂ ਦਾ ਖ਼ਿਆਲ ਸੀ ਕਿ ਕੇਵਲ ਪ੍ਰਾਚੀਨ ਲੇਖਕ ਹੀ ਮਹਾਨ ਸਨ। ਦੂਸਰਾ ਪੱਖ ਇਹ ਕਹਿੰਦਾ ਸੀ ਕਿ ਆਧੁਨਿਕ ਲਿਖਾਰੀ ਪ੍ਰਾਚੀਨ ਲਿਖਾਰੀਆਂ ਜਿੰਨੇ ਹੀ ਪ੍ਰਤਿਭਾਵਾਨ ਹਨ। ਇਸ ਬਹਿਸ ਦਾ ਨਿਰਣਾ ਭਾਵੇਂ ਕਿਸੇ ਵੀ ਪੱਖ ਵਲ ਜਾਵੇ, ਪਰ ਇਹ ਪਰੰਪਰਾ ਲਈ ਵੰਗਾਰ ਸੀ। ਇਹ ਤਾਂ 18ਵੀਂ ਸਦੀ ਦੇ ਯੂਰਪੀ ਆਧੁਨਿਕ ਲਿਖਾਰੀਆਂ ਦੀ ਦੇਣ ਹੈ। ਇਸ ਵਿਚ ਉਹਨਾਂ ਦੀ ਵਰਤਮਾਨ-ਮੁਖਤਾ ਸਪਸ਼ਟ ਹੈ।

ਪਰੰਪਰਾ ਨੂੰ ਵੰਗਾਰਨ ਤੋਂ ਬਾਅਦ ਰੁਮਾਨਵਾਦੀ ਅੰਗਰੇਜ਼ੀ ਕਵੀਆਂ ਨੇ ਅਨੁਭਵ ਨੂੰ ਆਪਣੀ ਕਵਿਤਾ ਦਾ ਅਧਾਰ ਬਣਾਇਆ। ਇਸ ਦਾ ਪਰੰਪਰਾ ਵਿਰੋਧੀ ਹੋਣਾ ਤਾਂ ਸਾਧਾਰਣ ਗੱਲ ਹੈ। ਰੁਮਾਨਵਾਦੀ ਕਵੀ ਜੁਗਤ ਵਿਰੋਧੀ

ਵੀ ਸਨ। ਸਮਕਾਲੀਆਂ ਨੂੰ ਉਹਨਾਂ ਦੀ ਇਹ ਰੁਚੀ ਅਰਾਜਕ ਪ੍ਰਤੀਤ ਹੁੰਦੀ ਸੀ ਜਿਹੜੀ ਕਿ ਸਚਮੁਚ ਸਰਮਾਏਦਾਰੀ ਦੀ ਅਰਾਜਕਤਾ ਦੀ ਨਿਸ਼ਾਨੀ ਸੀ। ਇਥੇ ਇਹ ਗੱਲ ਕਹਿਣੀ ਵੀ ਜ਼ਰੂਰੀ ਹੈ ਕਿ ਰੁਮਾਨਵਾਦੀ ਅਨੁਭਵ ਸਿਧਾਂਤ ਦੀਆਂ ਬਹੁਤ ਪ੍ਰਾਪਤੀਆਂ ਹਨ। ਇਸ ਨੇ ਕਵਿਤਾ ਦੇ ਖੇਤਰ ਨੂੰ ਵਿਸ਼ਾਲ ਕੀਤਾ, ਜਿਸ ਵਿਚ ਅਸਧਾਰਣਤਾ, ਮਾਨਸਿਕ ਡੂੰਘਾਈ, ਅਤੇ ਭਾਸ਼ਾ ਦੇ ਬਹੁ-ਅਰਥੀ ਹੋਣ ਲਈ ਥਾਂ ਸੀ।

ਪ੍ਰਗਤੀਵਾਦੀ ਲਈ ਅਨੁਭਵ ਦੇ ਸਿਧਾਂਤ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਸਵੀਕਾਰ ਕਰਨਾ ਉਸ ਦਾ ਫ਼ਰਜ਼ ਹੈ। ਪ੍ਰਗਤੀਵਾਦੀ ਭੂਤ-ਮੁਖੀ ਤਾਂ ਕੀ ਉਸ ਨੂੰ ਭਵਿਖ-ਮੁਖੀ ਹੋਣਾ ਚਾਹੀਦਾ ਹੈ। ਕਿਸੇ ਹੱਦ ਤਕ ਅਸੀਂ ਵਰਤ-ਮਾਨ-ਮੁਖੀ ਲਿਖਾਰੀਆਂ ਨੂੰ ਵੀ ਆਪਣੇ ਸਾਥੀ ਸਮਝ ਸਕਦੇ ਹਾਂ। ਸਾਹਿਤ ਦਾ ਮਤਲਬ ਵਰਤਮਾਨ ਨੂੰ ਘੋਖਣਾ ਹੈ। ਇਨਕਲਾਬੀ ਲਿਖਾਰੀ ਦਾ ਉਦੇਸ਼ ਵਰਤਮਾਨ ਨੂੰ ਅਜਿਹੇ ਢੰਗ ਨਾਲ ਘੋਖਣਾ ਹੈ ਕਿ ਇਸ ਦੇ ਗਤੀਸ਼ੀਲ ਪੱਖਾਂ ਨੂੰ ਇਨਕਲਾਬੀ ਭਵਿਖ ਲਈ ਸਰਗਰਮ ਤੇ ਲਾਮਬੰਦ ਤਰੀਕੇ ਨਾਲ ਵਰਤਿਆ ਜਾਵੇ। ਸਾਨੂੰ ਰੁਮਾਨਵਾਦੀ ਕਾਵ ਅਰਥਾਤ ਭਾਸ਼ਾ ਦੀ ਬਹੁ-ਅਰਥੀ ਵਰਤੋਂ ਨੂੰ ਪੂਰੀ ਤਰ੍ਹਾਂ ਅਪਨਾਉਣਾ ਚਾਹੀਦਾ ਹੈ।

ਲਗਭਗ ਸਾਰੇ ਰੁਮਾਨਵਾਦੀ ਕਵੀ ਜੁਗਤ ਤੋਂ ਅਨਜਾਣ ਸਨ। ਉਹ ਤਾਂ ਕੇਵਲ ਪ੍ਰਬਲ ਅਨੁਭਵ ਦੇ ਸਦਕੇ ਹੀ ਜੁਗਤ ਦੇ ਨੇੜੇ ਤੇੜੇ ਪਹੁੰਚਦੇ ਹਨ। ਇਹੀ ਕਾਰਨ ਹੈ ਕਿ ਉਹਨਾਂ ਦੀ ਬਹੁਤ ਸਾਰੀ ਬਕਵਾਸ ਵਿਚ ਵੀ ਕੁਝ ਮਹਾਨ ਰਚਨਾਵਾਂ ਹਨ। ਦੂਜੇ ਪਾਸੇ ਜੁਗਤ ਦੇ ਕਵੀ ਭਾਵੇਂ ਹਮੇਸ਼ਾ ਹੀ ਕਾਬਿਲੇ ਬਰਦਾਸ਼ਤ ਹੁੰਦੇ ਹਨ, ਪਰ ਉਹ ਮਹਾਨਤਾ ਦੀ ਸਿਖਰ ਨੂੰ ਕਦੇ ਨਹੀਂ ਪੁਜਦੇ।

ਇਨਕਲਾਬੀ ਸਾਹਿਤ ਲਈ ਕੇਵਲ ਅਨੁਭਵ ਹੀ ਕਾਫ਼ੀ ਨਹੀਂ। ਇਸ ਦਾ ਵਡਾ ਕਾਰਨ ਇਹ ਹੈ ਕਿ ਅਨੁਭਵ ਦਾ ਵਹਿਣ ਪ੍ਰਤੀਗਾਮੀ ਜਾਂ ਇਨਕਲਾਬੀ ਵੀ ਹੋ ਸਕਦਾ ਹੈ। ਪ੍ਰਗਤੀਵਾਦੀ ਸਾਹਿਤਕਾਰ ਲਈ ਇਹੀ ਬਣਦਾ ਹੈ ਕਿ ਉਹ ਅਨੁਭਵ ਦੀ ਇਨਕਲਾਬੀ ਰੁਚੀ ਦੀ ਹੀ ਚੋਣ ਕਰੇ। ਇਹ ਤਾਂ ਨਿੱਜ-ਕਥਨੀ (**trueism**) ਹੈ ਕਿ ਜੇਹਾ ਸਮਾਜ ਹੁੰਦਾ ਹੈ, ਅਨੁਭਵ ਵੀ ਉਹਦੇ ਵਰਗਾ ਹੁੰਦਾ ਹੈ। ਜਿਤੇ ਅਸੀਂ ਇਸ ਸਮਾਜ ਨੂੰ ਸਵੀਕਾਰ ਨਹੀਂ ਕਰ ਸਕਦੇ, ਉਥੇ ਅਸੀਂ ਇਸ ਦੇ ਜਿਉਂ ਦੇ ਤਿਉਂ ਅਨੁਭਵ ਨੂੰ ਵੀ ਨਹੀਂ ਮੰਨ ਸਕਦੇ। ਕਿਸੇ ਸਮੇਂ ਸਾਡਾ ਸਮਾਜੀ ਅਨੁਭਵ ਅਤੀ ਨਿਰਾਸ਼ਾਵਾਦੀ ਲੋਕਾਂ ਦੀਆਂ ਭਾਂਜਾਂ ਅਤੇ ਸਿਆਸੀ ਗ਼ਲਤੀਆਂ ਦਾ ਹੋ ਸਕਦਾ ਹੈ, ਪਰ ਅਜਿਹਾ ਸਮਾਜੀ ਅਨੁਭਵ ਸਦੀਵੀ ਨਹੀਂ ਹੋ ਸਕਦਾ; ਸਾਡਾ ਇਨਕਲਾਬੀ ਦਰਸ਼ਨ ਇਸ ਨੂੰ ਵਕਤੀ ਕਹਿਣ ਤੇ ਮਜ਼ਬੂਰ ਹੈ। ਇਸ ਵਿਚੋਂ ਦੋ ਗੱਲਾਂ ਨਿਕਲਦੀਆਂ ਹਨ। ਇਕ ਤਾਂ ਇਹ ਕਿ ਵਿਅਕਤੀ ਨੂੰ ਆਪਣੇ ਅਨੁਭਵ ਦੇ ਉਹ ਅੰਸ਼ ਚਿਤਰਨੇ ਚਾਹੀਦੇ ਹਨ, ਜਿਹੜੇ ਉਸ ਨੂੰ ਅਤੇ ਉਸ ਦੇ ਪਾਠਕਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨ। ਜਿਸ ਵਿਚ ਉਸ ਦੀ ਆਪਣੀ ਸੂਹਜ ਦੇ ਵਿਕਾਸ ਅਤੇ ਆਪਣੀ ਸ਼ਖ਼ਸੀਅਤ ਦੀ ਵਧੇਰੇ ਸੁਤੰਤਰਤਾ ਦੀ ਆਸ ਹੋਵੇ। ਦੂਜੀ ਗੱਲ ਇਹ ਕਿ ਪ੍ਰਗਤੀਵਾਦੀ ਸਾਹਿਤਕਾਰ ਨੂੰ ਉਹਨਾਂ ਸ਼ਰੇਣੀਆਂ ਦੇ ਅਨੁਭਵ ਤੇ ਸੰਗਰਾਮਾਂ ਵਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਤੋਂ ਸਮਾਜਵਾਦ ਲਿਆਉਣ ਦੀ ਵਧੇਰੇ ਆਸ ਰਖੀ ਜਾ ਸਕਦੀ ਹੈ।

ਅਨੁਭਵ ਦੀ ਪਰਖ ਨੇ ਹੀ ਦੱਸਣਾ ਹੈ ਕਿ ਇਸ ਦੇ ਕਿਹੜੇ ਅੰਸ਼ ਹੀ ਉਲੀਕਣਯੋਗ ਹਨ। ਇਹ ਕੰਮ ਆਪ ਮੁਹਾਰਿਆਂ ਨਹੀਂ ਹੋ ਸਕਦਾ। ਇਨਕਲਾਬੀਆਂ ਲਈ ਇਸ ਮੌਕੇ ਤੇ ਇਤਿਹਾਸਕ ਪਦਾਰਥਵਾਦ ਸਹਾਈ ਹੁੰਦਾ ਹੈ। ਅਨੁਭਵ ਦੀ ਪਰਖ ਦਰਸ਼ਨ ਨੇ ਕਰਨੀ ਹੈ ਇਸ ਕਰਕੇ ਅਨੁਭਵ ਦੇ ਨਾਲ ਨਾਲ ਲਿਖਾਰੀ ਦੀ ਦਾਰਸ਼ਨਿਕ ਪਕਿਆਈ ਵੀ ਮਹੱਤਵ ਪੂਰਨ ਹੋ ਜਾਂਦੀ ਹੈ। ਸਾਡੀ ਕਮਜ਼ੋਰੀ ਰਹੀ ਹੈ ਕਿ ਅਸੀਂ ਸਮਾਜਵਾਦ ਵਿਚ ਵਿਸ਼ਵਾਸ ਨੂੰ ਹੀ ਦਾਰਸ਼-ਨਿਕ ਪਕਿਆਈ ਸਮਝਦੇ ਰਹੇ ਹਾਂ। ਅਸਲ ਵਿਚ ਦਾਰਸ਼ਨਿਕ ਪਕਿਆਈ ਆਪਣੇ ਅਨੁਭਵ ਨੂੰ ਸਮਝਣ ਦੀ ਹੈ। ਇਹ ਚੀਜ਼ ਐਨ ਉਸੇ ਤਰ੍ਹਾਂ ਹੈ ਜਿਵੇਂ ਕਿ ਕਮਿਊਨਿਸਟ ਆਗੂ ਦੀ ਮਾਰਕਸਵਾਦੀ ਪਕਿਆਈ ਚਲ ਰਹੀ ਸਥਿਤੀ ਨੂੰ ਸਮਝਣ ਦੀ ਹੈ।

ਆਂਸ਼ਿਕ ਅਨੁਭਵ ਅਤੇ ਦਰਸ਼ਨ ਨੂੰ ਆਪਣੀ ਰਚਨਾ ਵਿਚ ਕਾਮਯਾਬੀ ਨਾਲ ਨਿਭਾਉਣਾ ਸੁੱਤੇ-ਸਿਧ ਪ੍ਰਕ੍ਰਿਆ ਨਹੀਂ ਹੋ ਸਕਦੀ। ਇਸ ਲਈ ਵੀ ਜੁਗਤ ਦਾ ਲੋੜ ਹੈ। ਜੁਗਤ ਦੀ ਲੋੜ ਨੂੰ ਪੂਰਾ ਕਰਨਾ ਲਿਖਾਰੀ ਦਾ ਨਿੱਜੀ ਸਾਹਸ ਹੈ। ਇਸ ਵਿਚ ਸਿਆਸੀ ਅਗਵਾਈ ਤਾਂ ਕੀ ਮਾਰਕਸਵਾਦ ਵੀ ਆਪਣੇ ਆਪ ਸਹਾਈ ਨਹੀਂ ਹੋ ਸਕਦਾ। ਉਹ ਰਾਹ

ਤਾਂ ਦੱਸਦੇ ਹਨ, ਪਰ ਚਲਣਾ ਅਸੀਂ ਆਪ ਹੈ। ਇਸ ਪੜਾਅ ਤੇ ਦੋ ਚੀਜ਼ਾਂ ਕਹਿਣੀਆਂ ਜ਼ਰੂਰੀ ਹਨ। ਇਕ ਤਾਂ ਇਹ ਕਿ ਅਨੁਭਵ ਤੋਂ ਬਿਨਾਂ ਸਿਰਜਣਾ ਕਰਨਾ ਅਸੰਭਵ ਹੈ ਅਤੇ ਅਨੁਭਵ ਹੁੰਦਿਆ ਹੋਇਆਂ ਵੀ ਇਹ ਜ਼ਰੂਰੀ ਨਹੀਂ ਕਿ ਰਚਨਾ ਸਫਲ ਹੋਵੇਗੀ। ਅਸੀਂ ਇਸ ਗੱਲ ਉਤੇ ਵੀ ਪੂਰਾ ਧਿਆਨ ਨਹੀਂ ਦਿਤਾ ਅਤੇ ਅਨੁਭਵ ਦੇ ਘਾਟੇ ਨੂੰ ਧੜੇਬੰਦੀ ਰਾਹੀਂ ਛੁਪਾਉਂਦੇ ਰਹੇ ਹਾਂ। ਦੂਸਰੀ ਗੱਲ ਇਹ ਕਿ ਰੋਣਵਾਂ ਅਨੁਭਵ ਅਤੇ ਮਾਰਕਸਵਾਦੀ ਦਰਸ਼ਨ ਤੋਂ ਬਿਨਾਂ ਪ੍ਰਗਤੀਵਾਦੀ ਰਚਨਾ ਅਸੰਭਵ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਇਹਨਾਂ ਦੋਹਾਂ ਚੀਜ਼ਾਂ ਦੇ ਹੁੰਦਿਆਂ ਹੋਇਆਂ ਵੀ ਰਚਨਾ ਪ੍ਰਗਤੀਵਾਦੀ ਨਾ ਬਣ ਸਕੇ। ਮਿਸਾਲ ਵਜੋਂ ਜੁਝਾਰ ਅਨੁਭਵ ਨੂੰ ਗ਼ਜ਼ਲ ਦੀ ਚਿੰਨ੍ਹਾਵਲੀ ਵਿਚ ਬੰਨ੍ਹਣਾ।

ਕਈ ਪ੍ਰਗਤੀਵਾਦੀ ਲਿਖਾਰੀ ਜੁਗਤ ਵਲ ਧਿਆਨ ਦਿੰਦੇ ਆਏ ਹਨ। ਇਹਨਾਂ ਵਿਚ ਬਰੈਖ਼ਤ ਦਾ ਨਾਂ ਪ੍ਰਸਿੱਧ ਹੈ। ਜੁਗਤ ਨੂੰ ਦੋ ਪਹਿਲੂਆਂ ਤੋਂ ਵੇਖਿਆ ਜਾ ਸਕਦਾ ਹੈ। ਸਫਲ ਸੰਚਾਰ ਦੀ ਜੁਗਤ ਨੂੰ ਵੀ ਅਸੀਂ ਸਾਹਿਤਕ ਜੁਗਤ ਕਹਿ ਸਕਦੇ ਹਾਂ। ਦੂਜੇ ਅਰਥਾਂ ਵਿਚ ਜੁਗਤ ਰਚਨਾ ਦੀ ਉਹ ਵਿਧੀ ਹੈ ਜਿਸ ਰਾਹੀਂ ਪਾਠਕਾਂ ਆਦਿ ਤਕ ਕੇਵ੍ਲ ਗਤੀਸ਼ੀਲ ਅਨੁਭਵ ਅਤੇ ਇਨਕਲਾਬੀ ਦ੍ਰਿਸ਼ਟੀਕੋਣ ਦਾ ਹੀ ਪ੍ਰਗਟਾਵਾ ਹੁੰਦਾ ਹੈ। ਜੇ ਕੋਈ ਜੁਗਤ ਅਜੇਹੀ ਹੈ ਜੋ ਪਾਠਕ ਨੂੰ ਗਤੀਸ਼ੀਲ ਅਨੁਭਵ ਅਤੇ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਆਸੇ-ਪਾਸੇ ਰਖਦੀ ਹੈ ਤਾਂ ਉਹ ਪੂਰੇ ਤੌਰ 'ਤੇ ਪ੍ਰਗਤੀਵਾਦੀ ਜੁਗਤ ਨਹੀਂ ਹੈ। ਜੁਗਤ ਦੀ ਸਮੱਸਿਆ ਦੀ ਹੋਰ ਤਰੀਕੇ ਨਾਲ ਵੀ ਪਰਿਭਾਸ਼ਾ ਹੋ ਸਕਦੀ ਹੈ। ਜੁਗਤ ਉਹ ਤਰੀਕਾ ਹੈ ਜਿਹੜਾ ਪਾਠਕਾਂ ਨੂੰ ਕੇਵਲ ਇਨਕਲਾਬੀ ਮਾਨਸਿਕਤਾ ਅਤੇ ਸਰਗਰਮੀ ਦਿੰਦਾ ਹੈ। ਜੁਗਤ ਦੇ ਘਾਟੇ ਕਾਰਨ ਹੀ ਸਾਡੀਆਂ ਕਵਿਤਾਵਾਂ, ਕਹਾਣੀਆਂ ਅਤੇ ਨਾਟਕਾਂ ਵਿਚ ਬੜੇ ਪਿਛਾਂਹਖਿਚੂ ਅੰਸ਼ ਮਿਲ ਜਾਂਦੇ ਹਨ, ਜਿਹੜੇ ਕਿ ਕਵਿਤਾ ਦੀ ਮਣਸ਼ਾ ਅਨੁਸਾਰ ਨਹੀਂ ਹੁੰਦੇ।

ਪ੍ਰਗਤੀਵਾਦੀ ਜੁਗਤ ਦੀ ਇਕ ਹੋਰ ਵਿਸ਼ੇਸ਼ਤਾ ਵੀ ਹੈ। ਬੁਰਜੂਆ ਸਾਹਿਤਕਾਰ ਇਸ ਗੱਲ ਤੇ ਸਬਰ ਕਰ ਸਕਦਾ ਹੈ ਕਿ ਉਸ ਨੇ ਕੋਈ ਰਚਨਾ ਕੀਤੀ ਜਿਸ ਦਾ ਪਾਠਕ ਤੇ ਪ੍ਰਭਾਵ ਨਾਲ ਅੰਤ ਹੋ ਗਿਆ। ਅਸੀਂ ਪਾਠਕ ਤੇ ਕੇਵਲ ਪ੍ਰਭਾਵ ਹੀ ਨਹੀਂ ਪਾਉਣਾ ਸਗੋਂ ਇਨਕਲਾਬੀ ਪ੍ਰਭਾਵ ਪਾਉਣਾ ਹੈ। ਇਨਕਲਾਬੀ ਸਾਹਿਤਕਾਰ ਦੀ ਜੁਗਤ ਕੇਵਲ ਇਨਕਲਾਬੀ ਪ੍ਰਭਾਵ ਤੇ ਹੀ ਸਬਰ ਨਹੀਂ ਕਰ ਸਕਦੀ, ਉਸ ਨੇ ਅਕ੍ਰਿਆਸ਼ੀਲ (passive) ਵਿਅਕਤੀ ਨੂੰ ਸਰਗਰਮ ਆਦਮੀ (active) ਬਨਾਉਣ ਵਿਚ ਸਹਾਈ ਹੋਣਾ ਹੈ। ਇਸ ਕਰਕੇ ਜੁਗਤ ਦਾ ਮਨੋਵਿਗਿਆਨ ਅਤੇ ਨਿਤਾਪ੍ਰਤੀ ਸਿਆਸਤ ਨਾਲ ਵੀ ਸੰਬੰਧ ਹੈ। ਪ੍ਰਚਲਤ ਜੁਗਤ ਇਹ ਜ਼ੁੰਮੇਂਦਾਰੀਆਂ ਨਿਭਾਉਣ ਦੇ ਅਸਮਰਥ ਹੈ। ਕੇਵਲ ਅਜੇਹੇ ਇਨਕਲਾਬੀ ਸਾਹਿਤਕਾਰਾਂ ਦੇ ਨਿੱਜੀ ਪ੍ਰਯੋਗ ਹੀ ਜੁਗਤ ਦੀ ਸਮੱਸਿਆ ਨਾਲ ਨਜਿੱਠ ਸਕਦੇ ਹਨ, ਜਿਨ੍ਹਾਂ ਦਾ ਪਿਛੋਕੜ ਸ਼ਰੇਣਿਕ ਘੋਲ ਅਤੇ ਉਤਸ਼ਾਹ ਦਾ ਹੈ।

ਦੂਸਰਾ ਨੁਕਤਾ ਪਰੰਪਰਾ ਨਾਲੋਂ ਟੁੱਟਣ ਦਾ ਸੀ। ਮਾਰਕਸ ਨੇ ਪਰਾਏਪਨ (alienation) ਦੇ ਚਾਰ ਅੰਸ਼ ਦੱਸੇ ਹਨ। ਕੁਝ ਚਿੰਤਕ ਇਹ ਵੀ ਕਹਿੰਦੇ ਹਨ ਕਿ ਬਸਤੀਵਾਦੀ ਦੇਸ਼ਾਂ ਵਿਚ ਸਾਮਰਾਜ ਦੀ ਅਧੀਨਗੀ ਕਾਰਨ ਪਰੰਪਰਾ ਦਾ ਪਾੜਾ ਪੈ ਗਿਆ। ਉਹਨਾਂ ਅਨੁਸਾਰ ਪਰੰਪਰਾ ਤੋਂ ਟੁੱਟਣਾ ਪਰਾਏਪਨ ਦਾ ਪੰਜਵਾਂ ਅੰਸ਼ ਹੈ। ਮੇਰੇ ਵਿਚ ਐਨੀ ਯੋਗਤਾ ਨਹੀਂ ਕਿ ਮੈਂ ਪੰਜਵੇਂ ਅੰਸ਼ ਦੀ ਪਹਿਲੇ ਅੰਸ਼ਾਂ ਨਾਲ ਸਮਤਾ ਸਿੱਧ ਕਰ ਸਕਾਂ। ਇਸ ਗੱਲ ਬਾਰੇ ਭਾਵੇਂ ਮੇਰਾ ਤਰਕ ਚੁੱਪ ਹੈ, ਪਰ ਮੇਰਾ ਅਨੁਭਵ ਹੀ ਇਸ ਦੀ ਹਾਮੀ ਭਰਦਾ ਹੈ। ਮੈਨੂੰ ਅਸਿੱਧੇ ਤਰੀਕੇ ਨਾਲ ਵੀ ਇਹ ਗੱਲ ਪ੍ਰਤੀਤ ਹੁੰਦੀ ਹੈ। ਪ੍ਰਗਤੀਵਾਦੀ ਸਾਹਿਤ ਰਚਨਾ ਵਿਚ ਦਰਸ਼ਨ ਨੂੰ ਨਿਭਾਉਣ ਬਾਰੇ ਚਿੰਤਾਤੁਰ ਰਿਹਾ ਹੈ ਅਤੇ ਮਾਰਕਸ-ਵਾਦ ਵਿਰੋਧੀ ਤਾਂ ਇਹ ਕਹਿੰਦੇ ਹਨ ਕਿ ਰਚਨਾ ਅਤੇ ਦਰਸ਼ਨ ਦੋ ਅੱਡ ਅੱਡ ਚੀਜ਼ਾਂ ਹਨ। ਹੈਰਾਨੀ ਦੀ ਗੱਲ ਹੈ ਕਿ 19ਵੀਂ ਸਦੀ ਤਕ ਦੇ ਪੰਜਾਬੀ ਸਾਹਿਤ ਵਿਚ ਦਰਸ਼ਨ ਨੂੰ ਰਚਨਾ ਲਈ ਸਮੱਸਿਆ ਤਾਂ ਕੀ ਅਗੋਂ ਅਵਸਰ ਸਮਝਿਆ ਜਾਂਦਾ ਸੀ। ਬਹੁਤੇ ਵੇਰਵੇ ਵਿਚ ਨਾ ਜਾਂਦਿਆਂ ਹੋਇਆਂ ਮੈਂ ਇਹੀ ਕਹਿ ਸਕਦਾ ਹਾਂ ਕਿ ਵੱਖ ਵੱਖ ਧਾਰਾਵਾਂ ਦੀਆਂ ਜਨਮ-ਸਾਖੀਆਂ ਕੇਵਲ ਸੰਪ੍ਰਦਾਇਕ ਦਰਸ਼ਨ ਦੇ ਸੰਚਾਰ ਲਈ ਹੀ ਲਿਖੀਆਂ ਗਈਆਂ ਸਨ। (ਬਹੁਤੇ ਵੇਰਵੇ ਲਈ ਮੇਰਾ ਸਿਰਜਣਾ ਨੰ: 35 ਵਾਲਾ ਲੇਖ ਵੇਖਿਆ ਜਾ ਸਕਦਾ ਹੈ)। ਬਾਬੇ ਨਾਨਕ ਵਿਚ ਵਿਚਾਰਧਾਰਕ ਸ਼ਬਦਾਂ ਤੋਂ ਬਿਨਾਂ ਕਈ ਅਜਿਹੇ ਵੀ ਸ਼ਬਦ ਮਿਲਦੇ ਹਨ ਜਿਹੜੇ ਕਿ ਕਵਿਤਾ ਦੇ ਬੇਮਿਸਾਲ ਨਮੂਨੇ ਹਨ। ਜੇ ਇਹਨਾਂ ਨੂੰ ਗਹੁ ਨਾਲ ਵੇਖਿਆ ਜਾਵੇ ਤਾਂ

ਇਹਨਾਂ ਦੇ ਤਿੰਨ ਅੰਗ ਪ੍ਰਤੱਖ ਹੀ ਪ੍ਰਤੀਤ ਹੁੰਦੇ ਹਨ। ਬਾਬਾ ਨਾਨਕ ਕਿਸੇ ਅਨੁਭਵ ਦੇ ਟੁਕੜੇ ਤੋਂ ਰਚਨਾ ਦਾ ਆਰੰਭ ਕਰਦਾ ਹੈ। ਉਸ ਤੋਂ ਬਾਅਦ ਅਨੁਭਵ ਦਾ ਵਿਸ਼ਲੇਸ਼ਣ ਹੁੰਦਾ ਹੈ, ਜਿਸ ਤੋਂ ਸਿੱਖ ਦਰਸ਼ਨ ਦੇ ਸਿੱਟੇ ਸੁਭਾਵਕ ਹੀ ਪ੍ਰਤੀਤ ਹੁੰਦੇ ਹਨ। ਬਾਬੇ ਦੀ ਬਾਣੀ ਵਿਚ ਦਰਸ਼ਨ ਦਾ ਸੁਭਾਵਕ ਪ੍ਰਤੀਤ ਹੋਣਾ ਦਰਅਸਲ ਅਨੁਭਵ ਦੀ ਚੋਣ ਅਤੇ ਇਸ ਦੇ ਵਿਚਾਰਧਾਰਕ ਵਿਸ਼ਲੇਸ਼ਣ ਦੀ ਜੁਗਤ ਦਾ ਹੀ ਨਤੀਜਾ ਹੈ। ਇਹ ਸਾਡਾ ਪਰੰਪਰਾ ਤੋਂ ਟੁੱਟਣ ਦਾ ਹੀ ਦੋਸ਼ ਹੈ ਕਿ ਅਸੀਂ ਉਸ ਸਮੱਸਿਆ ਦੇ ਸਾਹਮਣੇ ਹੀ ਸਿੱਥਲ ਹੋਏ ਪਏ ਹਾਂ ਜਿਹੜੀ ਕਿ ਪੰਜਾਬੀ ਸਾਹਿਤ ਵਿਚ ਕਈ ਸਦੀਆਂ ਤਕ ਨਿਪਟਾਈ ਗਈ ਹੈ।

ਇਥੇ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਬਾਬੇ ਨਾਨਕ ਦੀ ਜੁਗਤ ਦੀ ਹੂਬਹੂ ਨਕਲ ਸਾਡੀ ਮੁਸ਼ਕਲ ਹੱਲ ਨਹੀਂ ਕਰ ਸਕਦੀ ਕਿਉਂਕਿ ਬਾਬੇ ਦਾ ਦਰਸ਼ਨ ਅਤੇ ਮਾਰਕਸਵਾਦ ਇਕ ਚੀਜ਼ ਨਹੀਂ। ਅਸੀਂ ਬਾਬੇ ਨਾਨਕ ਤੋਂ ਪ੍ਰੇਰਨਾ ਲੈ ਸਕਦੇ ਹਾਂ। ਅਨੁਭਵ ਦੀ ਚੋਣ ਬਾਰੇ ਸਿਖ ਸਕਦੇ ਹਾਂ। ਇਸ ਦੇ ਵਿਚਾਰਧਾਰਕ ਵਿਸ਼ਲੇਸ਼ਣ ਵਲ ਧਿਆਨ ਦੇ ਸਕਦੇ ਹਾਂ। ਪਰ ਆਪਣੀਆਂ ਰਚਨਾਵਾਂ ਵਿਚ ਮਾਰਕਸਵਾਦ ਨੂੰ ਸੁਭਾਵਕ ਪ੍ਰਤੀਤ ਕਰਨ ਲਈ ਸਾਨੂੰ ਕੁਝ ਹੋਰ ਵੀ ਕਰਨਾ ਪਵੇਗਾ। O

---

(ਸਫਾ 33 ਦੀ ਬਾਕੀ)

ਉਥੇ ਵੱਡੇ ਤੋਂ ਵੱਡੇ ਅਫਸਰ ਦੀ ਤਨਖਾਹ ਵੀ ਉਨੀਂ ਹੀ ਹੈ, ਜਿੰਨੀ ਇਕ ਹੋਸ਼ਿਆਰ ਕਾਰੀਗਰ ਦੀ। ਉਹ ਅਸਮਾਨੀ ਲਗਦੇ ਮਹਿਲਾਂ ਵਿਚ ਨਹੀਂ ਰਹਿੰਦਾ, ਤਿੰਨ ਚਾਰ ਕਮਰਿਆਂ ਵਿਚ ਹੀ ਉਸ ਨੂੰ ਗੁਜ਼ਾਰਾ ਕਰਨਾ ਪੈਂਦਾ ਹੈ। ਉਸ ਦੀ ਸ਼੍ਰੀਮਤੀ ਜੀ ਰਾਣੀ ਸਾਹਿਬਾਂ ਜਾਂ ਬੇਗਮ ਬਣੀ ਸਕੂਲਾਂ ਵਿਚ ਇਨਾਮ ਵੰਡਦੀ ਨਹੀਂ ਫਿਰਦੀ, ਸਗੋਂ ਅਕਸਰ ਮਿਹਨਤ–ਮਜ਼ਦੂਰੀ ਜਾਂ ਕਿਸੇ ਅਖ਼ਬਾਰ ਦੇ ਦਫਤਰ ਵਿਚ ਕੰਮ ਕਰਦੀ ਹੈ। ਸਰਕਾਰੀ ਅਹੁਦਾ ਪਾ ਕੇ ਵੀ ਉਹ ਆਪਣੇ ਆਪ ਨੂੰ ਲਾਟ ਸਾਹਿਬ ਨਹੀਂ, ਸਗੋਂ ਜਨਤਾ ਦਾ ਸੇਵਕ ਸਮਝਦਾ ਹੈ। ਮਹਾਜਨੀ ਸਭਿਅਤਾ ਦਾ ਪ੍ਰੇਮੀ ਏਸ ਸਮਾਜਕ ਢਾਂਚੇ ਨੂੰ ਕਿਉਂ ਪਸੰਦ ਕਰੇਗਾ ਜਿਸ ਵਿਚ ਉਸ ਨੂੰ ਦੂਸਰਿਆਂ ਤੇ ਹਕੂਮਤ ਜਤਾਉਣ ਲਈ ਸੋਨੇ–ਚਾਂਦੀ ਦੇ ਢੇਰ ਲਾਉਣ ਦੀਆਂ ਸਹੂਲਤਾਂ ਨਹੀਂ ? ਪੂੰਜੀਪਤੀ ਅਤੇ ਜ਼ਿਮੀਂਦਾਰ ਤਾਂ ਏਸ ਸਭਿਅਤਾ ਦੀ ਕਲਪਣਾ ਨਾਲ ਹੀ ਕੰਬ ਉਠਦੇ ਹਨ। ਉਨ੍ਹਾਂ ਦੀ ਚੂੜੀ ਦਾ ਕਾਰਣ ਅਸੀਂ ਸਮਝ ਸਕਦੇ ਹਾਂ, ਪਰ ਜਦ ਉਹ ਲੋਕ ਵੀ ਉਸਦਾ ਮਜ਼ਾਕ ਉਡਾਉਣ ਤੇ ਉਸ ਤੇ ਫਿਰਕੇ ਕਸਣ ਲਗਦੇ ਹਨ ਤਾਂ ਅਨਜਾਣਿਆਂ ਹੀ ਮਹਾਜਨੀ ਸਭਿਅਤਾ ਦਾ ਉੱਲੂ ਸਿੱਧਾ ਕਰ ਰਹੇ ਹਨ, ਤਾਂ ਸਾਨੂੰ ਉਨ੍ਹਾਂ ਦੀ ਗੁਲਾਮ–ਮਨੋਬਿਰਤੀ 'ਤੇ ਹਾਸਾ ਆਉਂਦਾ ਹੈ। ਜਿਸ ਵਿਚ ਮਨੁੱਖਤਾ, ਅਧਿਆਤਮਕਤਾ, ਉੱਚਤਾ ਅਤੇ ਸੁਹਜ-ਬੋਧ ਹੈ, ਉਹ ਕਦੀ ਵੀ ਅਜਿਹੇ ਸਮਾਜਕ ਢਾਂਚੇ ਦੀ ਸਲਾਹੁਤਾ ਨਹੀਂ ਕਰ ਸਕਦਾ, ਜਿਸਦੀ ਨੀਂਹ ਲੋਭ ਸੁਆਰਥੀਪਣ ਅਤੇ ਕਮਜ਼ੋਰ ਮਨੋਬਿਰਤੀ ਤੇ ਖੜੀ ਹੋਵੇ। ਰੱਬ ਨੇ ਤੁਹਾਨੂੰ ਵਿੱਦਿਆ ਅਤੇ ਕਲਾ ਦੀ ਦੌਲਤ ਦਿਤੀ ਹੈ ਤਾਂ ਉਸਦਾ ਸਭ ਤੋਂ ਵਧੀਆ ਉਪਯੋਗ ਇਹੋ ਹੈ ਕਿ ਉਸਨੂੰ ਜਨ-ਸਮਾਜ ਦੀ ਸੇਵਾ ਵਿਚ ਲਾਓ, ਇਹ ਨਹੀਂ ਕਿ ਉਸ ਨਾਲ ਜਨ-ਸਮਾਜ ਤੇ ਹਕੂਮਤ ਚਲਾਓ, ਉਸਦਾ ਖੂਨ ਚੂਸੋ ਤੇ ਉਸਨੂੰ ਉੱਲੂ ਬਣਾਓ।

ਧੰਨ ਹੈ ਉਹ ਸਭਿਅਤਾ, ਜੋ ਮਾਲਦਾਰੀ ਅਤੇ ਨਿਜੀ ਜਾਇਦਾਦ ਦਾ ਅੰਤ ਕਰ ਰਹੀ ਹੈ ਅਤੇ ਦੇਰ-ਸਵੇਰ ਦੁਨੀਆਂ ਉਸ ਦੀਆਂ ਪੈੜਾਂ ਤੇ ਚਲੇਗੀ ਜ਼ਰੂਰ। ਇਹ ਸਭਿਅਤਾ ਫਲਾਣੇ ਦੇਸ਼ ਦੀ ਸਮਾਜ ਰਚਨਾ ਜਾਂ ਧਰਮ-ਮਜ਼ਹਬ ਨਾਲ ਮੇਲ ਨਹੀਂ ਖਾਂਦੀ ਜਾਂ ਉਸ ਵਾਤਾਵਰਣ ਦੇ ਅਨੁਕੂਲ ਨਹੀਂ, ਇਹ ਤਰਕ ਬਿਲਕੁਲ ਅਸੰਗਤ ਹੈ। ਈਸਾਈ ਮਜ਼ਹਬ ਦਾ ਪੌਦਾ ਜੇਰੂਸਲਮ ਵਿਚ ਉਗਿਆ ਅਤੇ ਸਾਰੀ ਦੁਨੀਆਂ ਉਸਦੀ ਖੁਸ਼ਬੂ ਨਾਲ ਬਸ ਗਈ। ਬੁੱਧ ਧਰਮ ਨੇ ਉਤਰ ਭਾਰਤ ਵਿਚ ਜਨਮ ਲਿਆ ਅਤੇ ਅੱਧੀ ਦੁਨੀਆਂ ਨੇ ਉਸਨੂੰ ਗੁਰੂ-ਦੱਖਣਾ ਦਿਤੀ। ਮਨੁੱਖੀ ਸਮਾਜ ਪੂਰੇ ਸੰਸਾਰ ਵਿਚ ਇਕ ਹੀ ਹੈ। ਛੋਟੀਆਂ ਮੋਟੀਆਂ ਗੱਲਾਂ ਵਿਚ ਫਰਕ ਹੋ ਸਕਦਾ ਹੈ, ਪਰ ਮੂਲ ਸਰੂਪ ਦੀ ਦ੍ਰਿਸ਼ਟੀ ਤੋਂ ਮਨੁੱਖ ਜਾਤੀ ਵਿਚ ਕੋਈ ਭੇਦ ਨਹੀਂ। ਜੋ ਹਕੂਮਤ ਵਿਧਾਨ ਅਤੇ ਸਮਾਜਕ ਢਾਂਚਾ ਇਕ ਦੇਸ਼ ਲਈ ਕਲਿਆਣਕਾਰੀ ਹੈ, ਉਹ ਦੂਸਰੇ ਦੇਸ਼ ਲਈ ਵੀ ਹਿਤਕਾਰੀ ਹੋਵੇਗਾ। ਹਾਂ ਮਹਾਜਨੀ ਸਭਿਅਤਾ ਅਤੇ ਉਸਦੇ ਪਿੱਠੂ ਆਪਣੇ ਪੂਰੇ ਜ਼ੋਰ ਨਾਲ ਉਸਦਾ ਵਿਰੋਧ ਕਰਨਗੇ, ਉਸ ਬਾਰੇ ਭਰਮ-ਪੈਦਾ ਕਰੂ ਪ੍ਰਚਾਰ ਕਰਣਗੇ, ਆਮ ਲੋਕਾਂ ਨੂੰ ਭੁਚਲਾਉਣਗੇ, ਉਸ ਦੀਆਂ ਅੱਖਾਂ ਵਿਚ ਧੂੜ ਫੱਕਣਗੇ, ਪਰ ਜੋ ਸੱਚ ਹੈ, ਇਕ ਨਾ ਇਕ ਦਿਨ ਉਸਦੀ ਜਿਤ ਹੋਵੇਗੀ ਅਤੇ ਜ਼ਰੂਰ ਹੋਵੇਗੀ।

[ਅਨੁ : ਚਮਨ ਲਾਲ]

## ਇਹ ਹਮਾਰਾ ਜੀਵਣਾ/ਗੁਰਸ਼ਰਨ ਸਿੰਘ

# ਨਾਗਾਲੈਂਡ ਅਤੇ ਦਿਲੀ ਦੇ ਹਾਕਮ

1947 ਵਿਚ ਜਦੋਂ ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਵਾਗਡੋਰ ਕਾਂਗਰਸ ਦੇ ਲੀਡਰਾਂ ਨੂੰ ਸੰਭਾਲੀ ਤਾਂ ਪ੍ਰਭਾਵ ਇਹ ਦਿਤਾ ਗਿਆ ਕਿ ਹਿੰਦੁਸਤਾਨ ਸਮੁੱਚੇ ਦੇ ਲੋਕ ਇਸ ਦੇਸ਼ ਦੀ ਹਕੂਮਤ ਕਰਨਗੇ। ਇਹਨਾਂ ਲੋਕਾਂ ਵਿਚ ਉਹ ਵੀ ਲੋਕ ਸ਼ਾਮਿਲ ਸਨ ਜੋ ਉਤਰ ਪੂਰਬ ਵਿਚ ਬਰਮਾਂ ਦੀ ਹੱਦ ਤਕ ਦੇ ਇਲਾਕਿਆਂ ਦੇ ਰਹਿਣ ਵਾਲੇ ਸਨ। ਇਹਨਾਂ ਵਿਚ ਹੁਣ ਵਾਲਾ ਨਾਗਾਲੈਂਡ ਮਿਜ਼ੋਰਾਮ, ਅਰੂਨਾਚਲ, ਤ੍ਰਿਪੁਰਾ, ਮਨੀਪੁਰ ਆਦਿਕ ਦੇ ਇਲਾਏ ਆਉਂਦੇ ਹਨ। ਪਰ ਆਉਣ ਵਾਲੇ ਸਮੇਂ ਨੇ ਦਸਿਆ ਕਿ ਭਾਂਵੇਂ ਭਾਰਤ ਦਾ ਵਿਧਾਨ 'ਸੈਕੂਲਰ' ਆਖਿਆ ਗਿਆ ਹੈ ਅਤੇ ਢੰਡੋਰਾ ਵੀ ਸੈਕੂਲਰਿਜ਼ਮ ਦਾ ਫੇਰਿਆ ਜਾਂਦਾ ਹੈ ਪਰ ਅਸਲ ਵਿਚ ਦਿਲੀ ਦੇ ਹਾਕਮ ਹਿੰਦੀ ਭਾਸ਼ਾਈ ਵਾਲੇ ਲੋਕ ਹੀ ਰਹੇ ਹਨ, ਜਿਨ੍ਹਾਂ ਨੇ ਹਿੰਦੀ ਕਲਚਰ ਨੂੰ ਹੀ ਭਾਰਤੀ ਕਲਚਰ ਦਾ ਨਾਂ ਦਿਤੀ ਰਖਿਆ ਹੈ। ਦੂਜਿਆਂ ਸੂਬਿਆਂ ਵਿਚ ਵੱਸਦੇ ਘੱਟ ਗਿਣਤੀ ਵਾਲੇ ਲੱਖਾਂ ਕ੍ਰੋੜਾਂ ਦੀ ਕਲਚਰ ਵਲ ਉਹਨਾਂ ਦਾ ਮਤਰੇਈ ਮਾਂ ਵਾਲਾ ਸਲੂਕ ਹੀ ਰਿਹਾ ਹੈ।

ਉਤਰ ਪੂਰਬ ਵਾਲੇ ਇਲਾਕਿਆਂ ਵਿਚ ਕਦੀ ਵੈਦਿਕ ਪ੍ਰਚਾਰਕ ਨਹੀਂ ਪੁੱਜ ਸਕੇ ਸਨ, ਕਿਉਂਕਿ ਇਥੇ ਜੰਗਲ ਸਨ, ਆਵਾਜਾਈ ਦੇ ਕੋਈ ਸਾਧਨ ਨਹੀਂ ਸਨ, ਜ਼ਿੰਦਗੀ ਬੜੀ ਔਖੀ ਸੀ। ਪਰ ਇਸਦੇ ਉਲਟ ਇਸਾਈ ਪ੍ਰਚਾਰਕ ਜਾਂ ਪਾਦਰੀ ਆਪਣੀ ਜ਼ਿੰਦਗੀ ਨੂੰ ਔਖਿਆਂ ਕਰਕੇ ਉਥੇ ਪੁਜੇ ਤੇ ਜਿਥੇ ਉਹਨਾਂ ਨੇ ਇਥੋਂ ਦੇ ਕਬੀਲਿਆਂ ਨੂੰ ਨਵੀਂ ਰੋਸ਼ਨੀ ਦਿਤੀ, ਉਥੇ ਇਸਾਈ ਮੱਤ ਦਾ ਪਰਚਾਰ ਵੀ ਕੀਤਾ। ਨਾਗਾ ਲੋਕ ਉਹਨਾਂ ਵਿਚੋਂ ਇਕ ਹਨ। ਚਾਹੀਦਾ ਤਾਂ ਇਹ ਸੀ ਕਿ ਉਹਨਾਂ ਨਾਲ ਬਰਾਬਰ ਦਾ ਸਲੂਕ ਕੀਤਾ ਜਾਂਦਾ, ਉਹਨਾਂ ਦੇ ਸਭਿਆਚਾਰ ਅਤੇ ਅਕੀਦਿਆਂ ਦੀ ਰਖਵਾਲੀ ਦੀ ਉਹਨਾਂ ਨੂੰ ਗਰੰਟੀ ਦਿਤੀ ਜਾਂਦੀ, ਦਿੱਲੀ ਦੀ ਸਰਕਾਰ ਵਿਚ ਉਹਨਾਂ ਨੂੰ ਇਜ਼ਤ ਵਾਲਾ ਹਿੱਸਾ ਦਿਤਾ ਜਾਂਦਾ, ਪਰ ਇਸਤਰ੍ਹਾਂ ਹੋਇਆ ਨਹੀਂ। ਦਿਲੀ ਦੇ ਹਾਕਮਾਂ ਨੇ ਉਹਨਾਂ ਨਾਲ ਉਨਾਂ ਹੀ ਸੰਬਧ ਰਖਿਆ ਕਿ ਗੰਣਤੰਤਰ ਦਿਵਸ ਤੇ ਉਹਨਾਂ ਦੀ ਨਚਣ ਵਾਲੀ ਇਕ ਟੀਮ ਮੰਗਵਾ ਲੈਣੀ। ਉਥੇ ਉਹਨਾਂ ਨੇ ਆਪਣੇ ਕਬੀਲੇ ਦੇ ਨਾਚ ਨੰਗੇ ਪਿੰਡੇ ਲੱਕ ਦੁਆਲੇ ਪਤੇ ਬੰਨਕੇ ਕਰਨੇ। ਦਿਲੀ ਵਾਲਿਆਂ ਨੇ ਨਾਚ ਵੇਖਣੇ। ਵਾਹਵਾਹ ਕਰ ਦੇਣੀ ਪਰ ਪ੍ਰਭਾਵ ਉਹਨਾਂ ਦਾ ਇਹੀ ਬਣਨਾ ਕਿ ਇਹ ਜਾਂਗਲੀ ਲੋਕ ਹਨ। ਉਂਝ ਹਕੀਕਤ ਇਹ ਹੈ ਕਿ ਮਿਜ਼ੋਰਾਮ ਅਰੂਨਾਚਲ, ਨਾਗਾਲੈਂਡ ਵਿਚ ਵਿਦਿਆ ਹਿੰਦੁਸਤਾਨ ਦੇ ਬਾਕੀ ਕਈ ਸੂਬਿਆਂ ਦੇ ਮੁਕਾਬਲੇ ਕਿਤੇ ਵੱਧ ਹੈ। ਨਾਗਿਆਂ ਨੇ, ਮਿਜ਼ੋ ਲੋਕਾਂ ਨੇ ਜਦੋਂ ਕੋਈ ਹੱਕ ਦੀ ਆਵਾਜ਼ ਉਠਾਈ ਤਾਂ ਸਾਮਰਾਜੀ ਜ਼ਹਿਨੀਅਤ ਦੇ ਮਾਲਕ ਦਿਲੀ ਦੇ ਹਾਕਮਾਂ ਨੇ ਬੀ. ਐਸ. ਐਫ. ਦੇ ਯੂਨਿਟ ਜਾਂ ਫੌਜ ਭੇਜ ਕੇ ਉਹਨਾਂ ਦੇ ਮਾਮਲੇ ਸੁਲਝਾਣੇ ਚਾਹੇ। ਕਦੀ ਇਹ ਕੋਸ਼ਿਸ਼ ਨਾਂ ਕੀਤੀ ਕਿ ਉਹਨਾਂ ਦੇ ਮੱਸਲੇ ਨੂੰ ਸਮਝਣ ਸਗੋਂ ਇਸਦੇ ਉਲਟ ਉਹਨਾਂ ਵਿਚੋਂ ਹੀ ਕੁਝ ਟਾਊਟ ਕਿਸਮ ਦੇ ਲਾਲਚੀ ਲੋਕ ਲਭ ਕੇ ਉਹਨਾਂ ਰਾਹੀਂ ਹਕੂਮਤ ਚਲਾਣੀ ਚਾਹੀ। ਏਨਾਂ ਟਾਊਟਾਂ ਨੂੰ ਦੇਸ਼ ਭਗਤ ਕਿਹਾ ਤੇ ਜਿਹੜੇ ਹੱਕ ਲਈ ਲੜਣ ਵਾਲੇ ਲੋਕ ਸਨ, ਉਹਨਾਂ ਨੂੰ ਕਿਹਾ ਕਿ ਉਹ ਬਾਹਰਲੇ ਮੁਲਕਾਂ ਦੇ ਅਸਰ ਥਲੇ ਗ਼ਦਾਰ ਹਨ। ਅੰਗਰੇਜ਼ਾਂ ਨੇ ਵੀ ਟਾਊਟਾਂ ਅਤੇ ਫੌਜ ਦੀ ਮੱਦਦ ਨਾਲ ਹਿੰਦੁਸਤਾਨ ਤੇ ਸੌ ਸਾਲ ਹਕੂਮਤ ਚਲਾਈ ਸੀ। ਦਿਲੀ ਦੇ ਹਾਕਮ ਵੀ 33 ਸਾਲ ਤੋਂ ਫੌਜ ਅਤੇ ਪੁਲਸ ਦੀ ਮੱਦਦ ਨਾਲ ਇਹਨਾਂ ਇਲਾਕਿਆਂ ਤੇ ਹਕੂਮਤ ਚਲਾ ਰਹੇ ਹਨ। ਪਰ ਹੁਣ ਉਹਨਾਂ ਲੋਕਾ ਦੀ ਆਪਣੀ ਆਜ਼ਾਦੀ ਦੀ ਲੜਾਈ ਅਸਲ ਮੈਂਨਿਆਂ ਵਿਚ ਹਥਿਆਰ ਬੰਦ ਗੁਰੀਲਾ ਲੜਾਈ ਵਿਚ ਬਦਲ ਗਈ ਹੈ – ਖਾਸ ਕਰਕੇ ਨਾਗਾਲੈਂਡ ਵਿਚ ਉਹਨਾਂ ਨੇ, ਆਪਣੇ ਨਰਮਦਲੀਏ ਆਗੂਆਂ ਦੇ ਅਸਰ ਤੋਂ ਬਾਹਰ ਹੋ ਕੇ, ਜਾਂ ਉਹਨਾਂ ਆਗੂਆਂ ਦੇ ਅਸਰ ਤੋਂ ਲਾਂਭੇ ਹੋ ਕੇ ਜਿਹੜੇ ਸੰਘਰਸ਼ ਉਸ ਹੱਦ ਤਕ ਹੀ ਲੜਣਾ ਚਾਹੁੰਦੇ ਹਨ ਕਿ ਉਹਨਾਂ ਨੂੰ

ਦਿਲੀ ਦੇ ਹਾਕਮ ਕੁਰਸੀ ਦੇ ਦੇਣ, ਸੰਘਰਸ਼ ਚਲਾ ਦਿਤਾ ਹੈ। ਦਿਲੀ ਦੇ ਹਾਕਮ ਹੁਣ ਚੀਕ ਉਠੇ ਹਨ।

ਅਖਬਾਰ ਸੰਡੇ ਸਟੈਂਡਰਡ ਜੁਲਾਈ 13, 1980 ਮੁਤਾਬਿਕ ਉਥੇ ਇਨਕਲਾਬੀ ਜਥੇਬੰਦੀ, "ਨੈਸ਼ਨਲ ਸੋਸ਼ਲਿਸਟਿਕ ਕੌਂਸਲ ਆਫ ਨਾਗਾਲੈਂਡ ਨੇ ਸੰਘਰਸ਼ ਦੀ ਵਾਗਡੋਰ ਸੰਭਾਲ ਲਈ ਹੈ। ਉਹਨਾਂ ਨੇ ਫਿਜ਼ੋ ਵਾਲੀ ਨਾਗਾ ਨੈਸ਼ਨਲ ਕੌਂਸਲ ਨਾਲ ਨਾਤਾ ਤੋੜ ਦਿਤਾ ਹੈ, ਜਿਹੜਾ ਦਿਲੀ ਦੇ ਹਾਕਮਾਂ ਨਾਲ ਸਮਝੌਤਾ ਕਰਨਾਂ ਚਾਹੁੰਦਾ ਹੈ, ਤੇ ਜਿਦੀ ਸਮਝ ਹੈ ਕਿ ਦਿਲੀ ਦੇ ਹਾਕਮਾਂ ਨਾਲ ਲੰਬੀ ਲੜਾਈ ਨਾਗਾਲੈਂਡ ਨੂੰ ਤਬਾਹ ਕਰ ਦੇਵੇਗੀ। ਉਹਨਾਂ ਨੇ ਸਵਾਲ ਕੀਤਾ ਹੈ "ਕੀ ਨਾਗਾਲੈਂਡ ਦੇ ਤਬਾਹ ਹੋਣ ਦੀ ਕੋਈ ਕਸਰ ਰਹਿ ਗਈ ਹੈ ?" 1947 ਤੋਂ ਪਹਿਲੇ ਨਾਗਾਲੈਂਡ ਵਿਚ ਇਕ ਵੀ ਹਿੰਦੁਸਤਾਨੀ ਨਹੀਂ ਸੀ। ਹੁਣ ਦੋ ਲੱਖ ਹਿੰਦੁਸਤਾਨੀ ਵਪਾਰੀ, ਤੇ ਹੋਰ ਅਮਲਾ ਉਥੇ ਪੁੱਜ ਗਿਆ ਹੈ। ਫੌਜ ਦੀ ਗਿਣਤੀ ਵਖਰੀ ਹੈ। ਨਾਗਾਲੈਂਡ ਦੀ ਨਵਉਸਾਰੀ ਦੇ ਬਹਾਨੇ ਉਹਨਾਂ ਨੇ ਸਰਮਾਏਦਾਰੀ ਕਿਸਮ ਦੀ ਉਥੇ ਲੁੱਟ ਸ਼ੁਰੂ ਕਰ ਦਿਤੀ ਹੈ। ਕੁਝ ਨੂੰ ਚੰਗਾ ਦੇਕੇ ਆਪਣੇ ਨਾਲ ਮਿਲਾ, ਲਿਆ ਹੈ, ਬਾਕੀਆਂ ਨੂੰ 'ਸੱਸਤਾ ਮਜ਼ਦੂਰ ਵਾਲੀ ਹਾਲਤ ਵਿਚ ਲੈ ਆਂਦਾ ਹੈ। ਉਹ ਆਪਣੇ ਦੇਵੀ ਦੇਵਤੇ ਲੈ ਕੇ ਆਏ ਹਨ, ਜਿਨਾਂ ਵਿਚ ਲਕਸ਼ਮੀ ਦੇਵੀ ਦੀ ਪੂਜਾ ਸਭ ਤੋਂ ਵੱਧ ਹੈ। ਉਹ ਆਪਣੀਆਂ ਘੱਟੀਆਂ ਹਿੰਦੀ ਫਿਲਮਾਂ ਤੇ ਇਹਨਾਂ ਫਿਲਮਾਂ ਦੇ ਗੰਦੇ ਗੀਤ ਸਾਡੀ ਸਭਿਆਚਾਰਕ ਜ਼ਿੰਦਗੀ ਨੂੰ ਗੰਦਾ ਕਰਨ ਲਈ ਲੈ ਆਏ ਹਨ। ਨਾਗਾਲੈਂਡ ਦੇ ਨੈਸ਼ਨਲ ਸੋਸ਼ਲਿਸਟ ਵਾਲਿਆਂ ਨੇ ਨਾਗਾ ਲੋਕਾਂ ਨੂੰ ਇਕ ਸਦਾ ਦਿਤਾ ਹੈ –

– ਅਸੀਂ ਨਵੀਂ ਜ਼ਿੰਦਗੀ ਲਈ ਲੜਨਾ ਹੈ –

– ਅਸੀਂ ਇਨਕਲਾਬ ਲਈ ਲੜਣਾ ਹੈ –

– ਜਿਹੜਾ ਕੋਈ ਹਥਿਆਰ ਸੁੱਟਦਾ ਹੈ, ਉਹ ਆਪਣੀ ਆਜ਼ਾਦੀ ਦੁਸ਼ਮਣ ਦੇ ਪੈਰਾਂ ਤੇ ਪੇਸ਼ ਕਰਦਾ ਹੈ –

ਇਹੋ ਜਿਹਾ ਸੰਘਰਸ਼ ਜਦੋਂ ਵੀ ਚਲਦਾ ਹੈ, ਦਿਲੀ ਦੇ ਹਾਕਮ ਤੇ ਉਹਨਾਂ ਦੀਆਂ ਅਖਬਾਰਾਂ ਰੌਲਾ ਪਾ ਦੇਂਦੀਆਂ ਹਨ ? ਬਾਹਰਲੇ ਦੇਸ਼ ਦੇ ਏਜੰਟ ਸਾਡੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ – ਸੀ. ਆਈ. ਏ. ਸਾਰੀ ਗੜਬੜ ਕਰਵਾ ਰਹੀ ਹੈ" ਇਸ ਤਰ੍ਹਾਂ ਦਾ ਭੰਡੀ ਪਰਚਾਰ ਸ਼ੁਰੂ ਕਰ ਦੇਣਗੇ। ਸਮਾਂ ਆ ਗਿਆ ਹੈ ਕਿ ਚੇਤਣ ਲੋਕ ਇਹਨਾਂ ਘੱਟ ਗਿਣਤੀ ਦੇ ਲੋਕਾਂ ਦੇ ਹੱਕ ਵਿਚ ਆਵਾਜ਼ ਉਠਾਨ। ਫੌਜੀ ਤਾਕਤ ਇਹਨਾਂ ਮੱਸਲਿਆਂ ਦਾ ਹੱਲ ਨਹੀਂ। ਇਹਨਾਂ ਲੋਕਾਂ ਦਾ ਵੱਖਰਾ ਸਭਿਆਚਾਰ ਹੈ, ਰਹਿਣੀ ਬਹਿਣੀ ਹੈ, ਸੋਚਣੀ ਹੈ, ਵਿਸ਼ਵਾਸ਼ ਹੈ, ਅਕੀਦਾ ਹੈ, ਇਜ਼ਤ ਹੈ। ਉਹਨੂੰ ਸਵੀਕਾਰ ਕੀਤਾ ਜ਼ਾਏ। ਉਹਨਾਂ ਨੂੰ ਇਹ ਯਕੀਨ ਦਿਵਾਇਆ ਜਾਏ। ਕਿ ਉਹਨਾਂ ਦੀ ਹਿੰਦੁਸਤਾਨ ਦੀ ਬਰਾਦਰੀ ਵਿਚ ਇਕ ਇਜ਼ਤ ਵਾਲੀ ਥਾਂ ਹੈ। ਉਹਨਾਂ ਦਾ ਦਰਜਾ ਦਿਲੀ ਹਕੂਮਤ ਵਿਚ ਕੋਈ ਕੋਲੋਨੀ ਵਾਲਾ ਨਹੀਂ, – ਹਾਂ ਜੇ ਉਹ ਸਮਝਦੇ ਹਨ ਕਿ ਉਹਨਾਂ ਨੂੰ ਇਕ ਆਜ਼ਾਦ ਹਸਤੀ ਚਾਹੀਦੀ ਹੈ ਤਾਂ ਸਾਡੇ ਵਲੋਂ ਕੋਈ ਜ਼ਬਰਦਸਤੀ ਨਹੀਂ, ਭਾਂਵੇ ਅਸੀਂ ਸਮਝਦੇ ਹਾਂ ਕਿ ਉਹਨਾਂ ਦਾ ਫਾਇਦਾ ਹਿੰਦੁਸਤਾਨ ਦੀ ਬਰਾਦਰੀ ਵਿਚ ਹੀ ਰਹਿਣ ਨਾਲ ਹੈ। ਵੀਹਵੀਂ ਸੱਦੀ ਹੈ, ਹਰ ਇਕ ਗਲ ਦਲੀਲ ਰਾਹੀਂ ਹੋਣੀ ਚਾਹੀਦੀ ਹੈ। ਜ਼ਬਰਦਸਤੀ ਕਿਸੇ ਇਲਾਕੇ ਨੂੰ, ਉਥੋਂ ਦੇ ਲੋਕਾਂ ਦੀ ਮਰਜ਼ੀ ਦੇ ਉਲਟ, ਆਪਣੇ ਥਲੇ ਰਖਣਾ ਸਾਮਰਾਜੀ ਜ਼ਹਿਨੀਅਤ ਦਾ ਸੂਚਕ ਹੈ। ਅਸੀਂ ਦੂਜੀਆਂ ਕੌਮਾਂ ਨੂੰ ਇਸ ਜ਼ਹਿਨੀਅਤ ਦਾ ਇਲਜ਼ਾਮ ਦੇਂਦੇ ਹਾਂ, ਪਰ ਆਪ ਇਸ ਇਲਜ਼ਾਮ ਤੋਂ ਬਰੀ ਨਹੀਂ ਹਾਂ। ਠੀਕ ਨੀਤੀਆਂ ਆਪਣਾ ਕੇ ਫੌਜੀ ਖਰਚਿਆਂ ਨੂੰ ਘਟਾਇਆ ਜਾਏ ਅਤੇ ਦੇਸ਼ ਦੀ ਦੌਲਤ ਦਮਨ ਮਸ਼ੀਨਰੀ ਨੂੰ ਵਧਾਉਣ ਲਈ ਨਹੀਂ, ਸਗੋਂ ਕ੍ਰੋੜਾਂ ਲੋਕਾਂ ਲਈ ਜਿਹੜੇ ਇਸ ਦੇਸ਼ ਵਿਚ ਭੁੱਖ ਮਰੀ ਪੱਧਰ ਦੇ ਥੱਲੇ ਜੀ ਰਹੇ ਹਨ, ਉਹਨਾਂ ਲਈ ਰੋਟੀ ਤੇ ਰੁਜ਼ਗਾਰ ਮੁਹੀਯਾ ਕਰਨ ਵਿਚ ਖਰਚ ਕੀਤੀ ਜਾਏ।

## ਪਾਰਲੀਮੈਂਨੀ ਸਰਕਸ ਦੇ ਜੋਕਰ

ਮੇਰਠ ਦੇ ਕੋਲ ਬਾਘਪਤ ਕਸਬੇ ਵਿਚ ਇਕ ਘਟਨਾ ਵਾਪਰੀ ਹੈ – ਉਂਝ ਤਾਂ ਇਹੋ ਜਹੀਆ ਘਟਨਾਵਾਂ ਰੋਜ਼ ਹੀ ਵਾਪਰਦੀਆਂ ਹਨ – ਪੁਲਸ ਨੇ ਤਿੰਨ ਬੰਦਿਆਂ ਨੂੰ ਗੋਲੀ ਨਾਲ ਉਡਾ ਦਿਤਾ ਅਤੇ ਉਹਨਾਂ ਦੇ ਨਾਲ ਇਕ ਗਰਭਵਤੀ ਨੌਜਵਾਨ ਔਰਤ ਸੀ ਮਾਇਆ ਦੇਵੀ ਤਿਆਗੀ, ਉਹਨੂੰ ਨੰਗਿਆਂ ਕਰਕੇ ਬਾਜ਼ਾਰ ਵਿਚ ਫੇਰਿਆ ਪੁਲਸ ਥਾਨੇ ਵਿਚ ਉਹਦੇ ਨਾਲ ਬਲਾਤਕਾਰੀ ਵੀ ਕੀਤੀ। ਇਹ ਵੀ ਹੁਣ ਕੋਈ ਨਵੀਂ ਗਲ ਨਹੀਂ ਰਹੀ – ਕਿਸੇ ਵੀ ਔਰਤ ਨੂੰ ਕਿਸੇ ਵੀ ਅਪਰਾਧ

ਬਲੇ ਥਾਨੇ ਘੇਰ ਲਿਆਓ ਤਾਂ ਫੇਰ ਜੋ ਮਰਜ਼ੀ ਕਰੋ, ਬਲਾਤਕਾਰੀ ਕਰੋ,...ਜਾਂ ਹੋਰ ਪੁੱਠੇ ਲੋਕਾਂ ਵਾਲੇ ਪੁੱਠੇ ਕੰਮ, ਜਿਨਾ ਨੂੰ ਲਿਖਿਆ ਜਾਵੇ ਤਾਂ ਕਲਮ ਵੀ ਸ਼ਰਮ ਸਾਰ ਹੋ ਜਾਂਦੀ ਹੈ – ਬਹੁਤੇ ਤੋਂ ਬਹੁਤਾ ਲੋਕ ਕੁਝ ਖੱਪ ਹੀ ਪਾਉਣਗੇ, ਪਾਰਲੀਮੈਂਟ ਵਿਚ ਮੈਂਬਰ ਜਜ਼ਬਾਤੀ ਹੋ ਕੇ ਮੰਗ ਕਰਨਗੇ ਕਿ ਬਲਾਤਕਾਰੀ ਲਈ ਸਜ਼ਾ ਏ ਮੌਤ ਹੋਣੀ ਚਾਹੀਦੀ ਹੈ - ਤੇ ਖੱਪ ਤਾਂ ਉਹ 30–32 ਸ਼ਾਲਾਂ ਦੀ ਪਾ ਰਹੇ ਨੇ ਕਿਸੇ ਨੇ ਉਹਨਾਂ ਦਾ ਕੀ ਵਿਗਾੜ ਲਿਆ ਹੈ - ਹਾਂ ਤੇ ਬਾਘਪਟ ਕੱਸਬਾ ਚੌਧਰੀ ਚਰਨ ਸਿੰਘ ਹੋਰਾਂ ਦੇ ਪਾਰਲੀਮੈਂਟੀ ਹਲਕੇ ਵਿਚ ਆਦਾਂ ਸੀ, ਇਸ ਲਈ ਪਾਰਲੀਮੈਂਟ ਵਿਚ ਇਹਦੀ ਗੂੰਜ ਤਾਂ ਹੋਣੀ ਹੀ ਸੀ। ਸੋ ਇਹ ਗੂੰਜ ਹੋਈ ਪਰ ਫੇਰ ਇਹ ਗੂੰਜ ਪਾਰਲੀਮੈਨੀ ਜੋਕਰਾਂ ਦੀ ਮਜ਼ਾਕੀਆ ਕਲਾ ਦੀ ਬਦੌਲਤ ਇਕ ਵਡਾ ਲਤੀਫਾ ਬਣ ਕੇ ਖਤਮ ਹੋ ਗਈ। ਇਸ ਜੋਕਰੀ ਕਲਾ ਦਾ ਨਮੂਨਾ ਵੇਖੋ :—

ਹੋਮ ਮਨਿਸਟਰ : ਮੈਂ ਇਸ ਮਾਮਲੇ ਬਾਰੇ ਜ਼ਾਤੀ ਤਪਤੀਸ਼ ਕਰ ਰਿਹਾ ਹਾਂ, ਮਾਇਆ ਦੇਵੀ ਤਿਆਗੀ ਮੇਰੇ ਘਰ ਆਈ।

ਇਕ ਮੈਂਬਰ : ਕਿਸ ਵੇਲੇ ਆਈ ?

ਦੂਜਾ ਮੈਂਬਰ : ਦਿਨੇ ਕਿ ਰਾਤੀ ?

ਤੀਜਾ ਮੈਂਬਰ : ਇਕਲੀ ?

ਹੋਮਮਨਿਸਟਰ : ਨਹੀਂ ਪਾਰਲੀਮੈਨੀ ਮੈਂਬਰ ਸ਼੍ਰੀਮਤੀ ਪਰਾਮਿਲਾ ਡੰਡਾਵਟੇ ਆਪਣੇ ਨਾਲ ਲਿਆਈ।

ਸ੍ਰੀਮਤੀ ਡੰਡਾਵਟੇ: ਇਹ ਝੂਠ ਏ, ਮੈਂ ਕਦੀ ਹੋਮ ਮਨਿਸਟਰ ਦੇ ਘਰ ਨਹੀਂ ਗਈ

ਹੋਮ ਮਨਿਸਟਰ : ਇਹ ਸੱਚ ਏ

ਇਕ ਮੈਂਬਰ : ਇਹ ਪਾਰਲੀਮੈਂਨੀ ਔਰਤਾਂ ਹੋਮ ਮਨਿਸਟਰ ਦੇ ਘਰ ਕਦੋਂ ਦੀਆਂ ਜਾਣ ਲਗ ਪਈਆਂ ਨੇ ?

(ਪਰਲੀਟਮੈਂ ਵਿਚ ਹਾਸਾ। ਮੈਂਬਰ ਨੇ ਬੜੀ ਨਾਟਕੀ ਗਲ ਕਹੀ ਸੀ। ਸਪੀਕਰ ਮੇਜ਼ ਤੇ ਹੱਥ ਮਾਰਦਾ ਹੈ। ਨਾਟਕ ਦਾ ਸਵਾਦ ਵਿਚ ਨਾਂ ਖਰਾਬ ਕਰੋ, ਹਾਲੇ ਸਿੱਖਰ ਆਉਣਾ ਹੈ)

ਇਕ ਮੈਂਬਰ : ਹਾਂ ਤੇ ਮਾਇਆ ਦੇਵੀ ਤੁਹਾਡੇ ਕੋਲ ਆਈ ਜਾਂ ਸ੍ਰੀਮਤੀ ਡੰਡਾਵਟੇ ਨਾਲ ਲਿਆਈ ?

ਸ੍ਰੀਮਤੀ ਡੰਡਵਟੇ: ਮੈਂ ਫੇਰ ਕਹਿਣੀ ਹਾਂ ਕਿ ਮੈਂ ਲੈ ਕੇ ਨਹੀਂ ਗਈ। ਮੈਂ ਕਦੀ ਵੀ ਹੋਮ ਮਨਿਸਟਰ ਦੇ ਘਰ ਨਹੀਂ ਗਈ

ਹੋਮ ਮਨਿਸਟਰ : ਮੈਂ ਫੇਰ ਜ਼ੋਰ ਦੇ ਕੇ ਕਹਿਦਾ ਹੈ ਕਿ ਉਹ ਆਈ।

ਸ੍ਰੀਮਤੀ ਡੰਡਾਵਟੇ: ਮੈਂ ਫੇਰ ਜ਼ੋਰ ਦੇ ਕੇ ਕਹਿਦੀ ਹਾਂ ਕਿ ਮੈਂ ਨਹੀਂ ਗਈ – ਇਹ ਸਰਾਸਰ ਝੂਠ ਏ

ਹੋਮ ਮਨਿਸਟਰ : ਇਕ ਕਮਿਸ਼ਨ ਬੈਠਾਇਆ ਜਾਏ ਜਿਹੜਾ ਇਸ ਗਲ ਫੈਸਲਾ ਦੇਵੇ ਕਿ ਸ੍ਰਮਤੀ ਡੰਡਾਵਟੇ ਆਈ ਕਿ ਨਹੀਂ ਆਈ ?

ਦੂਜਾ ਮੈਂਬਰ : ਗਲ ਸ੍ਰੀਮਤੀ ਮਾਇਆ ਦੇਵੀ ਤਿਆਗੀ ਦੀ ਹੋ ਰਹੀ ਹੈ। ਉਹਦਾ ਕੀ ਬਣਿਆ ?

ਇਕ ਮੈਂਬਰ : ਉਹਦਾ ਕੀ ਬਣਨਾ ਹੈ ? ਯੂ. ਪੀ. ਦੇ ਆਈ. ਜੀ. ਪੁਲਸ ਨੇ ਕਿਹਾ ਹੈ ਕਿ ਉਹ ਇਕ ਬਦਕਾਰ ਔਰਤ ਸੀ।

ਇਕ ਸਰਕਾਰੀ ਮੈਂਬਰ : ਡਿਪਟੀ ਕਮਿਸ਼ਨਰ ਮੇਰਠ ਨੇ ਕਿਹਾ ਹੈ ਕਿ ਉਹ ਡਾਕੂਆਂ ਦੇ ਗਰੋਹ ਦੀ ਇਕ ਮੈਂਬਰ ਸੀ

ਇਕ ਮੈਂਬਰ : ਪਰ ਉਹ ਜੋ ਵੀ ਸੀ ਕੀ ਇਹ ਜਾਇਜ਼ ਹੈ ਕਿ ਉਹਦਾ ਨੰਗੀ ਦਾ ਜਲੂਸ ਕਢਿਆ ਜਾਏ ?

ਇਕ ਮੈਂਬਰ : ਕੀ ਇਹ ਸ਼ਰਮ ਵਾਲੀ ਗਲ ਨਹੀਂ ?

ਹੋਮ ਮਨਿਸਟਰ : ਹਾਂ ਹੈ, ਬਹੁਤ ਸ਼ਰਮ ਵਾਲੀ ਗਲ ਹੈ

ਇਕ ਮੈਂਬਰ : ਫੇਰ ਇਸ ਬਾਰੇ ਕੀ ਕਰ ਰਹੇ ਹੋ ?

ਹੋਰ ਮੈਂਬਰ : ਹਾਂ ਕੀ ਕਰ ਰਹੇ ਹੋ ?

(ਖੱਪ ਰੌਲਾ ਵੱਧ ਜਾਂਦਾ ਹੈ, ਸਪੀਕਰ ਮੇਜ਼ ਉਤੇ ਮੁੱਕੇ ਤੇ ਮੁੱਕੇ, ਮਾਰ ਰਿਹਾ ਹੈ)

ਹੋਮ ਮਨਿਸਟਰ : (ਰੌਲੇ ਵਿਚੋਂ ਉਠਕੇ) ਮੈਂ ਮੈਂਬਰਾਂ ਨੂੰ ਯਕੀਨ ਦਿਵਾਨਾ ਹਾਂ ਕਿ ਸਰਕਾਰ ਇਸ ਬਾਰੇ ਪੂਰੀ ਕਾਰਵਾਈ ਕਰੇਗੀ। ਸ੍ਰੀਮਤੀ ਮਾਇਆ ਤਿਆਗੀ ਜੋ ਵੀ ਸੀ ਉਹ ਮੇਰੀ ਧੀ ਸੀ।

ਹੁਣ ਇਸ ਤੋਂ ਅਗੇ ਕੋਈ ਮੈਂਬਰ ਕੀ ਕਹਿਦਾ ? ਜੇ ਉਸ਼ ਔਰਤ ਦਾ ਨੰਗਾ ਜਲੂਸ ਕਢਿਆ ਜਾ ਸਕਦਾ ਹੈ ਜਾਂ ਉਸ ਦੀ ਥਾਨੇ ਵਿਚ ਪੱਤ ਲੁੱਟੀ ਜਾ ਸਕਦੀ ਹੈ, ਜਿਸ ਨੂੰ ਦੇਸ਼ ਦਾ ਹੋਮ ਮਨਿਸਟਰ ਆਪਣੀ ਧੀ ਕਹਿਦਾ ਹੈ ਤਾਂ ਫੇਰ ਦੇਸ਼ ਵਿਚ ਹੋਰ ਕਿਸੇ ਦੀ ਧੀ ਭੈਣ ਦੀ ਇਜ਼ਤ ਦੀ ਕੀ ਗਰੰਟੀ ਹੈ ?

ਹੋਮ ਮਨਿਸਟਰ ਨੇ ਉਰਦੂ ਦਾ ਇਕ ਸ਼ੇਅਰ ਸੁਣਾਇਆ ਤੇ ਪਾਰਲੀਮੈਂਟ ਵਿਚ ਸ੍ਰੀਮਤੀ ਮਾਇਆ ਤਿਆਗੀ ਦਾ ਨਾਟਕ ਖਤਮ ਹੋ ਗਿਆ । ਕੌਮ ਦਾ ਇਸ ਨਾਟਕ ਲਈ $1\frac{1}{2}$ ਲੱਖ ਰੁਪਿਆ ਖਰਚ ਹੋ ਗਿਆ ਜੋ ਪਾਰਲੀਮੈਂਟ ਦਾ ਇਕ ਦਿਨ ਦੀ ਮੀਟਿੰਗ ਦਾ ਔਸਤਨ ਖਰਚ ਹੈ ।

## ਗੰਦ

ਸਰਦਾਰ ਜੀ ਗਡੀ ਤੇ ਸਫਰ ਕਰ ਰਹੇ ਸਨ । ਗਡੀ ਵਿਚ ਭੀੜ ਬਹੁਤ ਸੀ । ਰੁਜ਼ਗਾਰ ਦੀ ਤਲਾਸ਼ ਵਿਚ ਯੂ. ਪੀ. ਅਤੇ ਬਿਹਾਰ ਤੋਂ ਆਏ ਭਈਏ ਗਡੀ ਦੀ ਛੱਤ ਤੇ ਵੀ ਸਫਰ ਕਰ ਰਹੇ ਸਨ । ਹਰ ਡੱਬੇ ਦੇ ਦਰਵਾਜ਼ੇ ਅਗੇ ਉਹਨਾਂ ਦੀ ਹੀ ਭੀੜ ਸੀ । ਸਰਦਾਰ ਜੀ ਭੀੜ ਵਿਚ ਫਸੇ ਆਪਣੇ ਸਾਥੀ ਨੂੰ ਕਹਿ ਰਹੇ ਸਨ "ਭੀੜ ਦੀ ਤਾਂ ਹੱਦ ਹੋ ਗਈ ਏ, ਇਹ ਭੈਣ...(ਵਡੀ ਸਾਰੀ ਗਾਲ੍ਹ) ਧਾੜਾਂ ਦੀਆਂ ਧਾੜਾਂ ਆ ਗਈਆਂ ਨੇ ਬੜਾ ਗੰਦ ਪਾਇਆ ਹੋਇਆ ਇਹਨਾਂ ਭਈਆਂ ਨੇ" ਫੇਰ ਉਹਨਾਂ ਨੇ ਆਪਣੇ ਸਾਥੀ ਨੂੰ ਦਸਿਆ ਕਿ ਇਹਨਾਂ ਦੇ ਆਪਣੇ ਦੇਸ਼ ਵਿਚ ਬੜੀ ਗ਼ਰੀਬੀ ਏ ਕਿਉਂਕਿ ਇਹ ਕੋਈ ਕੰਮ ਹੀ ਨਹੀਂ ਕਰਨਾਂ ਚਾਹੁੰਦੇ – ਹਾਲਾਂ ਕਿ ਸਰਦਾਰ ਜੀ ਜਾਣਦੇ ਸਨ ਕਿ ਉਹਨਾਂ ਦੇ ਆਪਣੇ ਖੇਤ ਵਿਚ ਭਈਏ ਜਿਹੜੇ ਦਿਹਾੜੀ ਤੇ ਨੌਕਰ ਨੇ, ਹਰ ਔਖਾਂ ਤੋਂ ਔਖਾ ਕੰਮ ਕਰਦੇ ਨੇ । ਮਾਮੂਲੀ ਖੁਰਾਕ ਤੇ ਰਹਿੰਦਿਆਂ ਹੋਇਆ ਵੀ ਉਹ ਮੇਹਨਤ ਵਲੋਂ ਕਿਸੇ ਕੋਲੋਂ ਘੱਟ ਨਹੀਂ । ਰੱਜੇ ਪੁੱਜੇ ਲੋਕਾਂ ਦੀਆਂ ਨਜ਼ਰਾਂ ਵਿਚ ਗ਼ਰੀਬਾਂ ਦੀ ਗ਼ਰੀਬੀ ਦਾ ਇਕੋ ਕਾਰਨ ਦਿਸਦਾ ਹੈ ਕਿ ਗ਼ਰੀਬ ਕੰਮ ਨਹੀਂ ਕਰਦੇ । ਆਪਣੀ ਅਮੀਰੀ ਨੂੰ ਉਹ ਆਪਣੀ ਲਿਆਕਤ ਅਤੇ ਮੇਹਨਤ ਦਾ ਫਲ ਹੀ ਸਮਝਦੇ ਹਨ –

ਸਰਦਾਰ ਜੀ ਦਾ ਲੜਕਾ ਅਮਰੀਕਾ ਚਲਾ ਗਿਆ ਸੀ । ਉਹ ਵੀ ਰੁਜ਼ਗਾਰ ਦੀ ਤਲਾਸ਼ ਵਿਚੰ ਗਿਆ ਸੀ । ਹੁਣ ਉਹ ਦੇਸ਼ ਵਾਪਸ ਆਇਆ ਹੋਇਆ ਏ, ਉਹ ਸਰਦਾਰ ਜੀ ਨੂੰ ਦਸ ਰਿਹਾ ਏ :–

"ਬਾਪੂ ਜੀ ਮੈਂ ਹੁਣ ਵਾਪਸ ਨਹੀਂ ਜਾਣਾ । ਉਥੇ ਬੜੀ ਜ਼ਿਲਤ ਦੀ ਜ਼ਿੰਦਗੀ ਗੁਜ਼ਾਰਨੀ ਪੈਂਦੀ ਏ ਜਿਥੋਂ ਲੰਘੀਏ ਅਮਰੀਕਨ ਆਵਾਜ਼ਾਂ ਕਸਦੇ ਨੇ ਕਿ ਇਹ ਇੰਡੀਅਨ

ਗੰਦ ਇਥੇ ਕਿਥੇ ਆ ਗਿਆ ਏ"

ਸਰਦਾਰ ਜੀ ਇਸ ਬਾਰੇ ਕੁਝ ਨਹੀਂ ਕਹਿ ਸਕਦੇ । ਉਹਨਾਂ ਦੇ ਸਾਹਮਣੇ ਆਪਣੀ ਨਜ਼ਰਾਂ ਵਾਲਾ ਗੰਦ ਆ ਗਿਆ ਹੈ ।

## ਮੁਤਬਾਦਲ ਕਲਚਰ

ਨੌਜਵਾਨ ਭਾਰਤ ਸਭਾ ਵਲੋਂ ਪਿੰਡ ਵਿਚ ਸਭਿਆਚਾਰਕ ਪ੍ਰੋਗਰਾਮ ਕੀਤਾ ਜਾ ਰਿਹਾ ਸੀ । ਹਰ ਇਕ ਸਪੀਕਰ ਨੇ ਪਿੰਡ ਵਿਚ ਵਜਦੇ ਗੰਦੇ ਰੀਕਾਰਡਾਂ ਬਾਰੇ ਜ਼ਿਕਰ ਕੀਤਾ । ਇਕ ਮੱਤਾ ਵੀ ਪਾਇਆ ਗਿਆ ਕਿ ਪੰਚਾਇਤ ਇਸ ਬਾਰੇ ਕਾਰਵਾਈ ਕਰੇ । ਜਿਹੜਾ ਗੰਦੇ ਅਤੇ ਲਚਰ ਰੀਕਾਰਡ ਲਗਾਏ, ਪੰਚਾਇਤ ਵਲੋਂ ਉਹਨੂੰ ਜੁਰਮਾਨਾ ਕੀਤਾ ਜਾਏ । ਬੜਾ ਠੀਕ ਫੈਸਲਾ ਸੀ । ਨਾਅਰਿਆਂ ਨਾਲ ਉਹਦੀ ਪਰਵਾਨਗੀ ਲੈ ਲਈ ਗਈ । ਪ੍ਰੋਗਰਾਮ ਖ਼ਤਮ ਹੋਣ ਤੇ ਇਕ ਹਰੀਜਨ ਬਜ਼ੁਰਗ ਮੇਰੇ ਕੋਲ ਆਇਆ । ਜੋ ਉਸਨੇ ਕਿਹਾ, ਉਸ ਇਸ ਤਰ੍ਹਾਂ ਸੀ :–

"ਸਰਦਾਰਾ ਤੇਰਾ ਖੇਡਿਆ ਨਾਟਕ ਚੰਗਾ ਸੀ, ਗਲਾਂ ਵੀ ਠੀਕ ਸਨ, ਅਸੀ, ਸੁਣੀਆਂ ਪਰ ਸਾਡੀ ਵੀ ਗਲ ਸੁਣ ਲੈ। ਸਾਡੇ ਵਿਹੜੇ ਵਿਚ ਜਦੋਂ ਕੋਈ ਖੁਸ਼ੀ ਹੁੰਦੀ ਹੈ, ਨਿਆਣਾ ਜੰਮਦਾ ਹੈ, ਮੰਗਣਾ ਹੁੰਦਾ ਹੈ ਤਾਂ ਅਸੀਂ ਦੱਸ ਰੁਪਏ ਖਰਚ ਕਰਦੇ ਹਾਂ ਤਾਂ ਸਾਰਾ ਦਿਨ ਸਾਡੇ ਰੀਕਾਰਡਾਂ ਦੀ ਰੌਣਕ ਰਹਿੰਦੀ ਹੈ। ਖੁਸ਼ੀ ਦੀ ਖੁਸ਼ੀ ਹੋ ਜਾਂਦੀ ਹੈ। ਇਹ ਜੱਟਾ ਦੇ ਮੁੰਡੇ ਸਾਡੇ ਕੋਲੋਂ ਇਹ ਖੁਸ਼ੀ ਵੀ ਖੋਹਣਾ ਚਾਹੁੰਦੇ ਨੇ – ਅਖੇ ਰੀਕਾਰਡ ਗੰਦੇ ਨੇ, ਫੇਰ ਚੰਗੇ ਕਿਥੇ ਨੇ ?"

## ਗ਼ੈਰਸਿਆਸੀ ਮੱਤਾ

ਯੂਨੀਵਰਸਟੀ ਦੀ ਸਿੰਡੀਕੇਟ ਦੀ ਮੀਂਟਗ ਸੀ। ਇਹ ਤਜ਼ਵੀਜ਼ ਜ਼ਾਹਿਰ ਕੀਤੀ ਗਈ ਕਿ ਰੀਜ਼ਲਟ ਨਿਕਲਣ ਵਿਚ ਗ਼ੈਰਜ਼ਰੂਰੀ ਦੇਰ ਹੋ ਰਹੀ ਹੈ, ਰੀਜ਼ਲਟ ਜਿਹੜੀਆਂ ਜਮਾਂਤਾਂ ਦੇ ਕੱਢੇ ਵੀ ਗਏ ਹਨ, ਉਹਨਾਂ ਵਿਚ 60 ਫੀਸਦੀ R. L. ਹਨ। ਵਾਈਸਚਾਂਸਲਰ ਨੇ ਇਹਦੇ ਲਈ ਸਿਆਸੀ ਪਾਰਟੀਆਂ ਨੂੰ ਜ਼ਿਮੇਵਾਰ ਠਹਿਰਾਇਆ, ਜਿਹੜੀਆ ਯੂਨੀਵਰਸਟੀ ਵਿਚ ਆਪਣੇ ਸੈਲ ਕਾਇਮ ਕਰਨਾਂ ਚਾਹੁੰਦੀਆਂ ਹਨ। ਉਸ ਨੇ ਪੁਲੀਟੀਕਲ ਪਾਰਟੀਆਂ ਨੂੰ ਅਪੀਲ ਵੀ ਕੀਤੀ ਤੇ ਫੇਰ ਧੱਮਕੀ ਵੀ ਦਿਤੀ ਕਿ ਯੂਨੀਵਰਸਟੀ ਵਿਚ ਸਿਆਸੀ ਸਰਗਰਮੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

ਏਜੈਂਡਾਂ ਦਾ ਅਗਲਾ ਆਈਟਮ ਲਿਆ ਗਿਆ ਜਿਸ ਵਿਚ ਵਾਈਸਚਾਂਸਲਰ ਵਲੋਂ ਇਹ ਮਤਾ ਪਾਇਆ ਗਿਆ "ਸੰਜੇ ਗਾਂਧੀ ਦੀ ਮੌਤ ਸਮੁੱਚੇ ਦੇਸ਼ ਦਾ ਐਸਾ ਨੁਕਸਾਨ ਹੈ, ਜਿਹੜਾ ਕਦੀ ਵੀ ਪੂਰਾ ਨਹੀਂ ਹੋ ਸਕਦਾ"

ਇਹ 'ਗ਼ੈਰਸਿਆਸੀ' ਮੱਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

## ਪੋਸਟ ਸਕਰਿਪਟ

ਪਾਰਟੀ ਮੀਂਟਗ ਹੋ ਰਹੀ ਸੀ। ਲੀਡਰ ਸਾਥੀ ਗੁਸੇ ਸੀ ਕਿ ਕੈਡਰ ਸਾਥੀ ਪਾਰਟੀ ਲਾਈਨ ਲੋਕਾਂ ਵਿਚ ਨਹੀਂ ਲਿਜਾ ਰਹੇ। ਕੈਡਰ ਦੇ ਇਕ ਸਾਥੀ ਨੇ ਇਤਰਾਜ਼ ਕੀਤਾ ਕਿ ਲੋਕ ਇਸ ਲਾਈਨ ਨੂੰ ਨਹੀਂ ਅਪਣਾਂਦੇ "ਕਿਹੜੇ ਲੋਕ ?" ਆਗੂ ਸਾਥੀ ਨੇ ਗੁਸੇ ਨਾਲ ਪੁਛਿਆ ਤੇ ਫੇਰ ਆਪ ਹੀ ਕਿਹਾ "ਇਹ ਸਭ ਬਹਾਨੇ ਨੇ, ਅਸੀਂ ਵੀ ਲੋਕਾਂ ਵਿਚੋਂ ਨਿਕਲਕੇ ਆਏ ਹਾਂ"

"ਦੁਖਾਂਤ ਹੀ ਇਹੋ ਏ ਕਾਮਰੇਡ ਕਿ ਤੁਸੀਂ ਲੋਕਾਂ ਵਿਚੋਂ ਨਿਕਲ ਆਏ ਹੋ" ਕੈਡਰ ਸਾਥੀ ਨੇ ਹੌਲੀ ਜਿਹਾ ਕਿਹਾ।


## ਸਵੇਸਾਚੀ ਦੀ ਪ੍ਰਸਿਧ ਕਿਤਾਬ 'ਸੂਹੀ ਸਵੇਰ'

ਜਿਸ ਵਿਚ ਸਮਾਜ ਨੂੰ ਬਦਲ ਦਿਓ, ਮੇਰੀ ਦੁਨੀਆਂ ਦੀ ਕਹਾਣੀ, ਇਹ ਸਭ ਕਿਉਂ ? ਸਮਾਜ ਦਾ ਵਿਕਾਸ, ਰਾਜ ਸੱਤਾ, ਧਰਮ, ਅਸੀਂ ਕੀ ਕਰੀਏ - ਵਰਗੇ ਸਾਧਾਰਨ ਲੋਕਾਂ ਦੀ ਸਮਝ ਲਈ ਲਿਖੇ ਖਾਸ ਲੇਖ ਹਨ – ਪੰਜਾਬੀ ਅਨੁਵਾਦ ਗੁਰਬਖ਼ਸ਼ ਜੱਸ –

ਸਫੇ 160 – ਕੀਮਤ 4.00

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

# ਪਾਠਕੀ

## (ਜੂਨ ਅਤੇ ਜੁਲਾਈ ਦੇ ਪਰਚੇ ਬਾਰੇ ਪਾਠਕਾਂ ਦੀਆਂ ਰਾਵਾਂ)

—ਬਹੁਤ ਦਿਨ ਪਹਿਲਾਂ ਸੁਣਿਆਂ ਸੀ ਕਿ ਪੰਜਾਬੀ ਵਿਚ ਸਾਹਿਤਕ ਅਤੇ ਸਿਧਾਂਤਕ ਪੱਖ ਤੋਂ ਵਧੀਆ ਕ੍ਰਾਂਤੀਸ਼ੀਲ ਪੱਤ੍ਰਕਾ ਨਿਕਲ ਰਹੀ ਹੈ। ਹੁਣ ਜਦੋਂ ਇਸ ਰਿਸਾਲੇ ਦਾ ਪਹਿਲਾ ਅੰਕ ਛਪ ਕੇ ਆ ਗਿਆ ਹੈ ਤਾਂ ਇਹ ਬਣਦਾ ਹੀ ਹੈ ਕਿ ਇਸ ਪੱਤ੍ਰਕਾ ਦੀ ਤਹਿ ਤਕ ਜਾ ਕੇ ਘੋਖ ਕੇ ਇਹ ਨਿਰਣਾ ਦਿਤਾ ਜਾਵੇ ਕਿ ਇਹ ਪੱਤ੍ਰਕਾ ਕਿੰਨੀ ਕੁ ਵਧੀਆ ਹੈ ਜਾਂ ਇਉਂ ਕਹਿ ਲਓ ਕਿ ਜਿਸ ਮਣਸ਼ੇ ਨਾਲ ਇਹ ਰਿਸਾਲਾ ਕਢਿਆ ਗਿਆ ਹੈ ਉਸ ਵਾਸਤੇ ਕਿੰਨੀ ਕੁ ਸਫਲਤਾ ਪ੍ਰਾਪਤ ਹੋਈ ਹੈ ਜਾਂ ਹੋਵੇਗੀ।

ਪੰਜਾਬੀ ਸਾਹਿਤ ਵਿਚ ਸਾਰੇ ਸਥਾਪਤ ਰਿਸਾਲੇ ਵਪਾਰਕ ਹੋ ਜਾਣ ਕਾਰਨ ਅਜੋਕੀ ਸਥਿਤੀ ਅੰਦਰ ਇਕ ਅਜੇਹੀ ਸਾਰਥਕ ਸਾਹਿਤਕ ਪੱਤ੍ਰਕਾ ਦੀ ਘਾਟ ਖਟਕ ਰਹੀ ਸੀ ਜੋ ਜਮਹੂਰੀਅਤ ਪਸੰਦ ਲੋਕਾਂ ਦੀਆਂ ਆਸਾਂ ਅਤੇ ਉਮੰਗਾਂ ਦੀ ਹਾਣੀ ਹੋਵੇ। ਕੁਝ ਸਾਲ ਪਹਿਲਾਂ 'ਸਰਦਲ', 'ਮਾਂ'; 'ਸਿਆੜ' ਅਤੇ 'ਹੇਮ ਜੋਤੀ' ਵਰਗੇ ਜੁਝਾਰ ਸਾਹਿਤਕ ਰਿਸਾ-ਲਿਆਂ ਦੇ ਬੰਦ ਹੋਣ ਪਿਛੋਂ ਕਾਫ਼ੀ ਅਰਸੇ ਬਾਅਦ ਇਕ ਅਜੇਹੀ ਪੱਤ੍ਰਕਾ ਲੋਕਾਂ ਵਿਚ ਆਈ ਹੈ ਜੋ ਸਚਮੁਚ ਹੀ ਵਿਦਿਆਰਥੀਆਂ, ਅਧਿਆਪਕਾਂ, ਮੁਲਾਜ਼ਮਾਂ ਅਤੇ ਮਜ਼ਦੂਰਾਂ ਵਿਚ ਜਮਹੂਰੀ ਚੇਤਨਾ ਦਾ ਸੰਚਾਰ ਕਰਨ ਦੇ ਨਾਲ ਉਨ੍ਹਾਂ ਦੀ ਸਿਆਸੀ ਸੂਝ ਨੂੰ ਵੀ ਤਿੱਖਾ ਕਰੇਗੀ। ਸਾਡੇ ਅਰਧ-ਜਗੀਰੂ ਸਮਾਜਕ ਢਾਂਚੇ ਅੰਦਰ ਲੋਕਾਂ ਵਿਚ ਜਮਹੂਰੀ ਚੇਤਨਾ ਦੀ ਘਾਟ ਹੋਣ ਕਰਕੇ ਪੰਜਾਬੀ ਸਾਹਿਤ ਵਿਚ ਅਜੇ ਤਕ ਵੀ ਵਪਾਰਕ ਪੱਧਰ ਤੇ ਕਢੇ ਗਏ ਅਰਸੇਵਾਰ ਰਿਸਾਲੇ ਚਲ ਰਹੇ ਹਨ ਨਹੀਂ ਤਾਂ ਕਦੋਂ ਦੇ ਬੰਦ ਹੋ ਗਏ ਹੁੰਦੇ। ਇਹਨਾਂ ਰਿਸਾਲਿਆਂ ਦਾ ਦ੍ਰਿਸ਼ਟੀਕੋਣ ਵਪਾਰਕ ਜ਼ਰੂਰੀ ਨਹੀਂ ਜ਼ਿਆਦਾ ਧਨ ਕਮਾਉਣ ਲਈ ਹੋਵੇ – ਇਹ ਸਥਾਪਤ ਹੋਣਾ ਜਾਂ ਸ਼ੋਹਰਤ ਖੱਟਣਾ ਵੀ ਹੋ ਸਕਦਾ ਹੈ। ਸੰਪਾਦਕੀ ਵਿਚ ਚੰਦਨ ਨੇ ਸਮਕਾਲੀ ਸਿਆਸੀ ਅਤੇ ਸਭਿਆਚਾਰਕ ਸਥਿਤੀ ਬਾਰੇ ਕਈ ਅਹਿਮ ਨੁਕਤੇ ਉਠਾਏ ਹਨ। ਬਾਕੀ ਪੰਜਾਬੀ ਸਾਹਿਤ ਵਿਚ ਖੜੋਤ ਦਾ ਪ੍ਰਚਾਰ ਓਹੀ ਲੋਕ ਕਰ ਰਹੇ ਹਨ ਜਿਹੜੇ ਸਮਕਾਲੀ ਸਮਾਜਕ ਅਤੇ ਆਰਥਕ ਸਥਿਤੀ ਨਾਲ ਇਕ ਸੁਰ ਨਹੀਂ ਹਨ। ਚੰਦਨ ਦੇ ਬਹੁਤੇ ਵਿਚਾਰਾਂ ਨਾਲ ਮੈਂ ਸਹਿਮਤ ਹਾਂ ਪਰ ਇਹ ਜ਼ਰੂਰ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਸਾਹਿਤਕ ਜਾਂ ਸਭਿਆਚਾਰਕ ਚੇਤਨਾ ਪੈਦਾ ਕਰਨ ਲਈ ਅਜੇਹੇ ਮਾਧਿਅਮ ਜ਼ਰੂਰ ਵਰਤਣੇ ਪੈਣਗੇ ਜਿਨ੍ਹਾਂ ਨਾਲ ਉਹਨਾਂ ਦਾ ਸਿਆਸੀ-ਬੌਧਿਕ ਅਧਾਰ ਕਾਇਮ ਹੋ ਸਕੇ। ਸਥਾਪਤੀ ਵਲੋਂ ਕੰਮ ਕਰ ਰਹੇ ਜਨ-ਸੰਚਾਰ (mass media) ਦੇ ਸਾਧਨ ਤਾਂ ਅਜੇਹਾ ਕਰਨ ਦੀ ਕਦੇ ਵੀ ਗਲਤੀ ਨਹੀਂ ਕਰਨਗੇ ਜਿਸ ਨਾਲ ਲੋਕਾਂ ਨੂੰ ਜ਼ਿੰਦਗੀ ਅਤੇ ਸਮਾਜ ਦੇ ਫਲਸਫੇ ਬਾਰੇ ਕੋਈ ਸੂਝ ਬੂਝ ਮਿਲ ਸਕੇ। ਇਸ ਲਈ ਤਾਂ ਲੋਕਾਂ ਨੂੰ ਵਿਸ਼ਾਲ ਪੱਧਰ ਤੇ ਆਪਣੇ ਪੈਰਾਂ ਤੇ ਖੜਕੇ ਲੋਕ-ਪੱਖੀ ਸਾਹਿਤ ਸਭਾਵਾਂ, ਸਟੱਡੀ ਸਰਕਲ ਅਤੇ ਲੋਕ ਨਾਟਕ ਕਲਾ ਕੇਂਦਰ ਕਾਇਮ ਕਰਨੇ ਪੈਣਗੇ।

ਰਿਸਾਲੇ ਵਿਚ ਕਹਾਣੀਆਂ, ਨਾਟਕਾਂ ਤੋਂ ਲੈ ਕੇ ਫ਼ਿਲਮਾਂ ਦੀ ਚਰਚਾ ਤਕ ਬਹੁ-ਪੱਖੀ ਸਮੱਗਰੀ ਦਿਤੀ ਗਈ ਹੈ। ਪਰ ਸ਼ੁਰੂ ਤੋਂ ਅਖ਼ੀਰ ਤਕ ਰਿਸਾਲਾ ਪੜ੍ਹ ਕੇ ਸਮੁੱਚੇ ਤੌਰ ਤੇ ਪ੍ਰਭਾਵ ਇਹ ਪੈਂਦਾ ਹੈ ਜਿਵੇਂ ਕਿ 'ਸੇਧ' ਮਾਸਿਕ ਵਾਂਗ ਇਹਨੂੰ ਜਾਣ ਬੁਝ ਕੇ ਠੇਠ ਬਣਾਇਆ ਗਿਆ ਹੋਵੇ। ਲੱਗਦਾ ਹੈ ਸੰਪਾਦਕ ਨੇ ਆਪਣੀ ਸੋਚ ਦੁਆਲੇ ਬੋਧਕਤਾ ਦੀ ਇਕ ਐਸੀ ਲਛਮਣ ਰੇਖਾ ਖਿੱਚ ਲਈ ਹੋਵੇ ਜਿਸ ਵਿਚੋਂ ਉਹ ਬਾਹਰ ਆਉਣਾ ਅਤੇ ਸਾਹਿਤ ਨੂੰ ਲੋਕ ਪੱਧਰ ਤੇ ਪੇਸ਼ ਕਰਨਾ ਆਪਣੀ ਹੇਠੀ ਸਮਝਦਾ ਹੋਵੇ। ਕੀ ਜ਼ਰੂਰਤ ਸੀ ਜਗਤਾਰ ਅਤੇ ਪਾਤਰ ਦੀਆਂ ਨਜ਼ਮਾਂ ਛਾਪ ਕੇ ਪਾਠਕਾਂ ਨੂੰ

ਸ਼ਬਦਾਂ ਦੀਆਂ ਘੁੰਮਣ-ਘੇਰੀਆਂ ਵਿਚ ਉਲਝਾਉਣ ਦੀ ? ਸਮੁਚੇ ਤੌਰ ਤੇ ਰਿਸਾਲੇ ਦਾ ਕਵਿਤਾ ਭਾਗ ਬਹੁਤ ਹਲਕਾ ਸੀ। ਦਰੁਸਤ ਪਹੁੰਚ ਤਾਂ ਇਹ ਸੀ ਕਿ ਲੋਕ ਘੋਲਾਂ ਵਿਚੋਂ ਜਨਮੇ ਸੰਤ ਰਾਮ ਉਦਾਸੀ, ਸੁਰਜੀਤ ਬਰਾੜ, ਗੁਰਦਾਸ ਰਾਮ ਆਲਮ, ਮਿੰਦਰਪਾਲ ਭੱਠਲ ਜਾਂ ਜੈਮਲ ਪੱਡੇ ਵਰਗੇ ਲੋਕ ਕਵੀਆਂ ਦੀਆਂ ਛਪੀਆਂ ਜਾਂ ਅਣਛਪੀਆਂ ਰਚਨਾਵਾਂ ਇਸ ਲੋਕ-ਪੱਖੀ ਰਿਸਾਲੇ ਵਿਚ ਦੇ ਦਿਤੀਆਂ ਜਾਂਦੀਆਂ। ਕਿਰਤੀ ਵਰਗ ਵਿਚਲੇ ਕਵੀਆਂ ਦੇ ਅਮਲ ਵਿਚੋਂ ਉਪਜੀ ਕਵਿਤਾ ਲੋਕਾਂ ਵਿਚ ਵਧ ਮਕਬੂਲ ਹੁੰਦੀ ਹੈ।

ਸੁਰਜੀਤ ਹਾਂਸ ਦੇ 'ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ–' ਵਰਗੇ ਨਿਬੰਧ ਕਈ ਵਾਰ 'ਸੇਧ' ਮਾਸਿਕ ਵਿਚ ਛਪ ਚੁਕੇ ਹਨ। ਅਜੇਹੇ ਲੇਖਾਂ ਵਿਚੋਂ ਪਾਠਕ ਨੂੰ ਕਿਸੇ ਵੀ ਨੁਕਤੇ ਦਾ ਸਪਸ਼ਟ ਰੂਪ ਵਿਚ ਪ੍ਰਭਾਵ ਨਹੀਂ ਮਿਲਦਾ। ਇਸ ਲੇਖ ਵਿਚ ਹਰ ਗੱਲ ਬੜੇ ਸੰਕੇਤਕ ਅਤੇ ਟੇਢੇ ਢੰਗ ਰਾਹੀਂ ਕੀਤੀ ਗਈ ਹੈ। ਐਵੇਂ ਖਾ-ਮਖਾਹ ਮਾਰਕਸਵਾਦੀ ਸਾਹਿਤ ਦੇ ਮਸਲਿਆਂ ਨੂੰ ਸ਼ਬਦ ਜਾਲ ਵਿਚ ਉਲਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਜਿਸ ਮੰਤਵ ਲਈ ਤੁਸੀਂ ਇਹ ਗੋਲ-ਮੇਜ਼ ਕਾਲਮ ਸੁਰੂ ਕੀਤਾ ਹੈ ਅਜੇ ਤਕ ਇਹਦੇ ਕੋਈ ਠੋਸ ਨਤੀਜੇ ਨਿਕਲਦੇ ਨਜ਼ਰ ਨਹੀਂ ਆਉਂਦੇ। ਅਵਾਮੀ ਸਿਆਸੀ ਰੰਗ ਮੰਚ ਭਾਗ ਵਿਚ ਕੀਤੀ ਗਈ ਚਰਚਾ ਵੀ ਪਾਠਕਾਂ ਨੂੰ ਨਾਟਕ ਸਮਝਣ ਅਤੇ ਨਾਟਕ-ਕਲਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੋਵੇਗੀ। ਸਿਆਸੀ ਰੰਗ ਮੰਚ ਦਾ ਇਤਿਹਾਸਕ ਪਿਛੋਕੜ ਬਿਆਨ ਕਰਕੇ ਲੋਕ-ਨਾਥ ਨੇ ਪਾਠਕਾਂ ਦੀ ਜਾਣਕਾਰੀ ਵਿਚ ਵਿਸ਼ੇਸ਼ ਵਾਧਾ ਕੀਤਾ ਹੈ। ਗਿਰਗਿਟ ਨਾਟਕ ਵੀ ਬਹੁਤ ਪਸੰਦ ਆਇਆ।

[ ਗੁਰਬਖਸ਼ ਜੱਸ

—— ਐਡੀਟਰੀ ਕਾਲਮ ਵਿਚ ਪੰਨਾ 3 ਦੇ ਪੈਰਾ 4 ਵਿਚ ਇਹ ਆਖਿਆ ਗਿਆ ਹੈ ਕਿ ਇਹ ਪਰਚਾ ਪੰਜਾਬ ਦੇ ਇਨਕਲਾਬੀ ਬੁਧੀਜੀਵੀ ਤਬਕੇ (ਵਿਦਿਆਰਥੀ, ਸਕੂਲਾਂ ਤੇ ਕਾਲਜਾਂ ਦੇ ਅਧਿਆਪਕ ਤੇ ਸਰਕਾਰੀ ਮੁਲਾਜ਼ਮ ਆਦਿ) ਨੂੰ ਧਿਆਨ ਵਿਚ ਰਖ ਕੇ ਤਿਆਰ ਕਰਨਾ ਹੈ। ਤਿੰਨ ਚਾਰ ਮਹੀਨੇ ਪਹਿਲਾਂ ਸਮਤਾ ਦਾ ਐਡੀਟਰ 'ਚੰਦਨ' ਖੰਨਾ ਕਾਲਜ ਆਇਆ ਸੀ ਤੇ ਵਿਦਿਆਰਥੀਆਂ (ਸੂਝਵਾਨ) ਨਾਲ ਗੱਲ-ਬਾਤ ਵੀ ਕੀਤੀ ਸੀ। ਉਸ ਦੀ ਕਵਿਤਾ ਤੇ ਹਰ ਵਿਦਿਆਰਥੀ ਨੇ ਇਲਜ਼ਾਮ ਲਾਇਆ ਸੀ ਕਿ ਸਮਝ ਨਹੀਂ ਆਉਂਦੀ। ਦੂਜੇ ਫੇਰ ਕਵਿਤਾ ਦਾ ਸਮਝ ਆ ਜਾਣਾ ਹੀ ਤੇ ਕਾਫ਼ੀ ਨਹੀਂ ਹੁੰਦਾ। ਉਹੋ ਕਿਸਮ ਦੀਆਂ ਕਵਿਤਾਵਾਂ ਸਮਤਾ ਵਿਚ ਛਪੀਆਂ ਹਨ। ਅਨੰਦ ਮਾਣ ਸਕਣਾ ਤਾਂ ਮੈਨੂੰ ਵੀ ਕੁਝ ਮੁਸ਼ਕਲ ਲੱਗਾ। "ਇਨਕਲਾਬੀ ਚੋਚਲੇਬਾਜ਼ੀ" ਜਿਹੀ ਲੱਗੀ ਹੈ। ਸੁਰਜੀਤ ਅਤੇ ਜਗਤਾਰ ਦੀਆਂ ਕਵਿਤਾਵਾਂ ਉਹਨਾਂ ਦੇ ਆਪਣੇ ਪੱਧਰ ਤੋਂ ਕਿਤੇ ਥੱਲੇ ਹਨ। ਲਾਲ ਸਿੰਘ ਦਿਲ ਦੀ ਕਵਿਤਾ ਦੇਖ ਕੇ ਯਕੀਨ ਨਹੀਂ ਆਉਂਦਾ ਕਿ ਇਸੇ ਨੇ 'ਲਾਲ ਪੂਰਬ' ਲਿਖੀ ਸੀ। ਪ੍ਰੇਮ ਪ੍ਰਕਾਸ਼ ਦੇ ਲੇਖ ਦਾ ਕੀ ਮਕਸਦ ? ਉਹ ਆਪਣੀ ਸਾਹਿਤਕ ਜੀਵਨੀ ਦੱਸੇ ਅਤੇ ਹਰ ਦੋ ਲਾਈਨਾਂ ਦੇ ਬਾਅਦ ਫੂਕ ਲਵੇ ? ਵੈਸੇ ਚੰਦਨ ਨੇ ਉਸ ਦੀ ਆਖ਼ਰੀ ਸਫੇ ਦੀ ਵਾਕਫ਼ੀਅਤ ਕੋਈ ਵਧੀਆ ਨਹੀਂ ਕੀਤੀ। ਉਸ ਦਾ ਬਦਨਾਮ ਨਾਵਲ ਸ਼ਾਇਦ ਲਹੂ ਦੀ ਲੋਅ ਦਾ ਦੂਸਰਾ ਪਾਸਾ ਹੈ। ਗੋਲ ਮੇਜ਼ ਥਲੇ ਪ੍ਰੋ: ਪ੍ਰੀਤਮ ਸਿੰਘ ਦੇ ਲੇਖ ਵਿਚ ਸਾਹਿਤ ਦਾ ਨਾਂ ਤਕ ਨਹੀਂ। ਫ਼ਿਲਮ ਬਾਰੇ ਲਿਖਦਾ ਆਲੋਚਕ ਬੈਨੇਗਲ ਨਾਲ ਨਾਰਾਜ਼ ਹੈ। ਬੈਨੇਗਲ ਫ਼ਿਲਮ ਦਾ ਫ਼ਾਈਨੈਂਨਸਰ ਜਾਂ ਪ੍ਰੋਡਿਊਸਰ ਨਹੀਂ। ਡਾਇਰੈਕਟਰ ਅਤੇ ਪੱਟ ਕਥਾ ਲੇਖਕ ਹੈ। ਉਸ ਉਤੇ ਵਧ ਤੋਂ ਵਧ ਇਹ ਇਲਜ਼ਾਮ ਲੱਗ ਸਕਦਾ ਸੀ ਕਿ ਉਹਨੂੰ ਇਸ ਫ਼ਿਲਮ ਨੂੰ ਡਾਇਰੈਕਟ ਕਰਨ ਤੋਂ ਨਾਂਹ ਕਰ ਦੇਣੀ ਚਾਹੀਦੀ ਸੀ ਅਤੇ ਰੋਟੀ 'ਨੀਲਾਭ' ਦੇ ਘਰ ਖਾਣੀ ਚਾਹੀਦੀ ਸੀ।

[ ਪ੍ਰੋ: ਅਜੀਤ ਕੁਮਾਰ ਨਾਜ਼ (ਖੰਨਾ)

— ਏਦਾਂ ਦੇ ਖ਼ਿਆਲ ਉਕਸਾਊ ਤੇ ਵਿਚਾਰ ਜਗਾਊ ਪਰਚੇ ਦੀ ਬੜੀ ਲੋੜ ਹੈ – ਇਹ ਘਾਟ ਸੀ ਜੋ ਪੂਰੀ ਨਹੀਂ ਸੀ ਕੀਤੀ ਜਾ ਰਹੀ – 'ਸਮਤਾ' ਨਾਲ ਪੂਰੀ ਹੋ ਹੀ ਜਾਣੀ ਚਾਹੀਦੀ ਹੈ।

ਦੂਜੀ ਗੱਲ ਹੈ ਪਰਚੇ ਬਾਰੇ – ਮੈਂ ਕਾਫ਼ੀ ਗੋਹ ਨਾਲ ਤੇ ਨਾਲੋ ਨਾਲ ਪ੍ਰਭਾਵਿਤ ਹੋ ਹੋ ਪਰਚੇ ਦਾ ਅੱਖਰ ਅੱਖਰ ਪੜ੍ਹਿਆ ਹੈ – ਕਈ ਗੱਲਾਂ ਤਾਂ ਬਹੁਤ ਹੀ ਚੰਗੀਆਂ ਲੱਗੀਆਂ ਅਤੇ ਸੁਖ ਦਾ ਸਾਹ ਲਿਆ ਉਹਨਾਂ ਨੂੰ ਪੜ੍ਹ ਕੇ – ਕੁਝ ਗੱਲਾਂ ਤੇ ਤਨਕੀਦਾਂ ਅਜਿਹੀਆਂ ਹਨ ਜੋ ਵਿਚਾਰ ਉਪਜਾਉ ਤਾਂ ਜ਼ਰੂਰ ਹਨ ਪਰ ਆਪਣੇ ਆਪ ਵਿਚ ਸੰਪੂਰਨ

ਨਹੀਂ ਕਹੀਆਂ ਜਾ ਸਕਦੀਆਂ।

ਇਕ ਤਾਂ ਟਾਈਟਲ ਤੇ ਸਮਤਾ ਦਾ ਚਿੰਨ ਪਸੰਦ ਨਹੀਂ ਆਇਆਂ। ਸੰਪਾਦਕੀ ਵਿਚ ਸਰਕਾਰੂ ਇਨਾਮ ਦੀ ਗੱਲ ਖ਼ੂਬ ਕਹੀ ਹੈ – ਜੋ ਕਿਹਾ ਹੈ ਸੱਚ ਕਿਹਾ ਹੈ। ਪੰਨਾ 7 ਦੀ ਹਿੰਦੀ ਕਵਿਤਾ ਦਾ ਆਪਾਂ ਨੂੰ ਕੁਝ ਪਿੜ ਪੱਲੇ ਨਹੀਂ ਪਿਆ। ਜੇ ਏਧਰ ਸਤਿਨਾਮ ਹੈ ਤਾਂ ਵਾਹਿਗੁਰੂ ਉਧਰ ਵੀ ਹੋਵੇਗਾ। ਵਿਕਲ ਆਪਣਾ ਬੜਾ ਪਿਆਰਾ ਦੋਸਤ ਹੈ ਪਰ ਕਵਿਤਾ ਵਿਚ ਜੋ ਕਸਰ ਮੈਨੂੰ ਨਜ਼ਰ ਆਈ ਹੈ ਉਹ ਮੈਂ ਲਿਖ ਦਿਤਾ ਹੈ – ਬਾਕੀ, ਕਸਰ ਸ਼ਾਇਦ ਮੇਰੇ ਵਿਚ ਹੀ ਹੋਵੇ। ਪਾਤਰ ਦਾ 'ਲਹੂ' – ਲਹੂ ਤਾਂ ਹੈ ਪਰ ਉਸ ਦਾ ਕੀ ਕੀਤਾ ਜਾਵੇ? ਅਸਲ ਗੱਲ ਇਹ ਹੈ ਕਿ ਬਹੁਤ ਉੱਘਾ ਚਿੰਨ੍ਹ-ਵਾਦ ਮੈਨੂੰ ਰਾਸ ਹੈ ਨਹੀਂ। ਲਾਲ ਸਿੰਘ ਦਿਲ ਦੀ ਗੱਲ ਫੇਰ ਵੀ ਠੀਕ ਹੈ – ਹੋਰ ਵੀ (direct) ਕਥਨੀ ਵਧੇਰੇ ਠੀਕ ਹੁੰਦੀ।

ਗੋਲਮੇਜ਼ ਦਾ ਹਾਂਸ ਲਿਖਤ ਲੇਖ ਬਹੁਤ ਧੁੰਦਲਾਊ ਹੈ – ਕੋਈ ਨਿਰਣਾ ਸਪਸ਼ਟ ਨਹੀਂ। ਹੁਣ ਤਕ ਜੋ ਕੀਤਾ ਗਿਆ ਜਾਂ ਕੀਤਾ ਜਾ ਰਿਹਾ ਹੈ, ਉਸ ਦੀ ਲੋ ਵਿਚ ਕੀਤਾ ਕੀ ਜਾਵੇ – ਗੱਲ ਅਗਲੀ ਲਾਈਨ ਦੀ ਹੈ। ਹੁਣ ਦੀ ਨੂੰ ਕੁੱਟੀ ਪਿੱਟੀ ਜਾਣਾ ਕਾਫ਼ੀ ਨਹੀਂ – ਅਗਲੀ ਲਾਈਨ ਨਿਰਧਾਰਤ ਕਰੀਏ। ਇਹ ਜਜ਼ਬਾਤੀ ਤਰੀਕੇ ਨਾਲ ਤਾਂ ਹੋਣੀ ਨਹੀਂ – ਦੇਸ਼ ਦੇ ਵਖ ਵਖ ਭਾਗਾਂ ਦੇ ਵਸਤੂਗਤ ਹਾਲਾਤ ਤੇ ਸਮੁੱਚੀ ਅਵਸਥਾ ਨੇ ਮਾਰਗ ਦਰਸ਼ਨ ਕਰਨਾ ਹੈ – ਧਰਤੀ ਨਾਲ ਤੇ ਲੋਕਾਂ ਨਾਲ – ਅਰਥਾਤ ਵਰਤਮਾਨ ਅਸਲੀਅਤ ਨਾਲ ਇਕਮਿਕ ਹੋ ਕੇ ਗੱਲ ਕਰਨੀ ਲੋੜੀਏ। ਅਮੀਤਾਭ ਦਾਸ ਗੁਪਤਾ ਦਾ ਗਲਬਾਤੀ ਤੇ ਚਲਾਵਾਂ ਜਿਹਾ ਢੰਗ ਪਸੰਦ ਨਹੀਂ ਆਇਆ। ਸੁਖਵੰਤ ਕੌਰ ਮਾਨ ਦੀ ਕਹਾਣੀ ਦਾ ਵਿਸ਼ਾ ਤੇ ਨਿਭਾ ਮਨੋਰਥਾਤਮਕ ਹੈ ਤੇ ਠੀਕ ਹੈ। ਲੋਕ ਨਾਥ ਨੇ ਖਰੀ ਗੱਲ ਕਹੀ ਹੈ – ਮੈਨੂੰ ਲੋਕ ਨਾਥ ਸ਼ੈਲੀ ਪਸੰਦ ਹੈ ਕਿਉਂਕਿ ਕਥਨੀ ਸਿੱਧੀ ਮਾਰ ਕਰਦੀ ਹੈ ਗੱਲ ਪਤੇ ਦੀ ਕਹਿੰਦੀ ਹੈ ਤੇ ਧੁੰਦ ਨਹੀਂ ਲਿਖਾਰਦੀ। ਨਾਟਕ-ਕਾਰਾਂ ਦਾ ਤੇ ਮਾਰਕਸਵਾਦੀ ਰੰਗ-ਕਰਮੀਆਂ ਦਾ ਦਵੰਦ ਬਿਲਕੁਲ ਸੱਤ ਹੈ। ਮਾਰਕਸਵਾਦੀ ਨਾਟਕਕਾਰ ਨੂੰ ਕੀ ਹੋ ਗਿਆ ਹੈ? ਇਹ ਵੀ ਉਸੇ ਬੀਮਾਰੀ ਦਾ ਸ਼ਿਕਾਰ ਹੈ ਜਿਸ ਦਾ ਕਿ ਮਾਰਕਸਵਾਦੀ ਵਿਰੋਧੀ ਸਾਹਿਤਕਾਰ। ਮਾਰਕਸਵਾਦੀ ਸਾਹਿਤਕਾਰ ਅਲੋਪ ਹੁੰਦਾ ਜਾ ਰਿਹਾ ਹੈ – ਜਿਸ ਕਰਕੇ ਇਸ ਤਹਿਰੀਕ ਦੀ ਪੰਜਾਬ ਵਿਚ ਭਵਿਖ ਚਿੰਤਾਜਨਕ ਜਾਪਦਾ ਹੈ। ਕ੍ਰਿਕਟ ਬਾਰੇ ਨਿਰਣਾ ਬਜਾ ਹੈ – ਭੂਸ਼ਨ ਦੀ ਨਾਨਕ ਸਿੰਘ ਨਾਲ ਤਾਜ਼ੀ ਮੁਲਾਕਾਤ ਦੇ ਕਿਆ ਕਹਿਣੇ। ਗਿਰਗਿਟ-ਕਮਾਲ ਹੈ, ਪੰਜਾਬੀ ਰੂਪ ਵਿਚ।

ਮੇਰੇ ਯੋਗ ਕੋਈ ਲਿਖਣ ਦੀ ਸੇਵਾ ਹੋਵੇ ਤਾਂ ਹੁਕਮ ਕਰ ਦੇਣਾ – ਦਾਸ ਖ਼ੁਸ਼ੀ ਮਹਿਸੂਸ ਕਰੇਗਾ – ਗੱਲ ਏਨੀ ਹੈ ਕਿ 'ਲਾਈਨ ਲੱਭੀ ਜਾਏ'।

[ ਗੁਰਚਰਨ ਸਿੰਘ (ਡਾਕਟਰ) ਚੰਡੀਗੜ੍ਹ

— ਟਰਾਟਸਕੀਵਾਦ ਦਾ ਮੈਨੀਫੈਸਟੋ – ਸਮਤਾ ਦੇ ਪਰਵੇਸ਼ਕ ਅੰਕ ਦੇ ਗੋਲਮੇਜ਼ ਵਿਚ ਪ੍ਰੀਤਮ ਸਿੰਘ ਦਾ ਲੇਖ ਪੜ੍ਹਿਆ। ਇਹ ਪੰਜਾਬ ਅੰਦਰ ਟਰਾਟਸਕਵਾਦੀਆਂ ਦਾ ਮੈਨੀਫੈਸਟੋ ਹੈ। ਸਰਦਲ ਸਮੇਂ ਵੀ ਪਾਸ਼ ਨੇ ਟਰਾਟਸਕੀ-ਵਾਦ ਦਾ ਧੂਤੂ ਬਣ ਕੇ ਬੋਲਣ ਦਾ ਯਤਨ ਕੀਤਾ ਸੀ। ਪਰੰਤੂ ਉਸ ਸਮੇਂ ਮਾਰਕਸੀ ਲੈਨਿਨੀ ਸੋਚ ਵਾਲੇ ਲੇਖਕਾਂ ਨੇ ਅਜਿਹਾ ਰਗੜਾ ਲਾਇਆ ਸੀ ਕਿ ਵਿਚਾਰਾ ਮੁੜ ਟਰਾਟਸਕੀਵਾਦ ਦਾ ਹੋਕਾ ਦੇਣ ਦੀ ਜੁਰਅਤ ਨਾ ਕਰ ਸਕਿਆ। ਉਸ ਤੋਂ ਬਿਨਾਂ ਸਮੇਂ ਸਮੇਂ ਬਹੁਤ ਚੌਕਸੀ ਨਾਲ ਟਰਾਟਸਕੀਵਾਦ ਦੀ ਗੱਲ ਭਗਵਾਨ ਸਿੰਘ ਜੋਸ਼ ਕਰਦਾ ਰਿਹਾ ਹੈ। ਪਰੰਤੂ ਉਹਦਾ ਟਰਾਟਸਕੀਵਾਦ ਸਾਧਾਰਨ ਪਾਠਕ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ (ਉਹਦੇ 'ਸੇਧ' ਦੇ ਲੇਖ) ਪਰੰਤੂ ਪ੍ਰੀਤਮ ਸਿੰਘ ਬਹੁਤ ਹੀ ਖੁਲ੍ਹ ਕੇ ਖੇਡਿਆ ਹੈ। ਉਸ ਨੇ ਬੇਸ਼ਕ ਆਪਣੇ ਗੁਰੂ ਘੰਟਾਲ ਟਰਾਟਸਕੀ ਦਾ ਨਾਂ ਤਾਂ ਨਹੀਂ ਲਿਆ ਪਰ ਅਜੋਕੇ ਟਰਾਟਸਕੀਵਾਦ ਦੀ ਸਾਰੀ ਨੀਤੀ ਤੇ ਨਿਰਣੈ ਸਪਸ਼ਟ ਕਰ ਦਿਤੇ ਹਨ। ਉਸ ਨੇ ਪਹਿਲੀ ਵਾਰ ਪੰਜਾਬ ਵਿਚ ਇਸ ਸੋਚ ਦੀ ਜਥੇਬੰਦਕ ਹੋਂਦ ਦਾ ਐਲਾਨ ਵੀ ਕਰ ਦਿਤਾ ਹੈ......

(ਅਗੇ ਟਰਾਟਸਕੀਵਾਦ ਅਤੇ ਸਟਾਲਿਨ ਵਲੋਂ ਉਸ ਵਾਦ ਵਲੋਂ ਜਥੇਬੰਦਕ ਅਤੇ ਸਿਧਾਂਤਕ ਸੰਘਰਸ਼ ਦਾ ਵੇਰਵਾ ਹੈ – ਐਡੀਟਰ)...... ਪਰੀਤਮ ਸਿੰਘ ਵਲੋਂ ਟਰਾਟਸਕੀਵਾਦੀ ਮੈਨੀਫੈਸਟੋ ਦਾ ਛਾਪਿਆ ਜਾਣਾ, ਬਿਲਕੁਲ ਆਪਣੇ ਅਸੂਲਾਂ ਅਨੁਸਾਰ ਹੈ। ਨਕਸਲਵਾਦ ਵਲੋਂ ਕਮਿਊਨਿਸਟ ਲਹਿਰ ਵਿਚ ਪਾਈ ਗੜਬੜ ਚੌਥ ਕਾਰਨ ਪੈਟੀ ਬੁਰਜਵਾ

ਬੁਧੀਜੀਵੀਆਂ ਲਈ ਆਪਣੇ ਆਪ ਨੂੰ ਗਾਲੜੀ ਇਨਕਲਾਬੀ ਸਾਬਤ ਕਰਨ ਤੇ ਕਮਿਊਨਿਸਟ ਲਹਿਰ ਤੇ ਹਮਲੇ ਕਰਨ ਲਈ ਕੋਈ ਪਲੇਟਫ਼ਾਰਮ ਨਹੀਂ ਰਿਹਾ ਸੀ। ਹੁਣ ਪ੍ਰੀਤਮ ਸਿੰਘ ਨੇ ਨਵੇਂ ਫੱਟੇ ਦਾ ਐਲਾਨ ਕਰ ਦਿਤਾ ਹੈ, ਕਮਿਊਨਿਸਟ ਲਹਿਰ ਦੇ ਭਗੌੜਿਆਂ, ਰਾਜਸੀ ਸੁਗਲਬਾਜ਼ਾਂ ਤੇ ਰਾਜਸੀ ਹਿਪੀਆਂ ਨੂੰ ਉਥੇ ਜੁੜਣ ਦਾ ਖੁੱਲ੍ਹਾ ਸੱਦਾ ਹੈ। ਉਹ ਭੀੜ ਹੋਣ ਤੋਂ ਪਹਿਲਾਂ ਹੀ ਉਥੇ ਪੁੱਜ ਜਾਣ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਗੁਰਸ਼ਰਨ ਸਿੰਘ, ਚੰਦਨ ਤੇ ਸਮਤਾ ਦੇ ਦਫ਼ਤਰ ਨਾਲ ਸੰਪਰਕ ਕਰਨ। ਦੇਖਿਉ ਭੁਲ ਨਾ ਜਾਇਉ। [ ਅਮਰਜੀਤ – ਚੀਮਾ (ਬਠਿੰਡਾ)

—— ਪਰਚੇ ਨੂੰ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ ! ਪਰਚੇ ਦਾ ਮੈਟਰ ਬਹੁਤ ਪਸੰਦ ਆਇਆ। ਮੇਰੇ ਵਿਚਾਰ ਅਨੁਸਾਰ ਅਜਿਹੇ ਪਰਚੇ ਦੀ ਸਾਹਿਤ ਸੰਸਾਰ ਨੂੰ ਲੋੜ ਸੀ ! ਉਂਝ ਛਪਣ ਨੂੰ ਤਾਂ ਪੰਜਾਬੀ ਭਾਸ਼ਾ ਵਿਚ ਬਥੇਰੇ ਪਰਚੇ ਛਪ ਰਹੇ ਹਨ। ਪਰ 'ਸਮਤਾ' ਵਰਗੇ ਪਰਚੇ ਬਹੁਤ ਘਟ ਹਨ ! ਇਹ ਆਪਣੀ ਹੀ ਕਿਸਮ ਦਾ ਬਿਲਕੁਲ ਵਖਰਾ ਪਰਚਾ ਹੈ। ਇਸ ਤੋਂ ਸਾਹਿਤਕਾਰਾਂ ਅਤੇ ਪਾਠਕਾਂ ਨੂੰ ਚੰਗੀ ਨਿਘਰ ਅਤੇ ਸਹੀ ਸੇਧ ਮਿਲੇਗੀ ! ਸਾਹਿਤਕ ਪਖੋਂ ਭੀ ਮੈਨੂੰ ਪਹਿਲਾ ਪਰਚਾ ਹੀ ਕਾਫ਼ੀ ਅਮੀਰ ਦਿੱਸਿਆ ਹੈ ! ਸਮਤਾ ਲਈ ਸ਼ੁਭ ਇਛਾਵਾਂ। [ ਮਦਨ ਲਾਲ ਮਾਨ - ਕੋਟਕਪੂਰਾ

-- ਮੈਂ ਸਮਝਦਾ ਹਾਂ ਕਿ ਪ੍ਰਗਤੀਵਾਦੀ ਸਾਹਿਤਕ ਪਰਚੇ ਦੀ ਅਜ ਬੜੀ ਘਾਟ ਸੀ... ਬੇਸ਼ੱਕ ਅਲੋਚਨਾਤਮਕ ਪਰਚਾ 'ਸੇਧ' ਤੋਂ ਬਿਨਾਂ ਬਾਕੀ ਪਰਚੇ ਉਟ-ਪਟਾਂਗ ਛਾਪਦੇ ਹਨ, ਲੋਕਤਾ ਦੀ ਕੋਈ ਰਿਸਾਲਾ ਗੱਲ ਨਹੀਂ ਕਰਦਾ, ਸਾਹਿਤ ਉਹੀ ਸਿਰਫ਼ ਉਹੀ 'ਸਾਹਿਤ' ਹੁੰਦਾ ਹੈ ਜਿਹੜਾ ਲੁੱਟੇ ਪੁੱਟੇ ਜਾਂਦੇ ਲੋਕਾਂ ਦੀ ਗੱਲ ਕਰੇ ਅਤੇ ਉਹਨਾਂ ਨੂੰ ਜਥੇ-ਬੰਦੀਆ ਲਈ ਪਰੇਰੇ – ਸਾਹਿਤ ਦਾ ਮਤਲਬ ਇਹ ਨਹੀਂ ਕਿ ਉਹ ਲੋਕਾਂ ਨੂੰ ਖੱਸੀ ਕਰੇ ਅਤੇ ਪੁੱਠੇ ਰਾਹ ਤੋਰੇ – ਪਰ ਜਿਹੜੇ ਰਿਸਾਲੇ ਹੁਣ ਇਸ ਦੌਰ ਵਿਚ ਨਿਕਲਦੇ ਹਨ ਉਹ ਕਿਸੇ ਨਾ ਕਿਸੇ ਢੰਗ ਰਾਹੀਂ ਬੁਰਜੁਆਜੀ ਦੀ ਸੇਵਾ – ਤੇ ਸਿਰਫ਼ ਚਾਕਰੀ ਕਰਦੇ ਹਨ, ਇਨਕਲਾਬੀ ਦਿੱਖ ਵਾਲਾ ਕੋਈ ਵੀ ਸਾਹਿਤਕ ਪਰਚਾ ਮੈਨੂੰ ਤਾਂ ਅਜ ਰੜਕਦਾ ਨਹੀਂ ਪਰ ਇਸ ਦੇ ਉਲਟ ਕੁਝ ਰਾਜਨੀਤਕ ਪਰਚੇ – ਪੈਂਫਲਿਟ ਬੜੀ ਜ਼ਬਰਦਸਤ ਲਹਿਰ ਪੈਦਾ ਕਰ ਰਹੇ ਹਨ ਅਤੇ ਲੋਕਾਂ ਦੀ ਸਿਆਸੀ-ਚੇਤਨਾ ਨੂੰ ਪਰਚੰਡ ਕਰ ਰਹੇ ਹਨ, ਇਹ ਰਿਸਾਲੇ ਵਰਗ ਚੇਤਨਾ, ਜੈਕਾਰਾ, ਪਰਚੰਡ, ਵੰਗਾਰ, ਪੰਜਾਬੀ ਕੌਮ ਆਦਿ ਹਨ। ਸਾਹਿਤਕ ਪਰਚੇ ਦੀ ਘਾਟ ਜੇ 'ਸਮਤਾ' ਪੂਰੀ ਕਰੇ ਤਾਂ ਮੈਂ ਇਸ ਦੀ ਹਰ ਪੱਖੋਂ ਸੇਵਾ ਕਰਾਂਗਾ ਪਰ ਇਹ 'ਸਮਤਾ' – ਸਰਦਲ, ਰੋਹਲੇਬਾਣ, ਕਿੰਤੂ, ਸਿਆੜ, ਮਾਂ ਆਦਿ ਪਰਚਿਆਂ ਦੀ ਲੜੀ ਵਜੋਂ ਅਗੇ ਤੁਰੇ।

[ ਸੁਰਜੀਤ ਬਰਾੜ – ਘੋਲੀਆਂ ਕਲਾਂ

– 'ਸਮਤਾ' ਵਿਚ ਸਾਹਿਤ ਤੇ ਸਭਿਆਚਾਰ ਦੇ ਹਰ ਖੇਤਰ ਨੂੰ 'ਕਵਰ' ਕੀਤਾ ਹੈ। ਵਧੀਆ ਚੋਣ ਹੈ। ਪੱਧਰ ਵੀ ਹੈ। ਹੋਰਨਾਂ ਪੰਜਾਬੀ ਸਾਹਿਤਕ ਰਿਸਾਲਿਆਂ ਨਾਲੋਂ 'ਸਮਤਾ' ਜੇਕਰ ਥਾਂ ਬਣਾ ਜਾਵੇਗਾ ਤਾਂ ਇਸ ਦੀ ਵੱਖਰੀ ਤਵੱਜੋ ਰੰਗਮੰਚ ਕਰਕੇ ਹੀ ਹੋਵੇਗਾ। ਦੂਸਰੇ ਰਿਸਾਲੇ ਰੰਗਮੰਚ ਪ੍ਰਤੀ ਬਹੁਤੇ ਕਸ਼ਟ ਨਹੀਂ ਲੈ ਰਹੇ। ਤੁਹਾਡੀ ਅਗਵਾਈ ਇਥੇ ਹੀ ਲੋੜੀਂਦੀ ਸੀ।

ਪਰ ਹੋਰਨਾਂ ਰਿਸਾਲਿਆਂ ਵਾਂਗ ਮੈਂ 'ਸਮਤਾ' 'ਚੋਂ ਇਹ ਪੜ੍ਹ ਕੇ ਮਾਯੂਸ ਜ਼ਰੂਰ ਹੋਇਆ ਹਾਂ ਕਿ ਇਸ ਵਿਚ-ਲੀਆਂ ਨਜ਼ਮਾਂ ਲੋਕ-ਬੋਧ-ਪੱਧਰ ਦੀਆਂ ਨਹੀਂ ਹਨ। ਵੈਸੇ ਤਾਂ ਇਸ ਨਜ਼ਰੀਏ ਤੋਂ ਪੰਜਾਬੀ ਕਵਿਤਾ ਸੰਕਟ ਗ੍ਰਸਤ ਹੀ ਹੈ। ਪਰ ਫਿਰ ਵੀ ਤੁਹਾਨੂੰ ਬੁਧੀਜੀਵੀਆਂ ਦੀ ਜ਼ਿਹਨੀ-ਆਸਾਮੀ ਤੋਂ 'ਸਮਤਾ' ਦੂਰ ਹੀ ਰਖਣੀ ਚਾਹੀਦੀ ਹੈ। ਗੀਤਾਂ ਵਲ ਤੇ ਲੋਕ-ਮੁਖ਼ਾਤਿਬ ਕਵਿਤਾ ਵਲ ਜ਼ਿਆਦਾ ਤਵੱਜੋ ਦੇਣੀ ਚਾਹੀਦੀ ਹੈ। [ ਲਾਭ ਸਿੰਘ ਖੀਵਾ – ਬਠਿੰਡਾ

—— 'ਸਮਤਾ' – ਵੱਡੀ ਅਕਲ ਛੋਟੀ ਗੱਲ।

ਪੰਜਾਬੀ ਦੀ ਟੂਕ ਹੈ ਕਿ 'ਬਿਨ ਅਕਲੋਂ ਰੂਪ ਖ਼ਰਾਬ ਹੈ ਜਿਉਂ 'ਰਹੂੜੇ ਦੇ ਫੁੱਲ ਵਿਕਦੇ ਵਿਚ ਬਜ਼ਾਰ ਦੇ ਕੋਈ ਨਾ ਲੈਂਦਾ ਮੁੱਲ'। ਬਿਲਕੁਲ ਏਸੇ ਤਰ੍ਹਾਂ ਅਜ ਪੰਜਾਬੀ ਸਾਹਿਤ ਤੇ ਸਭਿਆਚਾਰ ਸਬੰਧੀ ਛਾਪਣ ਵਾਲੇ ਰਿਸਾਲਿਆਂ

ਤੋਂ ਲੈ ਕੇ ਐਡੀਸ਼ਨ ਅਖ਼ਬਾਰਾਂ ਤਕ ਦਾ 'ਜਲੂਸ' ਨਿਕਲਿਆ ਪਿਆ ਹੈ। ਪਰ ਫਿਰ ਵੀ ਕੁਝ ਨੂੰ ਪੰਜਾਬੀਆਂ ਤੋਂ ਹਾਲੇ ਆਸ ਛੱਡਣੀ ਮੁਸ਼ਕਿਲ ਹੈ ਕਿ ਕੋਈ ਹੈਨੀ ਬੁੜੀ ਦਾ ਪੁੱਤ – ਪਰ ਜੇ ਉਹਨਾਂ ਵੱਲੋਂ ਵੀ ਕੱਚੇ ਮਸਾਲੇ ਤੇ ਕਿਤਾਬਚੇ ਛਾਪਣੇ ਸ਼ੁਰੂ ਹੋ ਜਾਣ ਜਿਹੜੇ ਤ੍ਰਿਪਤ ਸਿੰਘ ਤੇ ਭਰੋਸਾ ਸਿਹੁੰ ਦੇ ਨਾਵਲਾਂ ਦੇ ਗੋਡੇ ਡਿੱਗ ਕੇ ਰੋਂਦੇ ਹੋਣ – ਹਾਏ ਇਹ ਪੱਧਰ ਡਿੱਗ ਪਿਆ - ਹਾਏ ਇਹਨਾਂ ਨੇ ਅਸਲੀ ਸਾਹਿਤ ਮਾਰਤਾ ਤਾਂ ਝੂਠੀਆਂ ਆਸਾਂ ਦੇ ਸਹਾਰੇ ਜੀਊਣ ਵਾਲੇ ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਵਕਤ ਦੀ ਚੀਰ-ਫਾੜ ਕਰਨ ਤੇ ਵੇਖਣ ਕਿ ਫਰਜ਼ਾਂ ਵਾਲਿਆਂ ਦੇ ਫ਼ਰਜ਼ ਕੀ ਹੁੰਦੇ ਨੇ – ਪੰਜਾਬੀ ਨਾਟਕਕਾਰ ਗੁਰਸ਼ਰਨ ਭਾ ਜੀ ਤੇ ਪੰਜਾਬੀ ਸਿਰਫ਼ ਵਧੀਆ ਪੰਜਾਬੀ ਚੰਦਨ (ਕਵੀ ਮੰਨਣਾ ਮੁਸ਼ਕਿਲ ਹੈ) ਦੋਵੇਂ ਰਲ ਜਾਣ ਤੇ ਫੇਰ ਵੀ ਦੋਵਾਂ ਵਲੋਂ ਮਾਰਿਆ ਹੰਭਲਾ ਸਿਰਫ ਅਤਰਜੀਤ ਬਾਈ ਦੇ ਨਾਵਲ ਦੇ ਕਾਵਿਕ ਇਸ਼ਤਿਹਾਰ ਤੋਂ ਭੂਸ਼ਣ ਵਲੋਂ ਨਾਨਕ ਸਿੰਘ ਦੇ ਨਾਵਲਾਂ ਦੀ ਲਿਸਟ ਤਕ ਹੀ ਸੀਮਿਤ ਹੋ ਜਾਵੇ ਤਾਂ ਵਡਿਓ ਭਰਾਵੋ ਸਾਨੂੰ ਦੱਸੋ ਅਸੀਂ ਕੀਹਦੀ ਮਾਂ ਨੂੰ ਤਾਈ ਆਖਣ ਜੋਗੇ ਹਾਂ। ਟਿੱਬਿਆਂ ਦੇ ਰੇਤਲੇ ਇਲਾਕੇ ਡਰੱਮੀਆਂ ਦੀ ਗਰਦ ਵਿਚ ਬੈਠੇ ਲਿਖਣ ਵਾਲੇ। ਖ਼ੈਰ ਜੇ ਹਾਂਸ, ਪ੍ਰੀਤਮ ਸਿੰਘ, ਪ੍ਰੇਮ ਪ੍ਰਕਾਸ਼ – ਲਾਹਿੜੀ ਤੇ ਨੀਲਾਂਭ ਵਰਗੇ ਮਿੱਤਰਾਂ ਦੇ 'ਵਾਦ' ਪੰਜਾਬੀ ਸਭਿਆਚਾਰ ਦੀ ਗੰਦੀ ਛੱਪੜੀ ਵਿਚ ਪਏ ਮੋਤੀਆਂ ਵਲ ਇਸ਼ਾਰਾ ਕਰਦੇ ਨੇ ਤਾਂ ਸਾਨੂੰ ਵੀ ਜ਼ਰਾ ਦੱਸਣ ਦੀ ਤਕਲੀਫ਼ ਕਰ ਲੈਣੀ। ਹਿੰਦੀ ਪਰਚਿਆਂ ਦੀ ਨਕਲ ਕਰਕੇ ਪਰਚਾ ਤਿੰਨ ਮਹੀਨੇ ਜਾਂ ਚਾਰ ਤੋਂ ਕਢਣ ਦਾ ਦਾਈਆ ਫੇਰ ਹੀ ਹੋ ਸਕਦਾ ਸੀ ਜੇ ਤ੍ਰਿਪਤ ਸਿਹੁੰ ਦੇ ਨਾਵਲ ਸਾਡੇ ਪਰਚੇ ਦੇ ਬਰਾਬਰ ਤੇ ਟਿਕ ਨਾ ਸਕਦੇ। ਖ਼ੈਰ ਮੇਰੇ ਵਰਗੇ ਨਵੇਂ ਲੇਖਕ ਵਾਸਤੇ ਐਨੇ ਵਡੇ 'ਕਿੰਤੂ' ਕਰਨੇ ਮੈਂ ਇਕ ਗ਼ਲਤੀ ਸਮਝਦਾ ਹਾਂ ਜਿਸ ਨੇ ਆਪਣਾ ਪਰਚਿਆਂ ਵਿਚ ਨਾਂ ਬਣਾ ਕੇ ਝੂਠੀ ਆਸ ਦੀ ਸਤਰੰਘੀ ਪੀਂਘ ਤੇ ਝੂਟ ਕੇ ਜ਼ਿੰਦਗੀ ਬਸਰ ਕਰਨੀ ਹੋਵੇ। ਪਰ ਜੇ ਇਹ ਸੰਖੀਏ ਨਾਲੋਂ ਕੌੜਾ ਸੱਚ ਰੋਗੀ ਸਭਿਆਚਾਰ ਦੀ ਦਵਾਈ ਬਣਾਉਣ ਵਾਸਤੇ ਪ੍ਰੇਰਤ ਕਰਦਾ ਹੈ ਤਾਂ ਮੈਨੂੰ ਕੋਈ ਭੈ ਨਹੀਂ ਕਿ ਮੈਂ ਗ਼ਲਤੀ ਕੀਤੀ ਹੈ ਮੇਰੇ ਵੱਡੇ ਵੀਰ ਗੁਰਸ਼ਰਨ ਸਿੰਘ ਤੇ ਚੰਦਨ ਤੇ ਕਿੰਤੂ ਕਰਕੇ – ਹਾਂ ਇੰਨੀ ਗੱਲ ਜ਼ਰੂਰ ਕਹਾਂਗਾ ਕਿ 'ਸਮਤਾ' ਜੇਕਰ ਇਨਾਮੀ ਲੇਖਕਾਂ ਤੇ ਸੰਪਾਦਕਾਂ ਦੇ ਪਰਚਿਆਂ ਤੋਂ ਜੇਕਰ ਵਖਰੇਵਾਂ ਕਰ ਜਾਵੇ ਤਾਂ ਨਾਟਕ ਨਾ ਮਿਲਣ ਦੇ ਸਵਾਲ ਤੇ ਪਰਚੇ ਦੇ ਸਿਰਨਾਵੇਂ ਦੀਆਂ ਤਕਲੀਫ਼ਾਂ ਸਾਨੂੰ ਨੀਵੀਆਂ ਪਾ ਕੇ ਮਿਲਣਗੀਆਂ ਸਾਡੇ ਪੈਰਾਂ ਤੇ ਡਿੱਗ ਸਕਦੀਆਂ ਨੇ।

[ ਨਛੱਤਰਜੀਤ ਸੇਮਾਂ – ਬਠਿੰਡਾ

— ਸਮਤਾ ਸਬੰਧੀ ਮੇਰੀ ਸਭ ਤੋਂ ਪਹਿਲੀ ਪ੍ਰਤੀਕ੍ਰਿਆ ਤਾਂ ਇਹ ਹੈ ਕਿ ਪਰਚੇ ਨਾਲ ਮੈਨੂੰ ਅਪਣੱਤ ਮਹਿਸੂਸ ਹੋਈ ਹੈ। 'ਹੇਮ ਜਯੋਤੀ' 'ਲਕੀਰ' (ਪੁਰਾਣੀ) ਅਤੇ ਸਰਦਲ ਨਾਲ ਜਿਵੇਂ ਅਪਣੱਤ ਮਹਿਸੂਸ ਹੁੰਦੀ ਸੀ ਉਹਨਾਂ ਸਾਰਿਆਂ ਦੇ ਬੰਦ ਹੋਣ ਨਾਲ ਜੋ ਖਿਲਾਅ ਮਹਿਸੂਸ ਹੁੰਦਾ ਸੀ ਤੇ ਨਾਲ ਹੀ ਮਨ ਨੂੰ ਉਦਰੇਵਾਂ ਵੀ, ਸਮਤਾ ਦੇ ਛਪਣ ਨਾਲ ਜਿਵੇਂ ਉਹ ਖਿਲਾਅ ਭਰਿਆ ਹੈ ਤੇ ਉਦਰੇਵਾਂ ਟੁਟਿਆ ਹੈ। ਸਗੋਂ ਪਹਿਲੇ ਪਰਚਿਆਂ ਨਾਲੋਂ ਵੀ ਵਧ ਚਾਅ ਤੇ ਲਗਾਅ ਮੈਨੂੰ ਮਹਿਸੂਸ ਹੋਇਆ ਹੈ।...... ਜਮਹੂਰੀ ਸਮਾਜ ਦੀ ਉਸਾਰੀ ਲਈ ਜਮਹੂਰੀ ਸਭਿਆਚਾਰ ਵੀ ਓਨਾ ਹੀ ਜ਼ਰੂਰੀ ਹੈ, ਜਿੰਨੀਆਂ ਜਮਹੂਰੀ ਲਹਿਰਾਂ. ਜਾਂ ਜਮਹੂਰੀ ਸਭਿਆਚਾਰਕ ਲਹਿਰ ਵੀ ਜਮਹੂਰੀ ਲਹਿਰ ਦਾ ਹੀ ਇਕ ਜਰੂਰੀ ਅੰਗ ਹਨ। ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਜਮਹੂਰੀ ਸਭਿਆਚਾਰ ਲਹਿਰ ਨੇ ਪਿਛਲੇ 10-12 ਸਾਲਾਂ ਵਿਚ ਬਾਵਜੂਦ ਬੜੇ ਮਾਰੂ ਦਬਾਵਾਂ ਦੇ, ਆਪਣੇ ਆਪ ਨੂੰ ਕਾਇਮ ਰਖਿਆ। ਸਮਤਾ ਦਾ ਪ੍ਰਵੇਸ਼ ਅੰਕ ਆਪਣੀ ਦਿੱਖ ਤੇ ਮੈਟਰ ਪੱਖੋਂ ਪ੍ਰਭਾਵਸ਼ਾਲੀ ਹੈ, ਪਰ ਇਸ ਦੀ ਐਡੀਟਰੀ ਵਿਚ (cynicism) ਹੈ, ਜੋ ਅੰਤਿਮ ਰੂਪ ਵਿਚ ਨਾਂ-ਪੱਖੀ ਹੀ ਠਹਿਰਦਾ ਹੈ। ਉਤਪਲ ਦੱਤ ਨੇ ਕਿਸੇ ਜ਼ਮਾਨੇ ਵਿਚ ਸਾਹਿਤ ਅਕਾਦਮੀ ਦਾ ਇਨਾਮ ਠੁਕਰਾਇਆ, ਬੜੀ ਚੰਗੀ ਗੱਲ ਕੀਤੀ, ਪਰ ਉਹੋ ਉਤਪਲ ਦੱਤ ਅਜ ਪਛਮੀ ਬੰਗਾਲ ਸਰਕਾਰ ਦੀ ਅੱਖ ਦਾ ਤਾਰਾ ਹੈ। ਮਾਰਿਚਸਾਂਪੀ ਦੇ ਵਿਚਾਰੇ ਰਿਫ਼ਿਊਜੀਆਂ ਨੂੰ ਸਮਾਜਵਾਦ ਦੇ ਦੁਸ਼ਮਣ ਬਣਾ ਕੇ ਬੇਹੱਦ ਹੌਲੇ (ਕਲਾ ਪੱਖੋਂ ਵੀ) ਨਾਟਕ ਲਿਖਦਾ ਹੈ (ਹਿੰਦੀ ਰਿਸਾਲੇ 'ਕਲਮ' ਵਿਚ ਛਪਿਆ ਉਹਦਾ ਨਾਟਕ) ਅਤੇ ਪੱਛਮੀ ਬੰਗਾਲ ਦੇ ਗ਼ਰੀਬਾਂ ਦਾ ਦੁਖ ਵੇਖ ਕੇ ਵੀ ਉਹਨਾਂ ਦੇ ਪਛਮੀ ਬੰਗਾਲ ਸਰਕਾਰ (ਵਾਮ ਪੱਖੀ!) ਹੇਠ ਸੁਖਾਂ ਦੀਆਂ ਕਹਾਣੀਆਂ ਲਿਖਦਾ ਹੈ। ਕੋਈ ਦਿੱਲੀ ਦੇ ਹਾਕਮਾਂ ਤੋਂ 'ਹੱਡੀ' ਲੈ ਕੇ ਵਫ਼ਾਦਾਰ ਹੁੰਦਾ ਹੈ ਤੇ ਕੋਈ 'ਵਾਮ' ਹਾਕਮਾਂ ਤੋਂ ਲੈ ਕੇ। ਤੱਤ ਰੂਪ ਵਿਚ ਬਹੁਤਾ ਫ਼ਰਕ ਤਾਂ ਇਸ ਵਿਚ ਨਹੀਂ ਹੈ।

ਮੈਟਰ ਦੀ ਚੋਣ ਤਾਂ ਚੰਗੀ ਹੈ, ਪਰ ਹਿੰਦੀ ਵਿਚੋਂ ਅਨੁਵਾਦ ਬਹੁਤ ਜ਼ਿਆਦਾ ਹਨ। ਅਨੁਵਾਦਾਂ ਤੇ ਮੌਲਿਕ ਲੇਖਣ ਵਿਚ ਸੰਤੁਲਨ ਰਹੇ ਤਾਂ ਚੰਗਾ ਹੈ।

[ ਚਮਨ ਲਾਲ – ਜੇ.ਐਨ.ਯੂ – ਦਿੱਲੀ

—— ਇਸ ਸਮੇਂ ਪੰਜਾਬੀ ਸਾਹਿਤ ਵਿਚ ਇਕ ਅਜਿਹੇ ਸਾਹਿਤਕ ਪਰਚੇ ਦੀ ਘਾਟ ਬੜੀ ਰੜਕ ਰਹੀ ਹੈ ਜੋ ਪੰਜਾਬੀ ਸਾਹਿਤ ਦੀ ਪ੍ਰਗਤੀਵਾਦੀ ਤੇ ਕ੍ਰਾਂਤੀਕਾਰੀ ਧਾਰਾ ਦੇ ਵਿਕਾਸ ਵਿਚ ਆਪਣਾ ਹਿੱਸਾ ਪਾ ਸਕੇ। ਇਸ ਹਾਲਤ ਵਿਚ ਗੁਰਸ਼ਰਨ ਭਾ ਜੀ ਨੇ 'ਸਮਤਾ' ਦਾ ਪ੍ਰਕਾਸ਼ਨ ਸ਼ੁਰੂ ਕਰਕੇ ਸਮੇਂ ਦੀ ਮੁੱਖ ਲੋੜ ਨੂੰ ਪੂਰਿਆਂ ਕਰਨ ਦੀ ਇਕ ਅੱਛੀ ਕੋਸ਼ਿਸ਼ ਕੀਤੀ ਹੈ।

ਪਰ 'ਸਮਤਾ' ਦੇ ਪ੍ਰਕਾਸ਼ਤ ਦੋ ਅੰਕਾਂ ਤੋਂ ਇੰਝ ਲਗਦਾ ਹੈ ਕਿ ਸੰਪਾਦਕ ਅਮਰਜੀਤ ਚੰਦਨ ਸਮਤਾ ਦੀ ਸਮੱਗਰੀ ਨੂੰ ਆਪਣੇ ਗੁੱਟ ਤਕ ਹੀ ਸੀਮਿਤ ਰਖਣੀ ਚਾਹੁੰਦਾ ਹੈ ਤੇ ਜਾਂ ਸਿਰਫ ਉਹਨਾਂ ਲੇਖਕਾਂ ਨੂੰ ਹੀ ਆਪਣੀ 'ਸਮਤਾ' ਵਿਚ ਸ਼ਾਮਲ ਕਰ ਰਿਹਾ ਹੈ ਜੋ ਉਸ ਦੀ ਐਨਕ ਲਗਾ ਕੇ ਹੀ ਵੇਖਦੇ ਹਨ। ਫਿਰ ਵੀ ਮੈਨੂੰ ਪੂਰੀ ਉਮੀਦ ਹੈ ਕਿ 'ਸਮਤਾ' ਆਪਣੇ ਆਸ਼ੇ ਵਿਚ ਸਫਲ ਹੋਵੇਗੀ ਤੇ ਇਸ ਨੂੰ ਦੂਜੇ ਪੰਜਾਬੀ ਪਰਚਿਆਂ ਵਾਂਗ 'ਦੁਕਾਨੇਦਾਰੀ' ਵਿਚ ਤਬਦੀਲ ਨਹੀਂ ਹੋਣ ਦਿਤਾ ਜਾਵੇਗਾ।

[ ਸੁਖਪਾਲ ਸਿੰਘ

—— 'ਸਮਤਾ' ਦਾ ਜੂਨ 1980 ਅੰਕ ਪੜ੍ਹ ਕੇ ਤਾਂ ਲਗਿਆ ਸੀ ਕਿ ਜੇ ਪੰਜਾਬੀ ਵਿਚ 'ਸਧ' ਸਿਧਾਂਤਕ ਅਤੇ ਸਾਹਿਤਕ ਪੱਖੋਂ ਇਹ ਠੇਠ ਪੜ੍ਹਨਾ ਹੈ ਤਾਂ ਸਮਤਾ ਵੀ ਆਪਣੇ ਹੀ ਅੰਦਾਜ਼ ਵਿਚ ਠੇਠ ਹੈ। ਪਰ ਜੁਲਾਈ 1980 ਦੀ 'ਸਮਤਾ' ਪੜ੍ਹ ਕੇ ਮਹਿਸੂਸ ਹੋਇਆ ਹੈ ਕਿ ਭਾਵੇਂ ਇਹ ਪੱਤ੍ਰਕਾ ਵੀ ਬੁਨਿਆਦੀ ਤੌਰ ਤੇ ਬੁਧੀਜੀਵੀਆਂ ਲਈ ਹੈ ਪਰ 'ਇਹ ਹਮਾਰਾ ਜੀਵਣਾ', 'ਪੰਜਾਬ ਦਾ ਸਿਆਸੀ ਥੀਏਟਰ' ਅਤੇ 'ਮਹਾਸ਼ਵੇਤਾ ਦੇਵੀ ਨਾਲ ਬਾਤਚੀਤ' ਪੜ੍ਹ ਕੇ ਆਸ ਬੱਝੀ ਹੈ ਕਿ ਇਹ ਸਾਡੇ ਸਮਾਜ ਵਿਚ ਚਲ ਰਹੀਆਂ ਜਮਹੂਰੀ ਲਹਿਰਾਂ ਦਾ ਵਿਸ਼ਲੇਸ਼ਣ ਅਤੇ ਮੁਲ ਅੰਕਣ ਕਰਦਿਆਂ ਆਮ ਲੋਕਾਂ ਵਿਚ ਜਮਹੂਰੀ ਅਤੇ ਸਿਆਸੀ ਚੇਤਨਾ ਦਾ ਸੰਚਾਰ ਕਰਦਾ ਰਹੇਗਾ। ਇਸ ਵਾਰ 'ਮੈਂ ਆਪਣੀ ਕਵਿਤਾ ਹਾਂ' ਕਵਿਤਾ ਨੂੰ ਛੱਡ ਕੇ ਕਵਿਤਾ ਭਾਗ ਬਹੁਤ ਹਲਕਾ ਸੀ। ਅਨੁਵਾਦਤ ਕਵਿਤਾਵਾਂ ਦੇਣ ਤੋਂ ਗਰੇਜ਼ ਹੀ ਕੀਤਾ ਜਾਵੇ ਤਾਂ ਚੰਗਾ ਹੈ। 'ਸਾਈਕਲ ਚੋਰ' ਕਹਾਣੀ ਵਿਚ ਬੇਰੁਜ਼ਗਾਰੀ ਅਤੇ ਬੇਕਾਰੀ ਦਾ ਜੋ ਦੁਖਾਂਤ ਪੇਸ਼ ਹੈ – ਪਾਠਕ ਨੂੰ ਧੁਰ ਅੰਦਰ ਤਕ ਹਲੂਣ ਜਾਂਦਾ ਹੈ – ਪੜ੍ਹਨ ਪਿਛੋਂ ਮਹਿਸੂਸ ਹੁੰਦਾ ਹੈ ਕਿ ਬੇਰੁਜ਼ਗਾਰੀ ਕਿਸੇ ਬੇਇਨਸਾਫ਼ੀ ਦੇ ਮਾਰੇ ਹੋਏ ਸਮਾਜ ਵਿਚ ਪੈਦਾ ਹੋਈ ਐਸੀ ਬੀਮਾਰੀ ਹੈ ਜੋ ਮਨੁਖ ਅੰਦਰਲੀ ਮਨੁਖਤਾ ਨੂੰ ਵਹਿਸ਼ਤ ਵਿਚ ਬਦਲ ਦਿੰਦੀ ਹੈ। ਜੇ ਕੋਈ ਮਨੁਖ ਜ਼ਿੰਦਗੀ ਦੇ ਸੰਘਰਸ਼ ਵਿਚ ਕੰਮ ਕਰਕੇ ਜੀਣ ਦਾ ਹੱਕ ਪ੍ਰਾਪਤ ਕਰਨ ਲਈ ਹੱਥ ਪੈਰ ਮਾਰ ਰਿਹਾ ਹੋਵੇ ਪਰ ਬਦਲੇ ਵਿਚ ਉਸ ਨੂੰ ਦਰ ਦਰ ਦੀਆਂ ਠੋਕਰਾਂ ਹੀ ਮਿਲਣ ਤਾਂ ਚੋਰੀਆਂ ਡਾਕੇ ਮਾਰਨ ਤੋਂ ਸਿਵਾ ਜੀਊਣ ਦਾ ਹੋਰ ਕਿਹੜਾ ਸਾਧਨ ਰਹਿ ਜਾਂਦਾ ਹੈ? ਇਹ ਕਹਾਣੀ ਪਾਠਕ ਸਾਹਮਣੇ ਪਹਾੜ ਜਿੱਡਾ ਇਹ ਪ੍ਰਸ਼ਨ ਰਖਦੀ ਹੈ। ਇਥੇ ਇਹ ਤੱਥ ਵੀ ਸਪਸ਼ਟ ਹੈ ਕਿ ਕੋਈ ਵੀ ਮਨੁੱਖ ਬੁਨਿਆਦੀ ਤੌਰ ਤੇ ਭੈੜਾ ਨਹੀਂ ਪਰ ਸਮਾਜ ਦਾ ਭੈੜਾ ਪ੍ਰਬੰਧ ਹੀ ਉਹਨੂੰ ਭੈੜਾ ਬਣਾ ਦਿੰਦਾ ਹੈ। ਐਨਟੋਨੀਓ ਨੂੰ ਕੀ ਜ਼ਰੂਰਤ ਸੀ ਸਾਈਕਲ ਚੁਰਾਉਣ ਦੀ, ਲੋਕਾਂ ਦੀਆਂ ਜੁੱਤੀਆਂ ਖਾ ਕੇ ਜ਼ਲੀਲ ਹੋਣ ਦੀ ਜੇ ਉਸ ਵਿਚ ਸਾਈਕਲ ਖ਼ਰੀਦਣ ਦੀ ਸਮਰਥਾ ਹੁੰਦੀ। 'ਪੰਜਾਬੀ ਦਾ ਸਿਆਸੀ ਥੀਏਟਰ' ਲੇਖ ਵਿਚ ਗੁਰਸ਼ਰਨ ਹੁਰੀਂ ਅਜ ਦੇ ਲੁੱਟ ਅਤੇ ਜਬਰ ਦੇ ਮਾਰ ਹੋਏ ਸਮਾਜ ਨੂੰ ਜਿਉਂ ਦਾ ਤਿਉਂ ਰਹਿਣ ਦੀ ਬਜਾਏ ਕਲਾ ਦੇ ਹਥਿਆਰ ਰਾਹੀਂ ਜੋ ਬਦਲਣ ਦਾ ਸੁਨੇਹਾ ਦਿਤਾ ਹੈ – ਇਹ ਭਾਰਤ ਵਿਚ ਸਮਾਜਕ ਕ੍ਰਾਂਤੀ ਦੇ ਸਮਰਥਕਾਂ ਅਤੇ ਹਮਦਰਦਾਂ ਨੂੰ ਹਰਕਤ ਵਿਚ ਲਿਆਏਗਾ ਅਤੇ ਆਮ ਲੋਕਾਂ ਲਈ ਪ੍ਰੇਰਨਾ ਬਣੇਗਾ।

[ ਗੁਰਬਖ਼ਸ਼ ਜੱਸ

—— ਸਮਤਾ ਦੇ ਜੂਨ, ਜੁਲਾਈ ਅੰਕ ਪੜ੍ਹੇ। ਖੱਬੇ-ਪੱਖੀ ਵਿਚਾਰਾਂ ਦਾ ਉੱਚ-ਪੱਧਰ ਦਾ ਪਰਚਾ ਵੇਖਦੇ ਦਿਲ ਨੂੰ ਧਰਵਾਸ ਹੋਇਆ ਕਿ ਇਹ ਸਰਦਲ ਜਾਂ ਰੋਹਲੇਬਾਣ ਵਾਂਗ ਲੋਕਾਂ ਵਿਚ ਹਰਮਨ ਪਿਆਰਾ ਹੋਵੇਗਾ। ਜੁਲਾਈ ਅੰਕ ਵਿਚ ਗੁਰਸ਼ਰਨ ਜੀ ਦੀ ਸੰਪਾਦਕੀ "ਔਨ" ਡਿਊਟੀ ਉਰਫ਼ ਵਰਦੀ ਦੇ ਹੇਠਾਂ ਨਿਸ਼ਾਨ ਹੁੰਦਾ ਹੈ "ਮਹਾਸ਼ਵੇਤਾ ਨਾਲ ਇੰਟਰ-ਵਿਊ" ਖ਼ਾਸ ਤੌਰ ਤੇ ਪਸੰਦ ਆਏ। ਚੰਗੀਆਂ ਕਿਤਾਬਾਂ ਬਾਰੇ ਰੀਵੀਊ, ਗੀਤਾਂ ਤੇ ਗ਼ਜ਼ਲਾਂ ਦੀ ਘਾਟ ਇਸ ਅੰਕ ਵਿਚ ਰੜਕਦੀ ਰਹੀ।

[ ਨਿਰਪਾਲ ਸਿੰਘ ਰਾਏਕੇ ਕਲਾਂ – ਬਠਿੰਡਾ

# ਸੰਤ ਸਿੰਘ ਸੇਖੋਂ ਦੇ ਸ਼ਹੀਦ ਭਗਤ ਸਿੰਘ ਬਾਰੇ ਅਨਮੋਲ ਬਚਨ

[ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਲੰਡਨੋਂ ਛਪਦੇ ਪੰਜਾਬੀ ਸਪਤਾਹਕ 'ਦੇਸ਼ ਪ੍ਰਦੇਸ' (20 ਜੂਨ 1980) ਨਾਲ ਮੁਲਾਕਾਤ ਵਿਚ ਕਿਹਾ ਸੀ ਕਿ "ਮੈਂ ਭਗਤ ਸਿੰਘ ਤੇ ਊਧਮ ਸਿੰਘ ਨੂੰ ਕੋਈ ਮਹੱਤਵ ਨਹੀਂ ਦਿੰਦਾ...40 ਸਾਲਾਂ ਬਾਅਦ ਉਹਦੀਆਂ ਬਰਸੀਆਂ ਮਨਾਉਣ ਦਾ ਕੀ ਲਾਭ ? ਭਗਤ ਸਿੰਘ ਵਰਗੇ ਹੋਰ ਬਥੇਰੇ ਆਜ਼ਾਦੀ ਦੇ ਘੋਲ ਵਿਚ ਮਰੇ ਸਨ। ਭਗਤ ਸਿੰਘ ਨੂੰ ਚੁੱਕੀ ਜਾਣਾ ਠੀਕ ਨਹੀ...।" ਫੇਰ 'ਦੇਸ ਪ੍ਰਦੇਸ' (4 ਜੁਲਾਈ 1980) ਵਿਚ ਸੰਤ ਸਿੰਘ ਸੇਖੋਂ ਨੇ ਆਪਣੀ ਪਹਿਲੀ ਮੁਲਾਕਾਤ ਬਾਰੇ 'ਸਪਸ਼ਟੀਕਰਣ' ਦਿੱਤਾ। ਅਸੀਂ ਬਿਨਾਂ ਕਿਸੇ ਟਿਪਣੀ ਤੋਂ ਜਨਾਬ ਸੇਖੋਂ ਦੇ ਅਨਮੋਲ ਬਚਨ ਪ੍ਰਕਾਸ਼ਤ ਕਰ ਰਹੇ ਹਾਂ ਤਾਂ ਕਿ ਭਾਰਤੀ ਪੰਜਾਬ ਵਿਚ ਵਸਦੇ ਪੰਜਾਬੀ ਪਾਠਕ ਇਨ੍ਹਾਂ ਤੋਂ ਵਾਂਝੇ ਨਾ ਰਹਿ ਜਾਣ। ਪਾਠਕ ਇਸ ਬਾਰੇ ਆਪਣੀਆਂ ਰਾਵਾਂ ਭੇਜ ਸਕਦੇ ਹਨ। – ਸੰ:]

ਪ੍ਰਿੰ: ਸੰਤ ਸਿੰਘ ਸੇਖੋਂ ਨੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਦੀਆਂ ਕੁਰਬਾਨੀਆਂ ਬਾਰੇ ਜਿਹੜੀ ਨਵੀਂ ਚਰਚਾ ਛੇੜੀ ਹੈ, ਉਸ ਸੰਬੰਧ ਵਿਚ ਇਹ ਸਪੱਸ਼ਟ ਕੀਤਾ ਹੈ ਕਿ ਇਹ ਉਹਨਾਂ ਦੇ ਨਿੱਜੀ ਵਿਚਾਰ ਹਨ ਅਤੇ ਉਹ ਆਪਣੀ ਇਸ ਰਾਏ ਉਤੇ ਪੂਰੀ ਤਰ੍ਹਾਂ ਕਾਇਮ ਹਨ; ਕਿਉਂਕਿ ਭਗਤ ਸਿੰਘ ਜਾਂ ਊਧਮ ਸਿੰਘ ਦੇ ਮਗਰ ਕੋਈ ਲੋਕ ਜੱਥੇਬੰਦੀ ਨਹੀਂ ਸੀ; ਉਹ ਕਿਸੇ ਸੰਗਰਾਮ ਦੀ ਅਗਵਾਈ ਨਹੀਂ ਸਨ ਕਰਦੇ ਤੇ ਉਹਨਾਂ ਦੀਆਂ ਆਤੰਕ-ਵਾਦੀ ਸਰਗਰਮੀਆਂ ਦੀ ਬਦੌਲਤ ਉਹਨਾਂ ਦੀ ਮੌਤ ਅਚਾਨਕ ਵਾਪਰੀਆਂ ਘਟਨਾਵਾਂ ਸਨ, ਇਸ ਲਈ ਉਹ ਇਹਨਾਂ ਨੂੰ ਕੋਈ ਮਹੱਤਵ ਨਹੀਂ ਦਿੰਦੇ।

ਉਹਨਾਂ ਮੰਨਿਆਂ ਕਿ ਕਿਉਂਕਿ ਨੌਜਵਾਨਾਂ ਦੀ ਸੋਚ ਪਰਪੱਕ ਨਹੀਂ ਹੁੰਦੀ ਤੇ ਉਹ ਭਾਵੁਕਤਾ ਦੀ ਲਹਿਰ ਵਿਚ ਵਹਿ ਤੁਰਦੇ ਹਨ, ਇਸ ਲਈ ਕਦੀ ਉਹ ਵੀ ਭਗਤ ਸਿੰਘ ਦੇ ਉਪਾਸ਼ਕ ਹੁੰਦੇ ਸਨ, ਪਰ ਹੁਣ ਉਮਰ ਦੇ ਸੱਤਾਂ ਤੋਂ ਵਧ ਦਹਾਕੇ ਹੰਢਾ ਕੇ ਵੇਖ ਚੁੱਕਣ ਬਾਦ ਉਹਨਾਂ ਨੇ ਸਾਰੀ ਦੁਨੀਆਂ ਵਿਚ ਵਾਪਰੀਆਂ ਘਟਨਾਵਾਂ ਦਾ ਜਾਇਜ਼ਾ ਲਿਆ ਹੈ ਕਿ ਜ਼ਾਰ ਨੂੰ ਕਤਲ ਕਰਕੇ ਸ਼ਹੀਦ ਹੋਣ ਵਾਲੇ ਲੈਨਿਨ ਦੇ ਭਰਾ ਦੀਆਂ ਰੂਸ ਵਿਚ ਬਰਸੀਆਂ ਕਿਉਂ ਨਹੀਂ ਮਨਾਇਆਂ ਜਾਂਦੀਆਂ। ਆਇਰਲੈਂਡ ਜਾਂ ਫਲਸਤੀਨ ਦੇ ਵੱਡੇ-ਵੱਡੇ ਅੰਤਕਵਾਦੀਆਂ ਦੀਆਂ 'ਸ਼ਹੀਦੀਆ' ਨੂੰ ਕਿਉਂ ਨਹੀਂ ਮਹੱਤਾ ਦਿਤੀ ਜਾਂਦੀ।

ਪ੍ਰਿੰ: ਸੰਤ ਸਿੰਘ ਸੇਖੋਂ ਨੇ 'ਦੇਸ ਪ੍ਰਦੇਸ' ਨਾਲ ਟੇਪ-ਰੀਕਾਰਡਰ ਇੰਟਰਵਿਊ ਵਿਚ ਮਾਰਕਸਵਾਦੀ ਸਿਧਾਂਤ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਲੋਕ ਲਹਿਰ ਦੀ ਸਾਰੀ ਧਾਰਾ ਤੋਂ ਲਾਂਭੇ ਹੋ ਕੇ ਕਿਸੇ ਇਕੱਲੇ-ਦੁਕੱਲੇ ਬੰਦੇ ਵਲੋਂ ਕੀਤੀ ਗਈ ਕਿਸੇ ਕਾਰਵਾਈ ਨੂੰ ਕੋਈ ਬਹੁਤ ਵੱਡੀ ਦੇਣ ਨਹੀਂ ਸਮਝਿਆ ਜਾ ਸਕਦਾ। ਤੇ ਉਹ ਨਹੀਂ ਸਮਝਦੇ ਕਿ ਭਗਤ ਸਿੰਘ ਜਾਂ ਊਧਮ ਸਿੰਘ ਦੀਆਂ ਕਾਰਵਾਈਆਂ ਨਾਲ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੋਈ ਬਹੁਤਾ ਹਿੱਸਾ ਪਿਆ ਸੀ।

ਠੀਕ ਹੈ ਕਿ ਭਗਤ ਸਿੰਘ ਹਰਮਨ ਪਿਆਰਾ ਹੈ। ਉਸ ਦੀ ਮਿਸਾਲ ਸਾਡੇ ਹੌਂਸਲੇ ਬੁਲੰਦ ਕਰਨ ਵਿਚ ਸਹਾਈ ਹੁੰਦੀ ਹੈ, ਪਰ ਉਸ ਦੀ ਦੇਣ ਨੂੰ ਅਸੀਂ ਵਧ ਤੋਂ ਵਧ "ਬਹਾਦਰੀ ਦਾ ਕਾਰਨਾਮਾ" ਕਹਿ ਸਕਦੇ ਹਾਂ, ਕਿਉਂਕਿ ਉਸ ਸਮੇਂ ਲੀਡਰਸ਼ਿਪ ਹੀ ਕਾਂਗਰਸ ਦੇ ਹੱਥਾਂ ਵਿਚ ਸੀ ਤੇ ਸਾਰੇ ਅੰਦੋਲਨ ਦੀ ਅਗਵਾਈ ਹੀ ਮਹਾਤਮਾ ਗਾਂਧੀ ਆਪਣੇ ਢੰਗ ਤਰੀਕੇ ਨਾਲ ਕਰ ਰਿਹਾ ਸੀ। ਇਸ ਲਈ ਉਹ ਨਹੀਂ ਸਮਝਦੇ ਕਿ ਇਹਨਾਂ ਕੁਰਬਾਨੀਆਂ ਨੇ ਲੋਕਾਂ ਦੇ ਜੋਸ਼ ਵਿਚ ਕੁਝ ਵਾਧਾ ਕਰਨ ਤੋਂ ਇਲਾਵਾ ਵੀ ਕੋਈ ਵੱਡਾ ਹਿੱਸਾ ਪਾਇਆ ਹੈ।

ਨਾਲ ਹੀ ਸੇਖੋਂ ਹੁਰੀਂ ਇਹ ਵੀ ਮੰਨਦੇ ਹਨ ਕਿ ਨਿਰਾ ਗਾਂਦੀਵਾਦ ਨੂੰ ਹੀ ਦੇਸ਼ ਦੀ ਆਜ਼ਾਦੀ ਦਾ ਕਰੈਡਿਟ ਨਹੀਂ ਮਿਲਣਾ ਚਾਹੀਦਾ ਤੇ ਨਾ ਹੀ ਉਹ ਸਮਝਦੇ ਹਨ ਕਿ ਅੰਗਰੇਜ਼ ਨਿਰਾ ਗਾਂਧੀਵਾਦ ਤੋਂ ਘਬਰਾ ਕੇ ਹਿੰਦੁ-ਸਤਾਨ ਛੱਡ ਗਏ ਸਨ।

ਸੇਖੋਂ ਮੁਤਾਬਿਕ ਕਰਤਾਰ ਸਿੰਘ ਸਰਾਭੇ ਤੇ ਗ਼ਦਰੀ ਬਾਬਿਆਂ ਦਾ ਅੰਦੋਲਨ ਬਿਲਕੁਲ ਅੱਡਰਾ ਸੀ। ਉਹ ਸਮਝਦੇ ਹਨ ਕਿ ਗ਼ਦਰੀ ਬਾਬਿਆਂ ਤੇ ਬੱਬਰ ਅਕਾਲੀਆਂ ਦੀ ਲਹਿਰ ਨੇ ਆਜ਼ਾਦੀ ਦੇ ਸੰਗਰਾਮ ਵਿਚ ਵੱਡਾ ਹਿੱਸਾ ਪਾਇਆ ਸੀ, ਕਿਉਂਕਿ ਉਹ ਸਮੂਹਕ ਲੋਕ ਜੱਥੇਬੰਦੀ ਦੀ ਅਗਵਾਈ ਕਰ ਰਹੇ ਸਨ, ਜਿਸ ਦਾ ਮੂਲ ਨਿਸ਼ਾਨਾਂ ਇਨਕਲਾਬ ਲਿਆ ਕੇ ਅੰਗਰੇਜ਼ਾਂ ਦੇ ਹੱਥੋਂ ਹਕੂਮਤ ਨੂੰ ਖੋਹਣਾ ਸੀ। ਉਹ ਕਿਸੇ ਇਕੱਲੇ-ਦੁਕੱਲੇ ਬੰਦੇ ਦੀ ਆਤੰਕਵਾਦੀ ਕਾਰਵਾਈ ਨਹੀਂ ਸੀ। ਬੇਸ਼ਕ ਉਹਨਾਂ ਦੀ ਸਮੁੱਚੀ ਯੋਜਨਾਂ ਗੈਰ-ਹਕੀਕੀ ਸੀ ਤੇ ਉਸ ਦੇ ਪਿੱਛੇ ਵੀ ਕਾਫੀ ਹਦ ਤੀਕ ਭਾਵੁਕਤਾ ਕੰਮ ਕਰਦੀ ਸੀ, ਇਸ ਲਈ ਉਹ ਵੀ ਹਾਰ ਖਾ ਗਏ ਸਨ। ਪਰ ਕਿਉਂਕਿ ਇਹ ਜੱਥੇਬੰਦਕ ਸੰਗਰਾਮ ਸੀ, ਇਸ ਲਈ ਇਹਦੀ ਦੇਣ ਬਹੁਤ ਵੱਡੀ ਹੈ।

ਸੇਖੋਂ ਨੇ 'ਇਨਕਲਾਬ' ਬਾਰੇ ਆਪਣੀ ਵਿਆਖਿਆ ਨੂੰ ਵੀ ਸਪਸ਼ਟ ਕੀਤਾ ਹੈ, ਕਿ ਉਹ 'ਇਨਕਲਾਬ' ਉਸ ਤਬਦੀਲੀ ਨੂੰ ਮੰਨਦਾ ਹੈ, ਜਿਸ ਵਿਚ ਨਿਜ਼ਾਮ, ਹਕੂਮਤ ਦਾ ਤਖ਼ਤਾ ਉਲਟ ਕੇ ਸਾਰੀ ਰੂਪ-ਰੇਖਾ ਹੀ ਬਦਲ ਦਿਤੀ ਜਾਵੇ। ਉਹਨਾਂ ਕਿਹਾ ਕਿ ਸੁਭਾਸ਼ ਦੀ ਦੇਣ ਬਹੁਤ ਵੱਡੀ ਹੈ।

ਪਰ ਜਦੋਂ ਸੇਖੋਂ ਸਾਹਿਬ ਨੂੰ ਇਹ ਕਿਹਾ ਗਿਆ ਕਿ ਹੋ ਸਕਦਾ ਹੈ ਕਿ ਸੁਭਾਸ਼ ਚੰਦਰ ਵੀ ਭਗਤ ਸਿੰਘ ਦੀ ਕੁਰਬਾਨੀ ਤੋਂ ਉਤਸ਼ਾਹਿਤ ਹੋਇਆ ਹੋਵੇ ਤੇ ਦੁਨੀਆਂ ਦੇ ਆਲੇ-ਦੁਆਲੇ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਵੇਖ ਕੇ ਉਹਨੂੰ ਇਹ ਸੋਚਣ ਉਤੇ ਮਜਬੂਰ ਹੋਣਾ ਪਿਆ ਹੋਵੇ ਕਿ ਆਜ਼ਾਦੀ ਪ੍ਰਾਪਤ ਕਰਨ ਦਾ ਅਸਲ ਰਸਤਾ ਹੀ ਉਹੋ ਹੈ, ਜਿਹੜਾ ਭਗਤ ਸਿੰਘ ਹੁਰਾਂ ਨੇ ਅਪਨਾਇਆ ਹੈ। ਇਸ ਦੇ ਜੁਆਬ ਵਿਚ ਸੇਖੋਂ ਹੁਰਾਂ ਕਿਹਾ, ਕਿ ਉਹ ਨਹੀਂ ਸਮਝਦੇ ਕਿ ਸੁਭਾਸ਼ ਚੰਦਰ ਨੇ ਕਦੀ ਭਗਤ ਸਿੰਘ ਦੀ ਵਿਚਾਰਧਾਰਾ ਦਾ ਸਮਰਥਨ ਕੀਤਾ ਹੈ।

ਸੇਖੋਂ ਹੁਰਾਂ ਮੰਨਿਆਂ ਕਿ ਅਜ਼ਾਦੀ ਦਾ ਸਾਰਾ ਕਰੈਡਿਟ ਮਹਾਤਮਾ ਗਾਂਧੀ ਨੂੰ ਨਹੀਂ ਜਾਣਾ ਚਾਹੀਦਾ। ਬੰਬਈ ਵਿਚ ਗੋਦੀ ਮਜ਼ਦੂਰਾਂ ਦੀ ਹੜਤਾਲ, ਮਿਸ਼ਰ ਵਿਚ ਭਾਰਤੀ ਫੌਜੀਆਂ ਦੀ ਬਗਾਵਤ, ਇੰਡੀਅਨ ਨੈਸ਼ਨਲ ਆਰਮੀ ਦੀਆਂ ਸਰਗਰਮੀਆਂ ਨੂੰ ਦੇਖ ਕੇ ਅੰਗਰੇਜ਼ ਨੂੰ ਕੁਝ ਡਰ ਪੈਦਾ ਹੋ ਗਿਆ ਸੀ ਤੇ ਉਸਨੂੰ ਸਮਝੋਤਾ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ।

ਪਰ ਨਾਲ ਹੀ ਸੇਖੋਂ ਸਾਹਿਬ ਇਸ ਗੱਲ ਉਤੇ ਸਹਿਮਤ ਸਨ ਕਿ ਹੋ ਸਕਦਾ ਹੈ, ਅੰਗਰੇਜ਼ ਦਾ ਉਸ ਸਮੇਂ ਕੋਈ ਸਿਆਸੀ ਪੈਂਤੜਾ ਵੀ ਹੋਵੇ। ਉਸ ਸਮੇਂ ਬਰਤਾਨੀਆਂ ਦੀ ਆਪਣੀ ਅੰਦਰੂਨੀ ਹਾਲਤ ਬਹੁਤ ਮਾੜੀ ਸੀ। ਇਸ ਦੀ ਆਰਥਿਕਤਾ ਕਰੀਬਨ ਕਰੀਬਨ ਤਬਾਹ ਹੋ ਚੁੱਕੀ ਸੀ। ਇਥੋਂ ਦੀ ਆਮ ਜਨਤਾ ਜੰਗ ਤੋਂ ਤੰਗ ਆ ਚੁੱਕੀ ਸੀ, ਤੇ ਇਸ ਤੋਂ ਵੀ ਵਧ ਅੰਤਰਰਾਸ਼ਟਰੀ ਖੇਤਰ ਵਿਚ ਅੰਗਰੇਜ਼ ਦੇ ਆਪਣੇ ਬਹੁਤ ਸਾਰੇ ਨਿਸ਼ਾਨੇ ਪੂਰੇ ਹੋ ਚੁੱਕੇ ਸਨ। ਸੇਖੋਂ ਨੇ ਮੰਨਿਆਂ ਕਿ ਨਿਰੇ ਗਾਂਧੀਵਾਦ ਦੀ ਅੰਗਰੇਜ਼ਾਂ ਦੇ ਦਿਲਾਂ ਉਤੇ ਕੋਈ ਖ਼ਾਸ ਦਹਿਸ਼ਤ ਨਹੀਂ ਸੀ।

ਸੇਖੋਂ ਸਾਹਿਬ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਉਹ ਦੱਸਣ ਕਿ ਦੁਨੀਆਂ ਦੇ ਕਿਸ ਦੇਸ਼ ਵਿਚ ਨਿਰੇ ਗਾਂਧੀਵਾਦ ਦੇ ਆਸਰੇ ਆਜ਼ਾਦੀ ਮਿਲੀ ਹੈ, ਤਾਂ ਉਹਨਾਂ ਨੇ ਉਹਨਾਂ ਦੇਸ਼ਾਂ ਦਾ ਨਾਂ ਲਏ ਬਗ਼ੈਰ ਕਿਹਾ, ਕਿ ਬਹੁਤ ਸਾਰੇ ਦੇਸ਼ ਅਜੇਹੇ ਹਨ ਜਿਥੋਂ ਮਾਮੂਲੀ ਸੰਗਰਾਮ ਪਿਛੋਂ, ਅੰਗਰੇਜ਼ ਤੇ ਫ਼ਰਾਂਸੀਸੀ ਨਿਕਲ ਆਏ ਹਨ।

ਜਦੋਂ ਸੇਖੋਂ ਹੁਰਾਂ ਨੂੰ ਇਹ ਚੇਤੇ ਕਰਵਾਇਆ ਗਿਆ ਕਿ ਇੰਗਲੈਂਡ ਦੀ ਧਰਤੀ ਦੇ ਹਿੰਦੁਸਤਾਨੀ ਗਭਰੂਆਂ ਦੇ ਦਿਲਾਂ ਵਿਚ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਲਈ ਬਹੁਤ ਸਤਿਕਾਰ ਹੈ, ਤੇ ਇਥੋਂ ਦੇ ਨਸਲੀ ਵਿਤਕਰਿਆਂ ਵਿਰੁਧ ਸੰਘਰਸ਼ ਕਰਨ ਲਈ ਉਹਨਾਂ ਨੂੰ ਇਹਨਾਂ ਸ਼ਹੀਦਾਂ ਤੋਂ ਉਤਸ਼ਾਹ ਮਿਲਦਾ ਹੈ, ਤਾਂ ਸੇਖੋਂ ਸਾਹਿਬ ਫਿਰ ਨਿਰੋਲ ਸਿਆਸਤ ਉਤੇ ਉਤਰ ਆਏ। ਉਹਨਾਂ ਕਿਹਾ ਕਿ ਨਸਲੀ ਵਿਤਕਰਿਆਂ ਦੀ ਲੜਾਈ ਵਿਚ ਭਗਤ ਸਿੰਘ ਜਾਂ ਊਧਮ ਸਿੰਘ ਨੂੰ 'ਪ੍ਰਤੀਕ' ਮੰਨਣ ਦਾ ਕੋਈ ਲਾਭ ਨਹੀਂ। ਇਹ ਲੜਾਈ ਲੜਨ ਲਈ ਉਹਨਾਂ ਨੂੰ ਕਮਿਊਨਿਸਟਾਂ ਦੀ ਪਾਰਟੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਪਰ ਜਦੋਂ ਉਹਨਾਂ ਨੂੰ ਇਹ ਦੱਸਿਆ ਗਿਆ ਕਿ ਕਮਿਊਨਿਸਟ ਵੀ ਕਿਸੇ ਮੁਹਿੰਮ ਦਾ ਨੁਕ ਬੰਨ੍ਹਣ ਲਈ ਭਗਤ ਸਿੰਘ ਤੇ ਊਧਮ ਸਿੰਘ ਦਾ ਹੀ ਨਾਂ ਲੈਂਦੇ ਹਨ ਤਾਂ ਸੇਖੋਂ ਸਾਹਿਬ ਨੇ ਕਿਹਾ ਕਿ ਇਹ ਉਸ ਦਿਮਾਗ਼ੀ ਵਾਤਾਵਰਣ ਦਾ ਕਸੂਰ ਹੈ, ਜਿਹੜਾ ਇਥੇ ਪੈਦਾ ਕੀਤਾ ਗਿਆ ਹੈ। ਉਹਨਾਂ ਨੇ ਕਿਹਾ ਕਿ ਉਹਨਾਂ ਤੋਂ ਪਹਿਲਾਂ ਬੇਸ਼ਕ ਇਹ ਗੱਲ ਕਰਨ ਦੀ ਜੁਰਅੱਤ ਕਿਸੇ ਨੇ ਨਹੀਂ ਕੀਤੀ, ਪਰ ਕਿਉਂਕਿ ਉਹਨਾਂ ਦੀ ਸੋਚਣੀ ਬਹੁਤ ਹਕੀਕੀ ਤੇ ਅਮਲੀ ਹੈ, ਇਸ ਲਈ ਜੋ ਗੱਲ ਉਹ ਠੀਕ ਸਮਝਦੇ ਹਨ, ਉਹਨੂੰ ਕਹਿਣ ਤੋਂ ਉਹ ਕਦੀ ਹਿਚ-ਕਚਾਹਟ ਮਹਿਸੂਸ ਨਹੀਂ ਕਰਨਗੇ।

ਜਦੋਂ ਸੇਖੋਂ ਸਾਹਿਬ ਨੂੰ ਕਿਹਾ ਗਿਆ ਕਿ ਉਹ 'ਸ਼ਹੀਦ' ਦੀ ਵਿਆਖਿਆ ਕਰਨ ਤਾਂ ਉਹਨਾਂ ਨੇ ਉਹੋ ਗੱਲ ਦੁਹਰਾਈ ਕਿ ਸ਼ਹੀਦ ਉਹੋ ਹੈ, ਜਿਹਦੇ ਪਿੱਛੇ ਕੋਈ ਲੋਕ-ਜਥੇਬੰਦੀ ਹੈ। ਜਿਸ ਦੀ ਕਿਸੇ ਵਿਚਾਰਧਾਰਾ ਨੂੰ ਲੋਕਾਂ ਨੇ ਅਪਨਾਇਆ ਹੈ ਤੇ ਜਿਸ ਨੇ ਸਿਰਫ਼ ਬਦਲਾ ਲੈਣ ਦੀ ਖ਼ਾਤਰ ਇਕੱਲਿਆਂ-ਦੁਕੱਲਿਆਂ, ਬਾਕੀ ਪ੍ਰਵਾਰ ਵਿੱਚੋਂ ਨਿਖੜ ਕੇ ਕੋਈ ਆਤੰਕਵਾਦੀ ਕਾਰਵਾਈ ਨਹੀਂ ਕੀਤੀ।

ਇਥੇ ਹੀ ਉਹਨਾਂ ਕਿਹਾ ਕਿ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ ਦੀ ਬੜੀ ਵੱਡੀ ਕੁਰਬਾਨੀ ਹੈ, ਪਰ ਇਸ ਦੀ ਇਤਿਹਾਸਕ ਅਹਿਮੀਅਤ ਨਹੀਂ, ਸਿਰਫ਼ ਭਾਵੁਕ ਅਹਿਮੀਅਤ ਹੈ। ਕਲ੍ਹ ਨੂੰ ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ ਉਹ ਨਹੀਂ ਸਮਝਦੇ ਕਿ ਭਗਤ ਸਿੰਘ ਜਾਂ ਊਧਮ ਸਿੰਘ ਦੀਆਂ ਸ਼ਹੀਦੀਆਂ ਨੂੰ ਉਸ ਵਿਚ ਕੋਈ ਅਹਿਮ ਥਾਂ ਮਿਲੇਗੀ। ਉਹਨਾਂ ਕਿਹਾ ਕਿ ਬਾਹਰਲੀ ਦੁਨੀਆਂ ਦੀ ਨਜ਼ਰ ਵਿਚ ਉਹਨਾਂ ਦੀ ਅਹਿਮੀਅਤ ਆਇਰਲੈਂਡ ਜਾਂ ਫ਼ਲਸਤੀਨ ਦੇ ਆਤੰਕਵਾਦੀਆਂ ਤੋਂ ਵਧ ਕੁਝ ਵੀ ਨਹੀਂ। ○